
परस्परोपग्रहो
जीवनाम्



ਛੁਨੇਰਾ ਕੰਪਿਊਟਰਜ਼
ਦਿੱਲੀ ਗੇਟ ਮਾਲੇਰਕੋਟਲਾ
www: jainworld.com

# ਜੈਨ ਕਹਾਣਿਆਂ

## (ਦਾਨ, ਸ਼ੀਲ, ਤੱਪ ਅਤੇ ਭਾਵਨਾ ਕੁਲਕ ਤੇ ਅਧਾਰਿਤ)




ਲੇਖਕ ਅਤੇ ਅਨੁਵਾਦਕ:
ਪੁਰਸ਼ੋਤਮ ਜੈਨ - ਰਵਿੰਦਰ ਜੈਨ

# ਭੂਮਿਕਾ

ਭਾਰਤੀ ਸੰਸਕ੍ਰਿਤੀ ਨੂੰ ਅਸੀਂ ਦੋ ਭਾਗਾਂ ਵਿਚ ਵੰਡ ਸਕਦੇ ਹਨ।

1. ਬ੍ਰਾਹਮਣ ਸੰਸਕ੍ਰਿਤੀ 2. ਸ੍ਰਮਣ ਸੰਸਕ੍ਰਿਤੀ

## ਬ੍ਰਾਹਮਣ ਸੰਸਕ੍ਰਿਤੀ:

ਬ੍ਰਾਹਮਣ ਜਾਂ ਵੇਦਿਕ ਸੰਸਕ੍ਰਿਤੀ ਦਾ ਅਧਾਰ ਵੇਦ, ਉਪਨਿਸ਼ਧ, ਧਰਮ ਸ਼ਾਸਤਰ, ਪੂਰਾਣ, ਮਹਾਂਭਾਰਤ ਅਤੇ ਰਮਾਇਣ ਆਦਿ ਗ੍ਰੰਥ ਹਨ ਜੋ ਅੱਜ ਕਲ ਹਿੰਦੂ ਜਾਂ ਸਨਾਤਨ ਧਰਮ ਦਾ ਅੰਗ ਹਨ। ਬ੍ਰਾਹਮਣ ਸੰਸਕ੍ਰਿਤੀ ਵਿਚ ਗ੍ਰਹਿਸਥੀ ਧਰਮ ਨੂੰ ਮਹਾਨਤਾ ਦਿੱਤੀ ਗਈ ਹੈ ਅਤੇ ਵੇਦਾ ਵਿਚ ਜੀਵਨ ਦਾ ਉਦੇਸ਼ ਸਵੱਰਗ ਪ੍ਰਾਪਤੀ ਹੈ, ਮਨੁਸਮ੍ਰਿਤੀ ਵਿੱਚ ਆਖਿਆ ਗਿਆ ਹੈ, "ਅਗਨੀ ਹੋਤਰ ਯੱਗ ਆਦਿ ਕਰਨ ਵਾਲਾ ਗ੍ਰਹਿਸਥ ਸਰੇਸ਼ਟ ਹੈ" ਵੇਦਿਕ ਸੰਸਕ੍ਰਿਤੀ ਵਿੱਚ ਜਾਤ - ਪਾਤ, ਛੂਆ ਛੂਤ, ਪਸ਼ੂ ਬਲੀ ਆਦਿ ਕ੍ਰਿਆ ਕਾਂਡਾ ਦੀ ਪ੍ਰਧਾਨਤਾ ਹੈ।

## ਸ੍ਰਮਣ ਸੰਸਕ੍ਰਿਤੀ:

ਸ੍ਰਮਣ ਸੰਸਕ੍ਰਿਤੀ ਵਿਚ ਸਾਧੂ (ਸ੍ਰਮਣ) ਜੀਵਨ ਦੀ ਮਹਾਨਤਾ ਨੂੰ ਉੱਚਾ ਮੰਨਿਆ ਗਿਆ ਹੈ। ਸ੍ਰਮਣ ਸੰਸਕ੍ਰਿਤੀ ਜਾਤ - ਪਾਤ, ਛੂਆ - ਛੂਤ, ਵੇਦ ਅਤੇ ਬ੍ਰਾਹਮਣ ਕ੍ਰਿਆਕਾਂਡਾਂ ਨੂੰ ਨਾ ਮੰਨਣ ਵਾਲੀ ਧਰਮ ਪ੍ਰੰਪਰਾ ਹੈ।

ਕਈ ਖੋਜੀਆਂ ਦਾ ਮੱਤ ਹੈ ਕਿ ਸ੍ਰਮਣ ਸੰਸਕ੍ਰਿਤੀ ਦੇ ਸੰਪਰਕ ਵਿਚ ਆਉਣ ਤੋਂ ਪਹਿਲਾਂ ਬ੍ਰਾਹਮਣ ਸੰਸਕ੍ਰਿਤੀ ਵਿਚ ਦੋ ਆਸ਼ਰਮ (ਬ੍ਰਹਮਚਰਜ ਤੇ ਗ੍ਰਹਿਸਥ) ਹੀ ਸਨ। ਜਦੋਂ ਸ਼੍ਰਮਣ ਸੰਸਕ੍ਰਿਤੀ ਦਾ ਪ੍ਰਭਾਵ ਚੰਹੁ ਪਾਸੇ ਫੈਲਿਆ, ਤਾਂ ਵਾਨਪ੍ਰਸਥ ਤੇ ਸਨਿਆਸ ਆਸ਼ਰਮ ਵੀ ਹਿੰਦੂ (ਬ੍ਰਾਹਮਣ) ਧਰਮ ਅੰਗ ਬਣ ਗਏ।

ਸ਼੍ਰਮਣ ਸੰਸਕ੍ਰਿਤੀ ਵਿੱਚ ਆਦਿ ਕਾਲ ਤੋਂ ਹੀ ਸ਼੍ਰਮਣਾਂ ਦਾ ਮਹੱਤਵ ਰਿਹਾ ਹੈ। ਇੱਥੇ ਜੀਵਨ ਨੂੰ ਕਿਸੇ ਆਸ਼ਰਮ ਵਿਚ ਨਹੀਂ ਰੱਖਿਆ ਗਿਆ। ਹਾਂ ਜੇ ਕੋਈ ਮਨੁੱਖ ਸਾਧੂ ਨਹੀਂ ਬਣ ਸਕਦਾ ਤਾਂ ਉਹ ਗ੍ਰਹਿਸਥ ਦੇ 12 ਵਰਤ ਅੰਗੀਕਾਰ ਕਰਕੇ ਘਰ ਵਿਚ ਸਾਧਨਾ ਕਰ ਸਕਦਾ ਹੈ। ਪਰ ਮਹੱਤਵ ਸ਼੍ਰਮਣ ਸੰਸਕ੍ਰਿਤੀ ਵਿਚ ਸਨਿਆਸ ਦਾ ਹੀ ਹੈ। ਕਿਉਂਕਿ ਗ੍ਰਹਿਸਥ ਇਨ੍ਹਾਂ ਵਰਤਾਂ ਨੂੰ ਸਵੀਕਾਰ ਕਰਦੇ ਆਖਦਾ ਹੈ। ਇਸ ਪੱਖੋਂ ਜੈਨ ਧਰਮ ਵਿੱਚ ਮੁਨੀ ਨੂੰ ਉੱਚਾ ਸਥਾਨ ਦਿਤਾ ਗਿਆ ਹੈ। ਜੈਨ ਧਰਮ ਵਿਚ ਸ਼੍ਰਮਣ ਬਣਨ ਦਾ ਉਦੇਸ਼ ਹੈ "ਵਿਭਾਵ (ਗਲਤ ਰਾਹ) ਤੋਂ ਹਟ ਕੇ ਸੁਭਾਵ ਵਿਚ ਘੁੰਮਣਾ ਹੈ, ਪ੍ਰਦਰਸ਼ਨ ਨਹੀਂ ਹੈ, ਆਤਮ ਦਰਸ਼ਨ ਹੈ, ਇਸੇ ਕਾਰਨ ਸ਼੍ਰਮਣ ਸ਼ਰਧਾ ਨਾਲ ਦੀਖਿਆ ਧਾਰਨ ਕਰਦਾ ਹੈ।

## ਜੈਨ ਆਗਮ:

ਜੈਨ ਆਗਮਾ ਵਿਚ 11 ਅੰਗ, 12 ਉਪਾਗ, 6 ਛੇਦ, ਚਾਰ ਮੂਲ, ਦਸ ਪ੍ਰਕਿਣਕ ਆਦਿ 45 ਆਗਮ:[1] ਹਨ। ਜੋ ਸਰਵਗ ਅੰਤਿਮ ਤੀਰਥੰਕਰ ਸ਼੍ਰਮਣ ਭਗਵਾਨ ਮਹਾਵੀਰ ਨੇ ਉਸ ਸਮੇਂ ਦੀ ਲੋਕ ਭਾਸ਼ਾ ਅਰਧ ਮਾਗਧੀ ਪ੍ਰਾਕ੍ਰਤ ਵਿਚ ਫਰਮਾਏ। ਇਨ੍ਹਾਂ ਉਪਦੇਸ਼ਾਂ ਨੂੰ ਭਗਵਾਨ ਮਹਾਵੀਰ ਦੇ ਪ੍ਰਮੁੱਖ ਗੋਤਮ ਆਦਿ 11 ਗਨਧਰਾਂ (ਪ੍ਰਮੁੱਖ) ਚੇਲਿਆ ਨੇ ਇੱਕਠਾ ਕੀਤਾ। ਪਰ ਅੱਜ ਕਲ ਪੰਜਵੇਂ ਗਨਧਰ ਸੁਧਰਮਾ ਸਵਾਮੀ ਦੀ ਆਗਮ ਵਾਚਨਾ ਹੀ ਪ੍ਰਾਪਤ ਹੈ।

ਗਨਧਰਾਂ ਦੇ ਬਣਾਏ ਹੋਏ, ਪ੍ਰਤੇਕ ਬੁੱਧ ਮੁਨੀਆਂ ਦੇ ਰਚੇ, ਸ਼ਰੁਤ (ਗਿਆਨ) ਕੇਵਲੀ ਅਤੇ 14 ਪੂਰਵਾਂ ਦੇ ਜਾਣਕਾਰ ਆਚਾਰਿਆ ਦੇ ਗ੍ਰਥ ਵੀ ਆਗਮ ਅਖਵਾਉਂਦੇ ਹਨ।

ਜੈਨ ਆਗਮ ਵਿੱਚ ਮੋਕਸ਼ ਪ੍ਰਾਪਤੀ ਲਈ ਭਿੰਨ - ਭਿੰਨ ਢੰਗ ਦੱਸੇ ਗਏ ਹਨ। ਇਨ੍ਹਾਂ ਵਿੱਚੋਂ ਚਾਰ ਸਿਧਾਂਤ ਬਹੁਤ ਹੀ ਪ੍ਰਮੁੱਖ ਹਨ ਉਹ ਇਹ ਹਨ:-

1. ਦਾਨ, 2. ਸ਼ੀਲ, 3. ਤੱਪ, 4. ਭਾਵਨਾ

ਭਾਵੇਂ ਹਰ ਧਰਮ ਵਿੱਚ ਇਨ੍ਹਾਂ ਸਿਧਾਂਤਾ ਨੂੰ ਮੰਨਿਆ ਗਿਆ ਹੈ ਅਤੇ ਹਰ ਧਰਮ ਦੇ ਮੰਨਣ ਵਾਲੇ ਇਨ੍ਹਾਂ ਸਿਧਾਂਤਾ ਤੇ ਚੱਲਦੇ ਹਨ। ਪਰ ਜੈਨ ਧਰਮ ਵਿੱਚ ਇਹ ਚਾਰੇ ਸਿਧਾਂਤ ਮੋਕਸ਼ ਪ੍ਰਾਪਤੀ ਦਾ ਮੁੱਖ ਕਾਰਨ ਹਨ। ਮੋਕਸ਼ ਪ੍ਰਾਪਤੀ ਜੀਵਨ ਦਾ ਪਹਿਲਾ ਤੇ ਆਖਰੀ ਉੱਦੇਸ਼ ਹੈ। ਅੰਨਤ ਕਾਲ ਤੋਂ ਇਹ ਆਤਮਾ ਜਨਮ ਮਰਨ ਦੇ ਚੱਕਰ ਵਿੱਚ ਭਿੰਨ ਭਿੰਨ ਜਨਮਾਂ ਵਿੱਚ ਭਟਕ ਰਹੀ ਹੈ। ਹਰ ਜਨਮ ਵਿੱਚ ਰਾਗ ਦਵੇਸ਼ ਜੋ ਕਿ ਕਰਮ ਦੇ ਬੀਜ ਹਨ ਅਤੇ ਚਾਰ ਕਸ਼ਾਏ ਕਰੋਧ, ਮਾਨ, ਮਾਇਆ ਅਤੇ ਲੋਭ ਕਰਮ ਬੰਧਨ ਦਾ ਕਾਰਨ ਹਨ। ਇਨ੍ਹਾਂ ਕਾਰਨ ਹੀ ਜੀਵ ਅੱਠ ਪ੍ਰਕਾਰ ਦੇ ਕਰਮ ਬੰਧਨਾ ਵਿੱਚ ਜਕੜਿਆ ਹੈ। ਜਦ ਜੀਵ ਇਨ੍ਹਾਂ ਅੱਠ ਪ੍ਰਕਾਰ ਦੇ ਕਰਮਾ ਨੂੰ ਤੋੜ ਕੇ ਜਨਮ ਮਰਨ ਦੇ ਬੰਧਨ ਤੋਂ ਮੁਕਤ ਹੋ ਜਾਂਦਾ ਹੈ ਤਾਂ ਜੈਨ ਪਰਿਭਾਸ਼ਾ ਵਿੱਚ ਉਸ ਨੂੰ ਸਰਵਗ, ਜਿਨ, ਕੇਵਲੀ, ਅਰਿਹੰਤ ਆਖਦੇ ਹਨ। ਅਰਿਹੰਤ ਹੀ ਨਿਰਵਾਨ ਪ੍ਰਾਪਤ ਕਰਕੇ ਸਿੱਧ ਸ਼ਿਲਾ ਨੂੰ ਪ੍ਰਾਪਤ ਹੁੰਦਾ ਹੈ। ਜੈਨ ਧਰਮ ਅਨੁਸਾਰ ਜੀਵ ਦੀ ਕਰਮ ਮੁਕਤ ਆਤਮ ਅਵਸਥਾ ਹੀ ਪ੍ਰਮਾਤਮਾ ਹੈ। ਇਹ ਪ੍ਰਮਾਤਮਾ ਨਿਰਾਕਾਰ, ਰੂਪ, ਵਰਨ, ਗੰਧ, ਰਸ, ਸਪਰਸ਼ ਤੋਂ ਰਹਿਤ ਹੈ ਅਤੇ ਗੁਣਾਂ ਪੱਖੋਂ ਇੱਕ ਹੈ ਪਰ ਸੰਖਿਆ ਪੱਖੋਂ ਸਿੱਧਾਂ ਦੀ ਕੋਈ ਗਿਣਤੀ ਨਹੀਂ। ਜੈਨ ਧਰਮ ਚਾਰ ਗਤੀਆਂ ਨੂੰ ਪ੍ਰਮੁੱਖ ਮੰਨਦਾ ਹੈ। ਇਹ ਗਤੀਆਂ ਹਨ: ਮਨੁੱਖ ਗਤੀ, ਪਸ਼ੂ ਗਤੀ, ਦੇਵ ਗਤੀ ਅਤੇ ਨਰਕ ਗਤੀ। ਸਾਰੇ ਜੀਵ ਇਨ੍ਹਾਂ ਚਾਰ ਗਤੀਆਂ ਵਿੱਚ ਅਨੰਤ ਕਾਲ ਤੋਂ ਘੁੰਮ ਰਹੇ

ਹਨ ਜੋ ਇਨ੍ਹਾਂ ਗਤੀਆਂ ਦੇ ਬੰਧਨਾ ਤੋਂ ਮੁਕਤ ਹੋ ਜਾਂਦਾ ਹੈ ਉਹ ਜੀਵ ਹੀ ਸਿੱਧ ਅਖਵਾਉਂਦਾ ਹੈ।

ਜੈਨ ਧਰਮ ਵਿੱਚ ਕਰਮ ਬੰਧਨ ਦੇ ਪੰਜ ਕਾਰਨ ਹਨ:

1. ਮਿੱਥਿਆਤਵ (ਗਲਤ ਧਾਰਮਿਕ ਵਿਸ਼ਵਾਸ)
2. ਅਵਰਿਤੀ (ਵਰਤਾਂ ਦਾ ਪਾਲਣ ਨਾ ਕਰਨਾ)
3. ਪ੍ਰਮਾਦ (ਅਣਗਹਿਲੀ)
4. ਕਸ਼ਾਏ (ਕਰੋਧ, ਮਾਨ, ਮਾਇਆ, ਲੋਭ)
5. ਯੋਗ (ਮਨ, ਵਚਨ ਅਤੇ ਸਰੀਰ ਦਾ ਮੇਲ)

ਕਰਮ ਬੰਧਨ ਚਾਰ ਪ੍ਰਕਾਰ ਦਾ ਹੈ:

1. ਪ੍ਰਾਕ੍ਰਿਤੀ ਬੰਧ (ਸੁਭਾਵ)
2. ਸਥਿਤੀ ਬੰਧ (ਕਾਲ)
3. ਅਨੁਭਾਵ ਬੰਧ (ਰਸ)
4. ਪ੍ਰਦੇਸ਼ ਬੰਧ (ਕਰਮਾ ਦੇ ਪੁਦਗਲ - ਪ੍ਰਮਾਣੂ)

**ਜੈਨ ਧਰਮ ਅਨੁਸਾਰ ਕਰਮ ਦੇ ਅੱਠ ਪ੍ਰਮੁੱਖ ਭੇਦ ਹਨ।**

1. ਗਿਆਨਾ ਵਰਨੀਆ : ਅਗਿਆਨ ਦਾ ਕਾਰਨ ਕਰਮ, ਜਿਸ ਕਾਰਨ ਗਿਆਨ ਤੇ ਪਰਦਾ ਪੈ ਜਾਂਦਾ ਹੈ। ਇਹ ਕਰਮ ਦੇ ਕਾਰਨ ਆਤਮਾ ਦੇ ਗਿਆਨ ਦਰਸ਼ਨ ਸੁਭਾਵਿਕ ਗੁਣ ਢਕੇ ਜਾਂਦੇ ਹਨ। ਇਹ ਕਰਮ ਦੀ ਸਥਿਤੀ ਘੱਟੋ ਘੱਟ ਮਹੂਰਤ ਤੋਂ ਘੱਟ ਤੇ ਜਿਆਦਾ ਤੋਂ

ਜਿਆਦਾ 30 X 30 ਕਰੋੜ ਸਾਗਰੋਪਮ ਹੈ। ਇਸ ਦੀ ਉਦਾਰਹਰਨ ਅੱਖ ਤੇ ਪੱਟੀ ਲਗਾਉਣ ਦੀ ਤਰ੍ਹਾਂ ਹੈ।

2. **ਦਰਸ਼ਨਾ ਵਰਨੀਆ** : ਪਦਾਰਥਾਂ ਦੇ ਆਕਾਰ ਤੋਂ ਛੁੱਟ ਅਰਥਾ ਦੀ ਵਿਸ਼ੇਸਤਾ ਨੂੰ ਗ੍ਰਹਿਣ ਕੀਤੇ ਬਿਨਾ ਕੇਵਲ ਆਮ ਦਾ ਗ੍ਰਹਿਣ ਕਰਨਾ ਦਰਸ਼ਨ ਹੈ, ਜੋ ਕਰਮ ਅਜਿਹੇ ਦਰਸ਼ਨ ਨੂੰ ਢਕਦਾ ਹੈ ਉਹ ਦਰਸ਼ਨਾ ਵਰਨੀਆ ਅਖਵਾਉਂਦਾ ਹੈ। ਇਹ ਕਰਮ ਦੀ ਸਥਿਤੀ ਘੱਟੋ ਘੱਟ ਮਹੂਰਤ ਤੋਂ ਘੱਟ ਤੇ ਜਿਆਦਾ ਤੋਂ ਜਿਆਦਾ 30 X 30 ਕਰੋੜ ਸਾਗਰੋਪਮ ਹੈ। ਇਸ ਦੀ ਉਦਾਹਰਨ ਰਾਜਾ ਦੇ ਦਵਾਰਪਾਲ ਦੀ ਤਰ੍ਹਾਂ ਹੈ।
3. **ਵੇਦਨੀਆ** : ਸਰੀਰਕ ਸੁੱਖ ਦੁੱਖ ਦੇਣ ਦਾ ਕਾਰਨ ਕਰਮ ਹੈ। ਇਸ ਦੀ ਤੁਲਨਾ ਸ਼ਹਿਦ ਨਾਲ ਲਿਬੜੀ ਤਲਵਾਰ ਨਾਲ ਕੀਤੀ ਗਈ ਹੈ। ਇਹ ਕਰਮ ਦੀ ਸਥਿਤੀ ਘੱਟੋ ਘੱਟ ਮਹੂਰਤ ਤੋਂ ਘੱਟ ਤੇ ਜਿਆਦਾ ਤੋਂ ਜਿਆਦਾ 30 X 30 ਕਰੋੜ ਸਾਗਰੋਪਮ ਹੈ।
4. **ਮੋਹਨੀਆ** : ਜੋ ਕਰਮ ਮੂਰਖਤਾ ਉੱਤਪਨ ਕਰੇ, ਇਹ ਕਰਮ ਅਪਣੇ ਅਤੇ ਪਰਾਏ ਦਾ ਵਿਵੇਕ ਅਤੇ ਨਿਜ ਸਰੂਪ ਦੇ ਸਿਮਰਣ ਵਿੱਚ ਰੁਕਾਵਟ ਪਹੁੰਚਾਉਂਦਾ ਹੈ। ਇਸ ਕਰਮ ਦੀ ਤੁਲਨਾ ਸ਼ਰਾਬ ਨਾਲ ਕੀਤੀ ਗਈ ਹੈ। ਮੋਹਨੀਆਂ ਕਰਮ ਦੇ ਦੋ ਭੇਦ ਹਨ ਦਰਸ਼ਨਾ ਮੋਹਨੀ ਕਰਮ ਅਤੇ ਚਰਿੱਤਰ ਮੋਹਨੀਆਂ ਕਰਮ। ਦਰਸ਼ਨ ਮੋਹਨੀਆਂ ਕਰਮ ਦੀ ਸਥਿਤੀ ਘੱਟੋ ਘੱਟ ਮਹੂਰਤ ਤੋਂ ਘੱਟ ਤੇ ਜਿਆਦਾ ਤੋਂ ਜਿਆਦਾ 70 X 70 ਕਰੋੜ ਸਾਗਰੋਪਮ ਹੈ। ਚਰਿੱਤਰ ਮੋਹਨੀਆਂ ਦੀ ਸਥਿਤੀ

ਘੱਟੋ ਘੱਟ ਮਹੂਰਤ ਤੋਂ ਘੱਟ ਤੇ ਜਿਆਦਾ ਤੋਂ ਜਿਆਦਾ 40 X 40 ਕਰੋੜ ਸਾਗਰੋਪਮ ਹੈ।

5. **ਆਯੂਸ** : ਭਿੰਨ ਭਿੰਨ ਗਤੀਆਂ ਵਿੱਚ ਉਮਰ ਤਹਿ ਕਰਨ ਵਾਲਾ ਕਰਮ। ਇਸ ਦੀ ਤੁਲਨਾ ਜੇਲ੍ਹ ਖਾਨੇ ਨਾਲ ਕੀਤੀ ਗਈ ਹੈ। ਇਹ ਕਰਮ ਦੀ ਸਥਿਤੀ ਘੱਟੋ ਘੱਟ ਮਹੂਰਤ ਤੋਂ ਘੱਟ ਤੇ ਜਿਆਦਾ ਤੋਂ ਜ਼ਿਆਦਾ 33 X 33 ਕਰੋੜ ਸਾਗਰੋਪਮ ਹੈ।

6. ਨਾਮ : ਜੋ ਕਰਮ ਜੀਵ ਦੀ ਗਤੀ ਆਦਿ ਪਦਾਰਥਾਂ ਨੂੰ ਅਨੁਭਵ ਕਰਨ ਵਿੱਚ ਰੁਕਾਵਟ ਬਣੇ ਉਹ ਨਾਮ ਕਰਮ ਹੈ। ਇਸ ਕਰਮ ਦੀ ਤੁਲਨਾ ਚਿੱਤਰਕਾਰ ਨਾਲ ਕੀਤੀ ਗਈ ਹੈ। ਇਹ ਕਰਮ ਦੀ ਸਥਿਤੀ ਘੱਟੋ ਘੱਟ 8 ਮਹੂਰਤ ਤੇ ਜਿਆਦਾ ਤੋਂ ਜਿਆਦਾ 20 X 20 ਕਰੋੜ ਸਾਗਰੋਪਮ ਹੈ।

7. ਗੋਤਰ : ਚੰਗੇ ਜਾਂ ਮਾੜੇ ਜਨਮਾਂ ਵਿੱਚ ਉਤਪਨ ਕਰਨ ਵਾਲਾ ਕਰਮ ਗੋਤਰ ਕਰਮ ਹੈ। ਇਸ ਦੀ ਤੁਲਨਾ ਘੁਮਾਰ ਨਾਲ ਕੀਤੀ ਗਈ ਹੈ। ਇਹ ਕਰਮ ਦੀ ਸਥਿਤੀ ਘੱਟੋ ਘੱਟ 8 ਮਹੂਰਤ ਤੇ ਜਿਆਦਾ ਤੋਂ ਜਿਆਦਾ 20 X 20 ਕਰੋੜ ਸਾਗਰੋਪਮ ਹੈ।

8. **ਅੰਤਰਾਏ** : ਜੋ ਕਰਮ ਕ੍ਰਿਆ, ਲਭਦੀ, ਭੋਗ ਅਤੇ ਬਲ ਪ੍ਰਗਟ ਕਰਨ ਵਿੱਚ ਰੁਕਾਵਟ ਬਣੇ ਉਹ ਅੰਤਰਾਏ ਕਰਮ ਹੈ। ਇਸ ਦੀ ਤੁਲਨਾ ਰਾਜੇ ਦੇ ਭੰਡਾਰੇ ਨਾਲ ਕੀਤੀ ਗਈ ਹੈ।ਇਹ ਕਰਮ ਦੀ ਸਥਿਤੀ ਘੱਟੋ ਘੱਟ ਮਹੂਰਤ ਤੋਂ ਘੱਟ ਤੇ ਜਿਆਦਾ ਤੋਂ ਜਿਆਦਾ 30 X 30 ਕਰੋੜ ਸਾਗਰੋਪਮ ਹੈ।

ਤੱਤਵਾਰਥ ਸੂਤਰ ਅਨੁਸਾਰ ਸਹੀ ਗਿਆਨ, ਸਹੀ ਵਿਸ਼ਵਾਸ ਅਤੇ ਸਹੀ ਆਚਰਨ ਹੀ ਮੋਕਸ਼ ਦਾ ਕਾਰਨ ਦੱਸਿਆ ਗਿਆ ਹੈ। ਇਸੇ ਕਰਕੇ ਗਿਆਨ ਦਾ ਬਹੁਤ ਮਹੱਤਵ ਹੈ।

ਜੈਨ ਧਰਮ ਅਨੁਸਾਰ ਗਿਆਨ ਪੰਜ ਪ੍ਰਕਾਰ ਦੇ ਹਨ:

1. ਮਤੀ ਗਿਆਨ : ਪੰਜ ਇੰਦਰੀਆਂ ਅਤੇ ਮਨ ਦੀ ਸਹਾਇਤਾ ਨਾਲ ਹੋਣ ਵਾਲਾ ਗਿਆਨ ਮਤੀ ਗਿਆਨ ਹੁੰਦਾ ਹੈ।
2. ਸ਼ਰੂਤ ਗਿਆਨ : ਜੋ ਗਿਆਨ ਗਿਆਨੀ ਪੁਰਸ਼ਾਂ ਰਾਹੀਂ ਸ਼ਾਸਤਰਾਂ ਵਿੱਚ ਇੱਕਠਾ ਕੀਤਾ ਗਿਆ ਹੈ, ਉਹ ਸ਼ਰੂਤ ਗਿਆਨ ਹੈ। ਇਹ ਗਿਆਨ ਵੀ ਇੰਦਰੀਆਂ ਤੇ ਮਨ ਦੀ ਸਹਾਇਤਾ ਨਾਲ ਹੁੰਦਾ ਹੈ।
3. ਅਵੱਧੀ ਗਿਆਨ : ਇਸ ਗਿਆਨ ਦਾ ਵਿਸ਼ਾ ਰੂਪੀ (ਸ਼ਕਲ ਵਾਲੇ ਪਦਾਰਥ) ਹਨ। ਉਹਨਾਂ ਪਦਾਰਥਾਂ ਦਾ ਕਿਸੇ ਸੀਮਾ ਤੱਕ ਗਿਆਨ ਅਵੱਧੀ ਗਿਆਨ ਹੈ।
4. ਮਨ ਪ੍ਰਯਵਭ ਗਿਆਨ : ਮਨੁੱਖ ਦੇ ਮਨ ਵਿੱਚ ਸੋਚੇ ਅਰਥ ਨੂੰ ਪ੍ਰਗਟ ਕਰਨ ਵਾਲਾ ਗਿਆਨ ਮਨ ਪ੍ਰਯਵਭ ਗਿਆਨ ਹੈ। ਇਸ ਗਿਆਨ ਦੀ ਸੀਮਾ ਮਨੁੱਖ ਖੇਤਰ ਤੱਕ ਸੀਮਤ ਹੈ।
5. ਕੇਵਲ ਗਿਆਨ : ਇਹ ਗਿਆਨ ਮਨ ਅਤੇ ਇੰਦਰੀਆਂ ਦੀ ਸਹਾਇਤਾ ਤੋਂ ਬਿਨਾਂ ਪ੍ਰਾਪਤ ਹੁੰਦਾ ਹੈ। ਜਦ ਚਾਰੇ ਗਿਆਨ ਖਤਮ ਹੋ ਕੇ ਇੱਕ ਹੋ ਜਾਂਦੇ ਹਨ। ਉਸ ਹਾਲਤ ਵਿੱਚ ਕੇਵਲ ਗਿਆਨ ਪੈਦਾ ਹੁੰਦਾ ਹੈ। ਜਦ ਕੇਵਲ ਗਿਆਨ ਪੈਦਾ ਹੁੰਦਾ ਹੈ ਤਾਂ ਉਸ ਦੇ ਨਾਲ

ਕੇਵਲ ਦਰਸ਼ਨ ਵੀ ਪੈਦਾ ਹੁੰਦਾ ਹੈ। ਸੰਸਾਰ ਦੇ ਸਾਰੇ ਜੀਵਾਂ ਦੇ ਭੂਤ, ਵਰਤਮਾਨ ਅਤੇ ਭੱਵਿਖ ਨੂੰ ਕੇਵਲ ਗਿਆਨੀ ਜਾਣਦਾ ਹੈ ਤੇ ਵੇਖਦਾ ਹੈ। ਅਜਿਹਾ ਕੋਈ ਵਿਸ਼ਾ ਨਹੀਂ ਜੋ ਕੇਵਲ ਗਿਆਨੀ ਤੋਂ ਅਨਛੋਹਿਆ ਹੋਵੇ। ਕੇਵਲ ਗਿਆਨ ਪ੍ਰਾਪਤ ਹੋਣ ਸਾਰ ਹੀ ਜੀਵ ਪਹਿਲੇ ਚਾਰ ਘਾਤੀ ਕਰਮਾਂ (ਮੋਹਨੀਆਂ, ਗਿਆਨਾ ਵਰਨੀ, ਦਰਸਨਾਂ ਵਰਨੀ ਅਤੇ ਅੰਤਰਾਏ) ਦਾ ਬਿਲਕੁਲ ਨਾਸ਼ ਕਰ ਦਿੰਦਾ ਹੈ। ਬਾਕੀ ਚਾਰ ਕਰਮਾਂ ਦੇ ਬੰਧਨ ਮੋਕਸ਼ ਵਿੱਚ ਜਾਣ ਤੋਂ ਪਹਿਲਾਂ ਜੀਵਨ ਦੇ ਅੰਤਮ ਸਮੇਂ ਵਿੱਚ ਟੁੱਟ ਜਾਂਦਾ ਹੈ ਅਤੇ ਬਕਾਇਆ ਕਰਮ ਭੋਗ ਕੇ ਜੀਵ ਸਿੱਧ ਬੁੱਧ ਤੇ ਮੁਕਤ ਅਵਸਥਾ ਨੂੰ ਪ੍ਰਾਪਤ ਹੋ ਜਾਂਦਾ ਹੈ। ਕੇਵਲ ਗਿਆਨ ਅਵਸਥਾ ਨੂੰ ਅਰਿਹੰਤ, ਜਿੰਨ, ਸਰਵਗ, ਸਰਵਦਰਸ਼ੀ ਆਦਿ ਪਵਿੱਤਰ ਸ਼ਬਦਾਂ ਨਾਲ ਪੁਕਾਰਿਆ ਗਿਆ ਹੈ। ਕੇਵਲ ਗਿਆਨੀਆਂ ਦੇ ਦੋ ਭੇਦ ਹਨ। ਤੀਰਥੰਕਰ ਕੇਵਲੀ ਅਤੇ ਆਮ ਕੇਵਲੀ। ਤੀਰਥੰਕਰ ਦੀ ਮਾਤਾ ਤੀਰਥੰਕਰ ਦੇ ਜਨਮ ਤੋਂ ਪਹਿਲਾਂ 14 (ਦਿਗੰਬਰ ਪ੍ਰੰਪਰਾ ਅਨੁਸਾਰ 16) ਸੁਪਨੇ ਵੇਖਦੀ ਹੈ। ਮਾਤਾ ਦੇ ਗਰਭ ਵਿੱਚ ਤੀਰਥੰਕਰ ਤਿੰਨ ਗਿਆਨ (ਮਤੀ, ਸ਼ਰੂਤ ਅਤੇ ਅਵੱਧੀ) ਦੇ ਧਾਰਕ ਹੁੰਦੇ ਹਨ। ਦੀਖਿਆ ਧਾਰਨ ਕਰਨ ਸਮੇਂ ਤੀਰਥੰਕਰ ਚੌਥਾ ਮਨਪ੍ਰਯਭਵ ਗਿਆਨ ਪ੍ਰਾਪਤ ਹੋ ਜਾਂਦਾ ਹੈ। ਤੀਰਥੰਕਰ ਕੇਵਲੀ ਇੱਕ ਸਮੇਂ ਵਿੱਚ 24 ਹੀ ਹੁੰਦੇ ਹਨ। ਉਹਨਾਂ ਦੇ 34 ਅਤਿਸ਼ੈ ਅਤੇ 8 ਪ੍ਰਤੀਹਾਰੇ ਹੁੰਦੇ ਹਨ। ਪੰਜ ਕਲਿਆਣਕ ਹੁੰਦੇ ਹਨ। ਸਵਰਗ ਦੇ ਦੇਵਤੇ ਹਰ ਸਮੇਂ ਉਹਨਾਂ ਦੀ ਧਰਮ ਸਭਾ ਵਿੱਚ ਹਾਜਰ ਰਹਿੰਦੇ ਹਨ।

ਜਦਕਿ ਆਮ ਕੇਵਲੀ ਲਈ ਇਹ ਸ਼ਰਤਾਂ ਲਾਗੂ ਨਹੀਂ ਹੁੰਦੀਆਂ ਪਰ ਗਿਆਨ ਅਤੇ ਮੋਕਸ਼ ਪੱਖੋਂ ਦੋਹਾਂ ਵਿੱਚ ਕੋਈ ਅੰਤਰ ਨਹੀਂ। ਆਮ ਕੇਵਲੀ ਇਕੋ ਸਮੇਂ ਕਈ ਹੋ ਸਕਦੇ ਹਨ।

## ਇਸ ਪੁਸਤਕ ਬਾਰੇ:

ਇਹ ਗ੍ਰੰਥ ਚਾਰ ਕੂਲਕਾਂ ਦਾ ਸੰਗ੍ਰਹਿ ਹੈ। ਜਿਸ ਦੀ ਭਾਸ਼ਾ ਅਰਧ ਮਾਗਧੀ ਪ੍ਰਾਕ੍ਰਿਤ ਹੈ। ਇਹ ਕੁਲਕਾਂ ਦੇ ਰਚਿਤਾ ਕੋਈ ਅਗਿਆਤ ਆਚਾਰੀਆ ਹਨ। ਭਾਸ਼ਾ ਪੱਖੋਂ ਇਹ ਕੂਲਕ ਇੱਕ ਹਜ਼ਾਰ ਸਾਲ ਪੁਰਾਣੇ ਜਾਪਦੇ ਹਨ। ਹਰ ਇਕ ਕੂਲਕ ਵਿੱਚ ਕੁੱਝ ਮਹਾਂ ਪੁਰਸ਼ਾਂ ਦੇ ਨਾਂ ਆਏ ਹਨ। ਉਹਨਾਂ ਦੀ ਕਥਾ ਨਹੀਂ ਆਈ ਇਹਨਾਂ ਕੁੱਲਕਾਂ ਵਿੱਚ ਆਚਾਰੀਆ ਨੇ ਕੁਝ ਸਲੋਕਾਂ ਵਿੱਚ ਦਾਨ, ਸ਼ੀਲ, ਤਪ ਅਤੇ ਭਾਵਨਾ ਦੀ ਮਹਿਮਾ ਵਰਨਣ ਕਰ ਦਿੱਤੀ ਹੈ। ਦਾਨ ਕੂਲਕ ਵਿੱਚ 12 ਸ਼ਲੋਕ, ਸ਼ੀਲ ਕੂਲਕ ਵਿੱਚ 20 ਸ਼ਲੋਕ, ਤਪ ਕੂਲਕ ਵਿੱਚ 20 ਸ਼ਲੌਕ ਅਤੇ ਭਾਵ ਕੂਲਕ ਵਿੱਚ 18 ਸ਼ਲੋਕ ਹਨ। ਇਸੇ ਪ੍ਰਕਾਰ ਦਾਨ ਕੂਲਕ ਵਿੱਚ 18 ਮਹਾਂ ਪੁਰਸ਼ਾਂ ਦਾ ਵਰਨਣ ਆਇਆ ਹੈ। ਸ਼ੀਲ ਕੂਲਕ ਵਿੱਚ 17 ਦਾ ਵਰਨਣ ਆਇਆ ਹੈ। ਤਪ ਕੂਲਕ ਵਿੱਚ 13 ਅਤੇ ਭਾਵ ਕੂਲਕ ਵਿੱਚ 10 ਮਹਾਂ ਪੁਰਸ਼ਾਂ ਦਾ ਵਰਨਣ ਆਇਆ ਹੈ। ਇਹ ਸਾਰੇ ਮਹਾਂ ਪੁਰਸ਼ ਜੈਨ ਇਤਿਹਾਸ ਵਿੱਚ ਮਹੱਤਵਪੂਰਨ ਸਥਾਨ ਰੱਖਦੇ ਹਨ। ਇਹਨਾਂ ਵਿੱਚ ਭਗਵਾਨ ਰਿਸ਼ਭ ਦੇਵ ਤੋਂ ਲੈ ਕੇ ਅੰਤਿਮ ਤੀਰਥੰਕਰ ਸਮੇਂ ਹੋਏ ਮਹਾਂ ਪੁਰਸ਼ਾਂ ਦਾ ਇਤਿਹਾਸਕ ਵਰਨਣ ਹੈ। ਭਗਵਾਨ ਮਹਾਵੀਰ ਤੋਂ ਬਾਅਦ ਵੀ ਲੱਗਭਗ 500 ਸਾਲ ਤੱਕ ਦੀਆਂ ਘੱਟਨਾਵਾਂ ਦਾ ਵਰਨਣ ਆਇਆ ਹੈ। ਇਸ ਗ੍ਰੰਥ ਵਿੱਚ ਦੱਸਿਆ ਗਿਆ ਹੈ ਕਿ ਕਿਸ ਪ੍ਰਕਾਰ ਇਹਨਾਂ ਮਹਾਂ ਪੁਰਸ਼ਾਂ ਨੇ ਦਾਨ ਦੀ ਅਰਾਧਨਾ ਕਰਕੇ, ਸ਼ੀਲ ਦੀ ਅਰਾਧਨਾ ਕਰਕੇ, ਤੱਪ ਦੀ ਅਰਾਧਨਾ ਕਰਕੇ ਅਤੇ ਭਾਵ ਦੀ

ਅਰਾਧਨਾ ਕਰਕੇ ਮੋਕਸ਼ ਨੂੰ ਪ੍ਰਾਪਤ ਕੀਤਾ। ਇਹ ਗ੍ਰੰਥ ਗਾਗਰ ਵਿੱਚ ਸਾਗਰ ਦੇ ਸਮਾਨ ਆਖਿਆ ਜਾ ਸਕਦਾ ਹੈ। ਜੋ ਜੀਵ ਆਪਣੀ ਆਤਮਾ ਦਾ ਕਲਿਆਣ ਚਾਹੁੰਦੇ ਹਨ ਉਹਨਾਂ ਲਈ ਇਹ ਗ੍ਰੰਥ ਇੱਕ ਚਾਨਣ ਮੁਨਾਰੇ ਦਾ ਕੰਮ ਕਰਦਾ ਹੈ।

## ਧੰਨਵਾਦ:

ਅਸੀਂ ਇਸ ਅਨੁਵਾਦ ਵਿਚ ਨਿਮਨ ਵਰਨਣ ਕੀਤੇ ਗਏ ਨਾਵਾਂ ਦੇ ਅਨੁਵਾਦ ਦੀ ਭਰਪੂਰ ਸਹਾਇਤਾ ਲਈ ਹੈ। ਇਸ ਸਾਰੇ ਪ੍ਰਾਕਰਮ ਦੇ ਪਿੱਛੇ ਸਾਡੀ ਗੁਰਨੀ ਸ਼ੰਥਾਰਾ ਸਾਧਿਕਾ, ਜਿਨਸ਼ਾਸਨ ਪ੍ਰਭਾਵੀਕਾ, ਜੈਨ ਜਯੋਤੀ ਸਾਧਵੀ ਸ਼੍ਰੀ ਸਵਰਨ ਕਾਂਤਾ ਜੀ ਮਹਾਰਾਜ ਦੀ ਪ੍ਰੇਰਣਾ ਤੇ ਅਸ਼ੀਰਵਾਦ ਰਿਹਾ ਹੈ। ਆਪ ਜੀ ਦੀ ਪ੍ਰਮੁੱਖ ਚੇਲੀ ਸਾਧਵੀ ਸ਼੍ਰੀ ਸੁਧਾ ਜੀ ਮਹਾਰਾਜ ਦੀ ਪ੍ਰੇਰਣਾ ਇਸ ਨੂੰ ਪ੍ਰਕਾਸ਼ਿਤ ਕਰਵਾਉਣ ਵਿਚ ਮੱਹਤਵਪੂਰਨ ਰਹੀ ਹੈ। ਸਾਨੂੰ ਆਚਾਰੀਆ ਸ਼੍ਰੀ ਮਹਾਪ੍ਰਗਿਆ, ਆਚਾਰੀਆ ਸ਼੍ਰੀ ਵਿਜੈ ਨਿਤਯਾਨੰਦ ਜੀ ਸ਼ੂਰੀ ਮਹਾਰਾਜ, ਆਚਾਰੀਆ ਸ਼ਮਰਾਟ ਡਾਕਟਰ ਸ਼ਿਵ ਮੁਨੀ ਜੀ ਮਹਾਰਾਜ, ਆਚਾਰੀਆ ਸ਼੍ਰੀ ਮਹਾਪ੍ਰਗਿਆ ਦੇ ਚੇਲੇ ਮੁਨੀ ਸ਼੍ਰੀ ਜੈ ਚੰਦ ਲਾਲ ਜੀ ਮਹਾਰਾਜ, ਅਰਿਹੰਤ ਸੰਘ ਆਚਾਰੀਆ ਸਾਧਵੀ ਡਾ: ਸਾਧਨਾ ਜੀ ਦਾ ਅਸ਼ੀਰਵਾਦ, ਸਹਿਯੋਗ ਅਤੇ ਮਾਰਗ ਦਰਸ਼ਨ ਰਿਹਾ ਹੈ।

ਅਸੀਂ ਸ਼੍ਰੀ ਵਿਨੋਦ ਦਰਿਆਪੁਰਕਰ ਚੇਅਰਮੈਨ ਜੈਨ ਵਰਲਡ ਫਾਉਂਡੇਸ਼ਨ ਯੂ. ਐਸ. ਏ. ਅਤੇ ਸ਼੍ਰੀ ਸੁਨੀਲ ਦੇਸ਼ਮਨੀ ਦੇ ਵਿਸ਼ੇਸ ਰੂਪ ਵਿੱਚ ਧੰਨਵਾਦੀ ਹਾਂ ਜਿਨ੍ਹਾਂ ਇਸ ਪੁਸਤਕ ਨੂੰ ਅਪਣੀ ਵੈਬ ਜੈਨ ਵਰਲਡ ਤੇ ਸਥਾਨ ਦੇ ਕੇ ਇਸ ਪੁਸਤਕ ਨੂੰ ਸੰਸਾਰ ਦੇ ਕੋਨੇ - ਕੋਨੇ ਵਿੱਚ ਪਹੁੰਚਾਇਆ ਹੈ। ਪਰੂਫ ਰਿਡੀਂਗ ਵਿੱਚ ਸਹਾਇਤਾ ਕਰਨ ਲਈ ਅਤੇ ਮਹੱਤਵਪੂਰਨ ਸੁਝਾਉ ਦੇਣ ਲਈ ਡਾ: ਧਰਮ ਸਿੰਘ (ਪੰਜਾਬੀ ਯੂਨੀਵਰਸਿਟੀ, ਪਟਿਆਲਾ) ਜੀ ਦੇ ਧੰਨਵਾਦੀ ਹਾਂ।

ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਅਸੀਂ ਆਪਣੇ ਛੋਟੇ ਭਰਾ ***ਸ਼੍ਰੀ ਮੁਹੰਮਦ ਸ਼ੱਬੀਰ (ਜ਼ੁਨੈਰ੍ਹਾ ਕੰਪਿਊਟਰਜ਼) ਮਾਲੇਰਕੋਟਲਾ*** ਦੇ ਸਹਿਯੋਗ ਤੇ ਮਿਹਨਤ ਲਈ ਧੰਨਵਾਦੀ ਹਾਂ।

ਇਸ ਗ੍ਰੰਥ ਦੇ ਅਨੁਵਾਦ ਵਿਚ ਰਹੀਆਂ ਗਲਤੀਆਂ ਲਈ ਅਸੀਂ ਪਾਠਕ ਵਰਗ ਅਤੇ ਵਿਦਵਾਨਾਂ ਤੋਂ ਖਿਮ੍ਹਾ ਚਾਹੁੰਦੇ ਹਾਂ। ਆਸ ਹੈ ਕਿ ਪਾਠਕ ਵਰਗ ਇਸ ਅਨੁਵਾਦ ਦੀਆਂ ਗਲਤੀਆਂ ਨੂੰ ਸੁਧਾਰ ਕੇ ਸਾਨੂੰ ਅਗਲੇ ਸੰਸਕਰਨ ਲਈ ਸੁਝਾਓ ਦੇਣਗੇ। ਇਕ ਵਾਰ ਫਿਰ ਸਾਰੇ ਸਹਿਯੋਗੀਆਂ ਦਾ ਅਤੇ ਪ੍ਰਯੋਗ ਕੀਤੇ ਗ੍ਰੰਥਾ ਦੇ ਲੇਖਕਾਂ, ਅਨੁਵਾਦਕਾਂ ਤੇ ਪ੍ਰਕਾਸ਼ਕਾਂ ਦੇ ਧੰਨਵਾਦੀ ਹਾਂ।

10/11/2008 ਸ਼ੁਭਚਿੰਤਕ

ਮੰਡੀ ਗੋਬਿੰਦਗੜ੍ਹ ਪੁਰਸ਼ੋਤਮ ਜੈਨ, ਰਵਿੰਦਰ ਜੈਨ

# ਸਮਰਪਣ



ਧਰਮ ਭਰਾ ਸ਼੍ਰਮਣੋਪਾਸਕ
ਸ਼੍ਰੀ ਪਰਸ਼ੋਤਮ ਜੈਨ ਸਾਹਿਬ ਮੰਡੀ ਗੋਬਿੰਦਗੜ੍ਹ
ਨੂੰ ਜਨਮ ਦਿਨ ਦੇ ਸ਼ੁਭ ਮੌਕੇ ਤੇ
ਸ਼ਰਧਾ ਤੇ ਪ੍ਰੇਮ ਨਾਲ ਭੇਂਟ

## ਭੇਂਟ ਕਰਤਾ: ਰਵਿੰਦਰ ਜੈਨ

ਮਾਲੇਰਕੋਟਲਾ 10/11/2008

# ਕੂਲਕ ਕਥਾਵਾਂ

(ਜੈਨ ਇਤਿਹਾਸਕ ਕਹਾਣੀਆਂ)

## ਦਾਨ ਕੂਲਕ

ਦੇਵਾਧਿਦੇਵ ਭਗਵਾਨ ਮਹਾਵੀਰ ਨੂੰ, ਜੋ ਸੰਸਾਰ ਸਮੁੰਦਰ ਤੋਂ ਪਾਰ ਹੋ ਗਏ ਹਨ, ਨਮਸਕਾਰ ਕਰਕੇ, ਮੈਂ ਦਾਨ ਦੇ ਗੁਣ ਸਮੂਹ ਦਾ ਵਰਨਣ ਕਰਦਾ ਹਾਂ। ਜਿਸ ਨਾਲ ਸ਼ਿਵ (ਮੋਕਸ਼) ਸੁਖ ਸਥਾਨ ਪ੍ਰਾਪਤ ਕੀਤਾ ਜਾਵੇ। ॥1॥

ਜਿਨੇਂਦਰ ਭਗਵਾਨ ਨੇ, ਜਿਨ (ਜੈਨ) ਧਰਮ ਦਾ ਸਾਰ ਦਾਨ ਵਿੱਚ ਵੇਖਿਆ ਹੈ। ਜੋ ਚਾਰ ਪ੍ਰਕਾਰ ਦਾ ਆਖਿਆ ਗਿਆ ਹੈ। ਹੇ ਗਿਆਨੀ ਜੀਵ! ਤੁਸੀ ਉਪਯੋਗ (ਗਿਆਨ) ਨਾਲ ਸੁਣੋ; ਜਿਸ ਤਰ੍ਹਾਂ ਦਾਨ ਦੇਕੇ, ਜੀਵਾਂ ਨੇ ਸ਼ਿਵ ਸੁਖ ਨੂੰ ਪ੍ਰਾਪਤ ਕੀਤਾ। ॥2॥

ਭਿੰਨ ਭਿੰਨ ਪ੍ਰਕਾਰ ਦੇ ਦਾਨ ਪਾਤਰਾਂ ਦੇ ਅਨੁਕੂਲ ਦੇਣਾ, ਉਚਿੱਤ ਦਾਨ ਹੈ ਅਤੇ ਅੰਨ੍ਹੇ ਆਦਿ ਅਸਮਰਥਾਂ ਨੂੰ ਦਾਨ ਦੇਣਾ, ਅਨੁਕੰਪਾ ਦਾਨ ਹੈ ਅਤੇ ਜੀਵ ਰੱਖਿਆ ਆਦਿ ਲਈ ਦਾਨ ਦੇਣਾ, ਅਭੈ ਦਾਨ ਅਤੇ ਸਾਧੂ ਮਹਾਤਮਾ ਨੂੰ ਦਾਨ ਦੇਣਾ ਧਰਮ ਦਾਨ ਹੈ। ॥3॥

ਸ਼੍ਰੇਆਂਸ ਕੁਮਾਰ ਆਦਿ ਨੇ ਭਗਵਾਨ ਆਦਿਨਾਥ ਨੂੰ ਦਾਨ ਦਿੱਤਾ, ਸਿੱਟੇ ਵਜੋ 12 ½ ਕਰੋੜ ਸੋਨੇ ਦੀਆਂ ਮੋਹਰਾ ਦੀ ਵਰਖਾ ਹੋਈ। ਸੁਪਾਤਰ ਦਾਨ ਦੇਣ ਨਾਲ ਕਈ ਜੀਵ ਉਸੇ ਜਨਮ ਵਿੱਚ ਸਿੱਧ ਹੋਏ, ਦੂਸਰੇ ਤੇ ਤੀਸਰੇ ਜਨਮ ਵਿੱਚ ਮੋਕਸ਼ (ਕਈ ਜੀਵਾਂ ਨੇ) ਪ੍ਰਾਪਤ ਕੀਤਾ। ਇਸ ਲਈ ਦਾਨ ਹੀ ਮੋਕਸ਼ ਦਾ ਮਾਰਗ ਹੈ। ॥4॥

ਕੋਸਾਂਬੀ ਨਗਰੀ ਵਿੱਚ ਧੰਨਾ ਸੇਠ ਦੇ ਘਰ ਵਿੱਚ ਭਗਵਾਨ ਮਹਾਵੀਰ ਨੇ ਚੰਦਨਾ ਰਾਜਕੁਮਾਰੀ ਦੇ ਹੱਥੋਂ ਪਾਰਣਾ (ਵਰਤ ਖੋਲਣ) ਕੀਤਾ, ਜੰਜੀਰਾ ਵਿੱਚ ਜਕੜੀ ਚੰਦਨਬਾਲਾ

ਦੇਵੀ ਦੀ ਤਰ੍ਹਾਂ ਨਵ ਜੋਬਨ ਵਾਲੀ ਪੈਰ ਵਿੱਚ ਝਾਂਜਰਾਂ ਵਾਲੀ ਅਤੇ ਗਹਿਣਿਆਂ ਨਾਲ ਸ਼ਿੰਗਾਰੀ ਗਈ। ਉਹ ਸੁੰਦਰਤਾ ਨੂੰ ਪ੍ਰਾਪਤ ਹੋਈ। ॥5॥

ਮੇਡੀਗ੍ਰਾਮ ਵਿੱਚ ਭਗਵਾਨ ਮਹਾਵੀਰ ਨੂੰ ਛੇ ਮਹੀਨੇ ਦੀ ਪੀੜਾ ਭੋਗਣੀ ਪਈ। ਪ੍ਰਭੂ ਮਹਾਵੀਰ ਉਸ ਸਮੇਂ ਸ਼ੁਕਲ ਧਿਆਨ ਵਿੱਚ ਰਹੇ। ਫੇਰ ਰੇਵਤੀ ਨੇ ਦਵਾਈ ਦਾ ਦਾਨ ਕੀਤਾ, ਜਿਸ ਕਾਰਨ ਉਹ ਭਵਿੱਖ ਵਿੱਚ ਤੀਰਥੰਕਰ ਗੋਤਰ ਨੂੰ ਪ੍ਰਾਪਤ ਹੋਵੇਗੀ (ਭਾਵ ਤੀਰਥੰਕਰ ਬਣੇਗੀ)। ॥6॥

ਕਿਸੇ ਗਵਾਲੇ ਨੇ ਬਹੁਤ ਭਗਤੀ ਭਾਵ ਨਾਲ ਆਪਣੇ ਖਾਣ ਵਾਲੀ ਖੀਰ ਵਿੱਚੋਂ ਤੀਸਰਾ ਭਾਗ ਦਾਨ ਦੇ ਰੂਪ ਵਿੱਚ ਮਹਾਤਮਾ ਨੂੰ ਦਿਤਾ। ਉਸ ਦਾਨ ਦੇ ਪ੍ਰਭਾਵ ਕਾਰਨ ਉਸ ਨੇ ਕਯੱਬਨਾ ਕੁਮਾਰ ਦੇ ਰੂਪ ਵਿੱਚ ਜਨਮ ਲਿਆ ਅਤੇ ਰਾਜਾ ਸ਼੍ਰੇਣਿਕ ਦੀ ਪੁੱਤਰੀ ਨਾਲ ਵਿਆਹ ਕਰਕੇ ਉਸ ਦਾ ਜਵਾਈ ਬਣਿਆ। ॥7॥

ਸੰਗਮ ਗਵਾਲੇ ਨੇ ਇੱਕ ਮਹੀਨੇ ਦੀ ਤੱਪਸਿਆ ਤੇ ਉੱਪਰ ਤਪਸਵੀ ਮੁਨੀਰਾਜ ਨੂੰ ਖੀਰ ਦਾ ਦਾਨ ਕੀਤਾ, ਜਿਸ ਦਾਨ ਦੇ ਪ੍ਰਭਾਵ ਕਾਰਨ ਉਹ ਗਿਆਨਵਾਨ ਸੇਠ ਸ਼ਾਲਿਭੱਦਰ ਦੇ ਰੂਪ ਵਿੱਚ ਕਰੋੜਪਤੀ ਗੋਭੱਦਰ ਦੇ ਘਰ ਪੈਦਾ ਹੋਇਆ। ॥8॥

ਧੰਨਾ ਨਾਮ ਦੇ ਵਿਉਪਾਰੀ ਨੇ ਸ਼ੁੱਧ ਮਨ ਨਾਲ ਘੀ ਆਦਿ ਦਾ, ਜੋ ਦਾਨ ਕੀਤਾ ਉਸ ਦੇ ਪ੍ਰਭਾਵ ਕਾਰਨ, ਉਹ ਸਿਲਸਿਲੇ ਵਾਰ ਭਰਤ ਖੇਤਰ ਵਿੱਚ ਰਿਸ਼ਭ ਜਿਨੇਂਦਰ ਦੇ ਰੂਪ ਵਿੱਚ ਉਤਪੰਨ ਹੋਇਆ। ॥9॥

ਬਾਹੂਵਲੀ ਮੁੰਨੀ ਨੇ 500 ਮੁੰਨੀਆਂ ਦਾ ਜੀਵਨ ਭਰ ਲਈ ਭੋਜਨ ਦੇਣ ਦਾ ਨੇਮ ਲੈ ਕੇ ਮਹਾਂਸੁਖ ਅਤੇ ਭੋਗ ਨੂੰ ਪ੍ਰਾਪਤ ਕੀਤਾ। ॥10॥

ਰਾਜਾ ਮੂਲ ਦੇਵ ਦੇ ਪਿਛਲੇ ਜਨਮ ਦੀ ਗੱਲ ਹੈ। ਉਸ ਨੇ ਤਿੰਨ ਵਰਤਾਂ ਦੇ ਤੱਪ ਵਿੱਚ ਪਾਰਨੇ ਦੇ ਲਈ ਜੋ ਭੋਜਨ ਪ੍ਰਾਪਤ ਕੀਤਾ, ਉਸ ਨੂੰ ਭਿਖਿਆ ਲਈ ਆਏ ਇੱਕ

ਤੱਪਸਵੀ ਨੂੰ ਭਗਤੀ ਪੂਰਵਕ ਦਾਨ ਦੇ ਦਿੱਤਾ। ਇਸ ਦੇ ਪ੍ਰਭਾਵ ਨਾਲ ਉਹ ਮੂਲ ਦੇਵ, ਵਿਸ਼ਾਲ ਸਾਮਰਾਜ ਦਾ ਮਾਲਕ ਬਣਿਆ, ਵਿਸ਼ਾਲ ਸੰਪਤੀ ਅਤੇ ਬੁੱਧੀ ਇਹ ਸੁਪਾਤਰ ਦਾਨ ਦਾ ਫਲ ਹੈ। ॥11॥

ਦੂਸਰੇ ਵੀ ਜੋ ਕੋਈ ਦਾਨ ਦਿੰਦੇ ਹਨ, ਉਹ ਦੇਵਤਾ ਅਤੇ ਮਨੁੱਖਾਂ ਦੇ ਉੱਤਮ ਸੁੱਖਾਂ ਨੂੰ ਪ੍ਰਾਪਤ ਕਰਦੇ ਹਨ ਅਤੇ ਸੰਪਤੀ ਪਾਕੇ ਜੋ ਦਾਨ ਨਹੀਂ ਕਰਦੇ, ਉਹਨਾਂ ਦਾ ਜੀਵਨ ਅਤੇ ਕਰਮ ਭਾਰੀ ਜਾਣਨਾ ਚਾਹੀਦਾ ਹੈ। ॥12॥

1

# ਦਾਨ ਨਾਲ ਸੰਬੰਧਤ ਕਹਾਣੀਆਂ

## ਸ਼੍ਰੇਆਂਸ ਕੁਮਾਰ

ਸ਼੍ਰੇਆਂਸ ਕੁਮਾਰ ਪਹਿਲੇ ਤੀਰਥੰਕਰ ਭਗਵਾਨ ਰਿਸ਼ਭ ਦੇਵ ਦਾ ਪੋਤਰਾ ਅਤੇ ਬਾਹੂਵਲੀ ਦਾ ਪੁੱਤਰ ਸੀ। ਭਗਵਾਨ ਰਿਸ਼ਭ ਦੇਵ ਨੇ ਅਪਣੇ ਪੁੱਤਰ ਬਾਹੂਵਲੀ ਨੂੰ ਤਕਸ਼ਿਲਾ ਦਾ ਰਾਜਾ ਬਣਾਇਆ। ਸ਼੍ਰੇਆਂਸ ਕੁਮਾਰ ਯੁਵਰਾਜ ਬਣਿਆ। ਉਹ ਹਸਤਿਨਾਪੁਰ ਵਿਖੇ ਸ਼ਾਨ ਸ਼ੋਕਤ ਦਾ ਜੀਵਨ ਗੁਜਾਰ ਰਿਹਾ ਸੀ। ਇਕ ਦਿਨ ਉਸ ਨੇ ਸੁਪਨਾ ਵੇਖਿਆ ਕਿ ਕਾਲੇ ਰੰਗ ਵਰਗੇ ਮੇਰੂਪਰਵਤ ਨੂੰ ਉਹ ਅਮ੍ਰਿਤ ਨਾਲ ਸਿੰਜ ਰਿਹਾ ਹੈ।

ਉਧਰ ਰਾਜੇ ਬਾਹੂਵਲੀ ਨੇ ਸੁਪਨੇ ਵਿੱਚ ਉਸ ਰਾਜਕੁਮਾਰ ਸ਼੍ਰੇਆਂਸ ਨੂੰ ਵੇਖਿਆ ਕਿ ਦੁਸ਼ਮਨਾ ਦੇ ਨਾਲ ਲੜਦੇ ਹੋਏ ਯੋਧਿਆ ਨੇ, ਸ਼੍ਰੇਆਂਸ ਕੁਮਾਰ ਦੀ ਸਹਾਇਤਾ ਨਾਲ ਜਿੱਤ ਹਾਸਿਲ ਕੀਤੀ ਹੈ। ਉਸੇ ਵਕਤ ਨਗਰ ਸੇਠ ਸਬੁੱਧੀ ਨੇ ਸੁਪਨੇ ਵਿੱਚ ਸੂਰਜ ਦਾ ਤੇਜ ਘੱਟ ਹੁੰਦਾ ਵੇਖਿਆ।

ਸਵੇਰ ਹੋਈ ਰਾਜ ਸਭਾ ਵਿੱਚ ਸੁਪਨਿਆਂ ਦੀ ਚਰਚਾ ਹੋਣ ਲਗੀ। ਰਾਜੇ ਨੇ ਆਖਿਆ ਸ਼੍ਰੇਆਂਸ ਕੁਮਾਰ ਨੂੰ ਮਹਾਨ ਲਾਭ ਹੋਣ ਵਾਲਾ ਹੈ। ਸਭਾ ਦਾ ਕੰਮ ਖਤਮ ਕਰਕੇ ਸਾਰੇ ਲੋਕ ਚਲੇ ਗਏ।

ਸ਼੍ਰੇਆਂਸ ਕੁਮਾਰ ਅਪਣੇ ਮਹਿਲਾਂ ਦੇ ਝਰੋਖੇ ਵਿੱਚ ਬੈਠਾ ਨਗਰ ਦੀ ਸੋਭਾ ਵੇਖ ਰਿਹਾ ਸੀ। ਉਹਨਾਂ ਦਿਨਾਂ ਵਿੱਚ ਭਗਵਾਨ ਰਿਸ਼ਭ ਦੇਵ ਸਾਧੂ ਦੀਖਿਆ ਗ੍ਰਹਿਣ ਕਰਕੇ, ਤੱਪ ਕਰਨ ਲੱਗੇ। ਤੱਪ ਦੀ ਸਮਾਪਤੀ ਹੋਣ ਤੇ ਉਹ ਭਿਖਿਆ ਲਈ ਨਿਕਲੇ। ਲੋਕ ਜੈਨ ਸਾਧੂ ਦੇ ਨਿਯਮਾਂ ਤੋਂ ਅਣਜਾਣ ਸਨ। ਭਗਵਾਨ ਰਿਸ਼ਭ ਦੇਵ ਨੂੰ ਲੋਕ, ਫਲ, ਫੁਲ, ਹੀਰਾ, ਮੋਤੀ, ਕੰਨਿਆ ਆਦਿ ਪੇਸ਼ ਕਰਦੇ ਸਨ। ਉਸ ਸਮੇਂ ਦੇ ਲੋਕ ਇਹ ਨਹੀਂ ਜਾਣਦੇ ਸਨ ਕਿ ਭਗਵਾਨ

ਹੁਣ ਰਾਜਾ ਨਹੀਂ ਰਹੇ। ਉਹ ਰਾਜ ਪਾਟ ਤਿਆਗ ਕੇ ਸਾਧੂ ਬਣ ਗਏ ਹਨ। ਇਸ ਪ੍ਰਕਾਰ ਭਗਵਾਨ ਰਿਸ਼ਭ ਦੇਵ ਨੂੰ ਹਸਤਿਨਾਪੁਰ ਨਗਰ ਵਿੱਚ ਘੁੰਮਦੇ ਇਕ ਸਾਲ ਬੀਤ ਗਿਆ। ਪਰ ਕਿਸੇ ਨੇ ਵੀ ਭਗਵਾਨ ਨੂੰ ਜੈਨ ਸਾਧੂ ਪ੍ਰੰਪਰਾ ਅਨੁਸਾਰ ਭੋਜਨ ਦਾਨ ਨਹੀਂ ਦਿੱਤਾ।

ਇੱਕ ਦਿਨ ਭਗਵਾਨ ਰਿਸ਼ਭ ਦੇਵ ਭਿਖਿਆ ਲਈ ਘੁੰਮ ਰਹੇ ਸਨ। ਸ੍ਰੇਆਂਸ ਕੁਮਾਰ ਅਪਣੇ ਮਹਿਲਾਂ ਵਿੱਚ ਬੈਠਾ ਨਗਰ ਦੀ ਸ਼ੋਭਾ ਵੇਖ ਰਿਹਾ ਸੀ। ਅਚਾਨਕ ਹੀ ਉਸ ਦੀ ਨਜ਼ਰ ਭਗਵਾਨ ਰਿਸ਼ਭ ਦੇਵ' ਤੇ ਪਈ। ਉਨ੍ਹਾਂ ਨੂੰ ਵੇਖ ਕੇ ਸ੍ਰੇਆਂਸ ਕੁਮਾਰ ਨੂੰ ਜਾਤੀ ਸਿਮਰਨ ਗਿਆਨ (ਪਿਛਲੇ ਜਨਮ ਦਾ ਗਿਆਨ) ਹੋ ਗਿਆ। ਉਸ ਨੇ ਜਾਣ ਲਿਆ ਕਿ ਪ੍ਰਭੂ ਨੇ ਧਨ ਸੰਪਤੀ ਛੱਡ ਦਿਤੀ ਹੈ ਲੋਕ ਉਨ੍ਹਾਂ ਨੂੰ ਦਾਨ ਦੇਣ ਦੀ ਵਿਧੀ ਨਹੀਂ ਜਾਣਦੇ। ਸ਼੍ਰੇਆਂਸ ਕੁਮਾਰ ਨੇ ਪ੍ਰਭੂ ਨੂੰ ਬੰਦਨਾ ਨਮਸਕਾਰ ਕੀਤੀ। ਉਸ ਨੇ ਪ੍ਰਭੂ ਨੂੰ ਭੋਜਨ ਦੀ ਪ੍ਰਾਥਨਾ ਕੀਤੀ। ਉਸ ਦੇ ਮਹਿਲਾਂ ਵਿੱਚ ਗੰਨੇ ਦੇ ਰਸ ਨਾਲ ਭਰੇ ਘੜੇ ਆਏ ਹੋਏ ਸਨ। ਸੁੱਧ ਭੋਜਨ ਸਮਝ ਕੇ ਉਸ ਨੇ ਪ੍ਰਭੂ ਨੂੰ ਗੰਨੇ ਦਾ ਰਸ ਦਾਨ ਕੀਤਾ। ਸ਼੍ਰੇਆਂਸ ਕੁਮਾਰ ਦੇ ਦਾਨ ਕਾਰਣ ਸਵਰਗ ਦੇ ਦੇਵ ਦੇਵੀਆਂ ਪ੍ਰਸੰਨ ਹੋਏ। ਉਨ੍ਹਾਂ ਪੰਜ ਦਿੱਵਯ ਪ੍ਰਗਟ ਕੀਤੇ ਅਤੇ ਅਹੋਦਾਨ ਅਹੋਦਾਨ ਦੀ ਘੋਸ਼ਨਾ ਕੀਤੀ। ਇਸ ਦਾਨ ਤੋਂ ਕੁੱਝ ਸਮਾਂ ਬਾਅਦ ਪ੍ਰਭੂ ਨੂੰ ਜਲਦ ਹੀ ਕੇਵਲ ਗਿਆਨ ਪ੍ਰਾਪਤ ਹੋ ਗਿਆ। ਉਹ ਸਭ ਕੁੱਝ ਜਾਣਨ ਵਾਲੇ, ਵੇਖਣ ਵਾਲੇ, ਤੀਰਥੰਕਰ, ਅਰਿਹੰਤ, ਜਿਨ ਅਤੇ ਕੇਵਲੀ ਬਣ ਗਏ।

ਇਸ ਦਾਨ ਦੇ ਦਿਨ ਨੂੰ ਅਕਸ਼ੈ ਤ੍ਰਿਤਿਆ ਕਿਹਾ ਜਾਂਦਾ ਹੈ। ਅੱਜ ਵੀ ਹਸਤਿਨਾਪੁਰ ਨਗਰ (ਮੇਰਠ ਜਿਲ੍ਹਾ, ਉੱਤਰ ਪ੍ਰਦੇਸ਼) ਅਤੇ ਪਾਲੀਤਾਨਾ (ਗੁਜਰਾਤ) ਵਿੱਚ ਹਜਾਰਾਂ ਸ਼ਰਧਾਲੂ ਇੱਕ ਸਾਲ ਦੀ ਤਪਸਿੱਆ ਦੇ ਖੋਲਨ ਦੀ ਪ੍ਰਕ੍ਰਿਆ ਪਾਰਨਾ ਗੰਨੇ ਦੇ ਰਸ ਰਾਹੀਂ, ਪੋਤਰੇ ਦੇ ਹੱਥੋਂ ਕਰਦੇ ਹਨ।

ਸ਼੍ਰੇਆਂਸ ਕੁਮਾਰ ਨੇ ਲੋਕਾਂ ਨੂੰ ਦਾਨ ਦੇਣ ਦੀ ਵਿਧੀ ਸਮਝਾ ਕੇ, ਅਪਣੇ ਲੋਕ-ਪਰਲੋਕ ਸੁਧਾਰ ਲਏ। ਜੋ ਕੋਈ ਸੁੱਧ ਮਨ ਨਾਲ ਸ਼੍ਰੇਆਂਸ ਕੁਮਾਰ ਦੀ ਤਰ੍ਹਾਂ ਦਾਨ ਕਰੇਗਾ, ਉਹ ਪੁੰਨ ਦਾ ਭਾਗੀ ਹੋਵੇਗਾ। ਦਾਨ ਦੇ ਪ੍ਰਭਾਵ ਨਾਲ ਕਈ ਜੀਵ ਮੋਕਸ਼ ਗਏ ਹਨ ਇਹ ਦਾਨ ਦਾ ਪ੍ਰਭਾਵ ਹੈ।

2

# ਮਹਾ ਸਾਧਵੀ ਚੰਦਨ ਬਾਲਾ

ਜੈਨ ਇਤਿਹਾਸ ਵਿੱਚ ਮਹਾ ਸਾਧਵੀ ਚੰਦਨ ਬਾਲਾ ਦਾ ਵਿਲੱਖਣ ਸਥਾਨ ਹੈ। ਆਪ ਚੰਪਾ ਨਗਰੀ ਦੇ ਰਾਜਾ ਦਧਿਵਾਹਨ ਅਤੇ ਰਾਣੀ ਧਾਰਨੀ ਦੀ ਸਪੁਤਰੀ ਸਨ। ਆਪ ਦਾ ਅਸਲ ਨਾਂ ਵਸੂਮਤੀ ਸੀ। ਸਾਰਾ ਪਰਿਵਾਰ ਧਾਰਮਿਕ ਵਿਚਾਰਾਂ ਵਾਲਾ ਸੀ। ਇਹ ਸਮਾਂ ਭਗਵਾਨ ਮਹਾਵੀਰ ਦੇ ਤੱਪਸਿਆ ਦਾ ਸਮਾਂ ਸੀ। ਉਸ ਸਮੇਂ ਗੁਆਂਢ ਵਿੱਚ ਸ਼ਤਾਨਿਕ ਰਾਜਾ ਰਾਜ ਕਰਦਾ ਸੀ। ਸ਼ਤਾਨਿਕ ਰਾਜੇ ਨੇ ਇੱਕ ਵਾਰ ਚੰਪਾ ਨਗਰੀ ਉੱਪਰ ਹਮਲਾ ਕਰ ਦਿੱਤਾ। ਹਮਲੇ ਵਿੱਚ ਰਾਜਾ ਦਧਿਵਾਹਨ ਮਾਰਿਆ ਗਿਆ। ਇਕ ਸੈਨਿਕ ਰੱਥ ਵਿੱਚ ਰਾਣੀ ਧਾਰਨੀ ਅਤੇ ਰਾਜਕੁਮਾਰੀ ਵਸੂਮਤੀ ਨੂੰ ਲੈ ਕੇ ਨਿਕਲ ਗਿਆ।

ਰਸਤੇ ਵਿੱਚ ਉਸ ਸੈਨਿਕ ਦਾ ਮਨ ਰਾਣੀ ਧਾਰਨੀ ਦੀ ਸੁੰਦਰਤਾ ਨੂੰ ਵੇਖ ਕੇ ਵਿਗੜ ਗਿਆ। ਉਸ ਸੈਨਿਕ ਨੇ ਰਾਣੀ ਧਾਰਨੀ ਨੂੰ ਆਪਣੇ ਮਨ ਦੀ ਭਾਵਨਾ ਦੱਸੀ ਅਤੇ ਸ਼ਾਦੀ ਦੀ ਪੇਸ਼ਕਸ ਕੀਤੀ। ਜਿਸ ਨੂੰ ਰਾਣੀ ਧਾਰਨੀ ਨੇ ਸੈਨਿਕ ਦੀ ਮੰਗ ਠੁਕਰਾ ਦਿੱਤਾ। ਸੈਨਿਕ ਨੇ ਜੋਰ ਜ਼ਬਰਦਸਤੀ ਕਰਨ ਦੀ ਕੋਸ਼ਿਸ਼ ਕੀਤੀ, ਤਾਂ ਰਾਣੀ ਨੇ ਆਪਣੇ ਹੱਥ ਨਾਲ ਜੀਭ ਖਿੱਚਕੇ ਪ੍ਰਾਣ ਤਿਆਗ ਦਿੱਤੇ। ਹੁਣ ਵਸੂਮਤੀ ਇੱਕਲੀ ਰਹਿ ਗਈ। ਉਸ ਸੈਨਿਕ ਨੇ ਵਸੂਮਤੀ ਨੂੰ ਦਾਸੀ ਦੇ ਰੂਪ ਵਿੱਚ ਵੇਚ ਦੇਣ ਦਾ ਫੈਸਲਾ ਕਰ ਲਿਆ।

ਉਹਨਾਂ ਦਿਨਾਂ ਵਿੱਚ ਗੁਲਾਮ ਪ੍ਰਥਾ ਕਾਰਨ, ਗੁਲਾਮਾਂ ਦੀਆਂ ਮੰਡੀਆਂ ਲੱਗਦੀਆਂ ਸਨ। ਸੈਨਿਕ ਨੇ ਇੱਕ ਮੰਡੀ ਵਿੱਚ ਵਸੂਮਤੀ ਦੀ ਬੋਲੀ ਲਗਾਉਣੀ ਸ਼ੁਰੂ ਕਰ ਦਿੱਤੀ। ਵਸੂਮਤੀ ਸੁੰਦਰ ਹੋਣ ਦੇ ਨਾਲ ਇੱਕ ਯੋਗ ਘਰੇਲੂ ਸੰਸਕਾਰਾਂ ਵਿੱਚ ਪਲੀ ਰਾਜਕੁਮਾਰੀ ਸੀ। ਪਹਿਲਾਂ ਉਸ ਨੂੰ ਇੱਕ ਵੇਸ਼ਵਾ ਨੇ ਖਰੀਦ ਲਿਆ। ਚੰਦਨ ਬਾਲਾ ਨੇ ਉਸ ਵੇਸ਼ਵਾ ਨਾਲ ਜਾਣ ਤੋਂ ਇਨਕਾਰ ਕਰ ਦਿੱਤਾ। ਫੇਰ ਉਸ ਨਗਰੀ ਦੇ ਧੰਨਾ ਸੇਠ ਨੇ ਸੈਨਿਕ ਨੂੰ ਮੂੰਹ ਮੰਗੀ ਕੀਮਤ

ਦੇ ਕੇ ਉਸ ਨੂੰ ਖਰੀਦ ਲਿਆ। ਧੰਨਾ ਸੇਠ ਜੈਨ ਧਰਮ ਦਾ ਉਪਾਸ਼ਕ ਸੀ। ਉਸਨੇ ਵਸੂਮਤੀ ਨੂੰ ਪੁੱਤਰੀ ਦੀ ਤਰ੍ਹਾਂ ਅਪਣੇ ਘਰ ਵਿੱਚ ਰੱਖਿਆ। ਉਸ ਨੂੰ ਉਸ ਦੇ ਠੰਡੇ ਸੁਭਾਅ ਕਾਰਨ ਉਸ ਦਾ ਨਾਂ ਚੰਦਨ ਬਾਲਾ ਰੱਖ ਦਿਤਾ। ਸੇਠ ਦੀ ਪਤਨੀ ਮੂਲ਼ਾ ਸ਼ੱਕੀ ਸੁਭਾਅ ਦੀ ਔਰਤ ਸੀ। ਉਸ ਨੂੰ ਵਸੂਮਤੀ ਵਰਗੀ ਸੁੰਦਰ ਕੰਨਿਆ ਦੇ ਆਉਣ ਤੇ ਜਾਪਿਆ ਕਿ ਸੇਠ ਕਦੇ ਮੈਨੂੰ ਛੱਡ ਕੇ ਇਸ ਦਾਸੀ ਨਾਲ ਸ਼ਾਦੀ ਕਰ ਲਵੇਗਾ। ਮੈਨੂੰ ਇਸ ਰਸਤੇ ਦੇ ਰੋੜੇ ਨੂੰ ਹਟਾਉਣਾ ਚਾਹੀਦਾ ਹੈ।

ਸੇਠਾਣੀ ਮੌਕੇ ਦੀ ਤਲਾਸ ਕਰਨ ਲੱਗੀ। ਇੱਕ ਦਿਨ ਦੀ ਗੱਲ ਹੈ ਸੇਠ ਲੰਬਾ ਸਫਰ ਤਹਿ ਕਰਕੇ ਘਰ ਆਇਆ ਸੀ। ਜਦ ਸੇਠ ਘਰ ਦੇ ਦਰਵਾਜੇ ਤੇ ਪਹੁੰਚਿਆ ਤਾਂ ਉਸ ਸਮੇਂ ਚੰਦਨਾ ਇਸ਼ਨਾਨ ਕਰਕੇ ਬਾਹਰ ਦਰਵਾਜਾ ਖੋਲਣ ਆਈ। ਉਸ ਦੇ ਲੰਬੇ ਕੇਸ਼ ਸੁਕਾਉਣ ਲਈ ਖੁਲ੍ਹੇ ਸਨ। ਚੰਦਨਾ ਨੇ ਗਰਮ ਪਾਣੀ ਸੇਠ ਦੇ ਪੈਰ ਧੋਣ ਲਈ ਤਿਆਰ ਕੀਤਾ। ਚੰਦਨਾ ਨੇ ਸੇਠ ਨੂੰ ਚੌਂਕੀ ਉੱਪਰ ਬੈਠਾਇਆ ਅਤੇ ਆਪ ਉਸ ਦੇ ਪੈਰ ਧੋਣ ਲੱਗੀ। ਉਸ ਦੇ ਖੁਲ੍ਹੇ ਅਤੇ ਲੰਬੇ ਕੇਸ਼ਾਂ ਨੂੰ, ਸੇਠ ਨੇ ਇਸ ਕਰਕੇ ਉਪਰ ਚੁੱਕ ਲਿਆ ਕਿ ਕਿਤੇ ਇਹ ਦੁਬਾਰਾ ਪਾਣੀ ਵਿੱਚ ਨਾ ਭਿੱਜ ਜਾਣ।

ਸੇਠਾਣੀ ਇਹ ਘਟਨਾ ਵੇਖ ਰਹੀ ਸੀ। ਉਸ ਦਾ ਸ਼ੱਕ ਯਕੀਨ ਵਿੱਚ ਬਦਲ ਗਿਆ। ਇੱਕ ਵਾਰ ਸੇਠ ਫੇਰ ਯਾਤਰਾ ‘ਤੇ ਗਿਆ। ਸੇਠ ਦੇ ਜਾਣ ਤੋਂ ਮਗਰੋਂ ਸੇਠਾਣੀ ਨੇ ਚੰਦਨਾ ਦੇ ਲੰਬੇ ਕੇਸ਼ ਨਾਈ ਨੂੰ ਬੁਲਾ ਕੇ ਕੱਟਵਾ ਦਿੱਤੇ। ਉਸ ਦੇ ਹੱਥਾਂ ਅਤੇ ਪੈਰਾਂ ਵਿੱਚ ਬੇੜੀਆਂ ਪੁਆ ਕੇ ਚੰਦਨ ਬਾਲਾ ਨੂੰ ਭੋਰੇ ਵਿੱਚ ਸੁੱਟ ਦਿੱਤਾ। ਭੋਰੇ ਨੂੰ ਤਾਲਾ ਲਗਾ ਕੇ ਆਪ ਆਪਣੇ ਪੇਕੇ ਚਲੀ ਗਈ।

ਤਿੰਨ ਦਿਨਾਂ ਬਾਅਦ ਸੇਠ ਘਰ ਆਇਆ, ਤਾਂ ਘਰ ਵਿੱਚ ਕਿਸੇ ਨੂੰ ਨਾ ਵੇਖ ਕੇ ਉਸ ਨੇ ਚੰਦਨਾ ਨੂੰ ਆਵਾਜ਼ ਲਗਾਈ। ਸੇਠ ਨੂੰ ਭੋਰੇ ਵਿੱਚੋਂ ਚੰਦਨਾ ਦੀ ਆਵਾਜ਼ ਸੁਣਾਈ

ਦਿੱਤੀ। ਜਦੋਂ ਸੇਠ ਨੇ ਭੋਰੇ ਵਿੱਚ ਜਾ ਕੇ ਚੰਦਨਾ ਦੀ ਭੈੜੀ ਹਾਲਤ ਵੇਖੀ ਤਾਂ ਉਸ ਨੇ ਚੰਦਨਾ ਨੂੰ ਪੁੱਛਿਆ, "ਤੇਰੀ ਇਹ ਹਾਲਤ ਕਿਸ ਨੇ ਕੀਤੀ ਹੈ?" ਤੂੰ ਮੈਨੂੰ ਉਸ ਦਾ ਨਾਂ ਦੱਸ।

ਚੰਦਨਾ ਨੇ ਆਖਿਆ, "ਪਿਤਾ ਜੀ! ਕੋਈ ਕਿਸੇ ਨੂੰ ਸੁੱਖ ਜਾਂ ਦੁੱਖ ਨਹੀਂ ਦੇ ਸਕਦਾ। ਮਨੁੱਖ ਦੇ ਕਰਮ ਹੀ ਉਸ ਦੇ ਸੁੱਖ ਜਾਂ ਦੁੱਖ ਦੇ ਕਾਰਨ ਬਣਦੇ ਹਨ, ਇਸ ਲਈ ਮੈਂ ਕਿਸੇ ਨੂੰ ਆਪਣੀ ਮਾੜੀ ਹਾਲਤ ਲਈ ਦੋਸ਼ੀ ਨਹੀਂ ਮੰਨਦੀ"।

ਸੇਠ ਨੇ ਵੇਖਿਆ ਕਿ ਚੰਦਨਾ ਤਿੰਨ ਦਿਨ ਤੋਂ ਭੁੱਖੀ ਪਿਆਸੀ ਹੈ ਅਤੇ ਘਰ ਵਿੱਚ ਇਸ ਸਮੇਂ ਖਾਣ ਦੀ ਕੋਈ ਵਸਤੂ ਵੀ ਨਹੀਂ ਹੈ। ਅਚਾਨਕ ਹੀ ਉਸ ਨੂੰ ਖਿਆਲ ਆਇਆ ਕਿ ਘੋੜੀਆਂ ਲਈ ਉਬਾਲ ਕੇ ਰੱਖੇ ਉੜਦ ਦੀਆਂ ਬਕਲੀਆਂ ਪਈਆਂ ਹਨ। ਉਸ ਨੇ ਉਹ ਬਕਲੀਆਂ ਛੱਜ ਵਿੱਚ ਪਾ ਕੇ ਚੰਦਨਾ ਨੂੰ ਦੇਂਦੇ ਹੋਏ ਕਿਹਾ, "ਧੀਏ! ਤੂੰ ਇਹ ਬਕਲੀਆਂ ਖਾ ਲੈ ਅਤੇ ਮੈਂ ਛੇਤੀ ਹੀ ਲੁਹਾਰ ਨੂੰ ਬੁਲਾਉਂਦਾ ਹਾਂ ਅਤੇ ਤੇਰੀਆਂ ਬੇੜੀਆਂ ਕਟਵਾਉਂਦਾ ਹਾਂ"।

ਸੇਠ ਨੂੰ ਆਪਣੀ ਪਤਨੀ ਮੂਲ਼ਾ ਦੀ ਕਰਤੂਤ ਪਤਾ ਲੱਗ ਗਈ ਸੀ। ਉਹ ਲੁਹਾਰ ਨੂੰ ਲੈਣ ਲਈ ਚਲਾ ਗਿਆ। ਇਧਰ ਚੰਦਨ ਬਾਲਾ ਭੋਰੇ ਦੇ ਦਰਵਾਜੇ ਅੰਦਰ ਛੱਜ ਵਿੱਚ ਪਈਆਂ ਉੜਦ ਦੀਆਂ ਬੱਕਲੀਆਂ ਖਾਣ ਬਾਰੇ ਸੋਚ ਰਹੀ ਸੀ ਤਾਂ ਉਸ ਨੂੰ ਖਿਆਲ ਆਇਆ ਕਿ ਮੈਂ ਆਪਣੀ ਤਿੰਨ ਦਿਨ ਦੀ ਤੱਪਸੀਆ ਦਾ ਲਾਭ ਲਵਾਂ ਅਤੇ ਇਸ ਭੋਜਨ ਵਿੱਚੋਂ ਕਿਸੇ ਮਹਾਤਮਾ ਨੂੰ ਸੁਪਾਤਰਦਾਨ ਦੇ ਕੇ, ਫਿਰ ਹੀ ਭੋਜਨ ਕਰਾਂ"।

ਉਹਨਾਂ ਦਿਨਾਂ ਵਿੱਚ ਭਗਵਾਨ ਮਹਾਵੀਰ ਲੰਬੀ ਤਪਸਿੱਆ ਖੋਲਨ ਲਈ ਘੁੰਮ ਰਹੇ ਸਨ। ਉਨ੍ਹਾਂ 15 ਗੁਪਤ ਪ੍ਰਤਿਗਿਆਵਾਂ ਕੀਤੀਆਂ ਹੋਈਆ ਸਨ। ਉਨ੍ਹਾਂ ਦੇ ਪੂਰੇ ਹੋਣ 'ਤੇ ਹੀ ਉਨ੍ਹਾਂ ਵਰਤ ਖੋਲਨਾ ਸੀ ਅਤੇ ਇਹ ਭਗਵਾਨ ਮਹਾਵੀਰ ਜੀ ਦੀ ਤੱਪਸਿਆ ਦਾ ਆਖਰੀ ਸਾਲ ਵੀ ਸੀ। 5 ਮਹੀਨੇ 25 ਦਿਨ ਹੋ ਗਏ ਸਨ ਪਰ ਪ੍ਰਭੂ ਮਹਾਵੀਰ ਦੀ ਪ੍ਰਤਿਗਿਆ ਦੇ

ਬੋਲ ਪੂਰੇ ਨਹੀਂ ਹੋ ਰਹੇ ਸਨ। ਇਸ ਗੱਲ ਨੂੰ ਲੈ ਕੇ ਰਾਜਾ ਅਤੇ ਪ੍ਰਜਾ ਸਭ ਫਿਕਰ ਮੰਦ ਸਨ ਉਹ ਨਹੀਂ ਜਾਣਦੇ ਸਨ ਕਿ ਭਗਵਾਨ ਮਹਾਵੀਰ ਦੀਆਂ ਗੁਪਤ ਪ੍ਰਤਿਗਿਆਵਾਂ ਕੀ ਸਨ।

ਇੱਕ ਦਿਨ ਇਸ ਨਗਰ ਵਿੱਚ ਘੁੰਮਦੇ ਹੋਏ ਉਹ ਚੰਦਨਾ ਦੇ ਘਰ ਵੱਲ ਰਵਾਨਾ ਹੋਏ। ਉਹਨਾਂ ਵੇਖਿਆ ਕਿ ਉਹਨਾਂ ਦੀ ਇੱਕ ਪ੍ਰਤਿਗਿਆ ਨੂੰ ਛੱਡ ਕੇ ਬਾਕੀ ਸਾਰੀਆਂ ਪੂਰੀਆਂ ਹੋ ਚੁੱਕੀਆਂ ਸਨ। ਉਹ ਪ੍ਰਤਿਗਿਆ ਸੀ ਕਿ ਭਿੱਖਿਆ ਦੇਣ ਵਾਲੇ ਦੀ ਅੱਖਾਂ ਵਿੱਚ ਹੰਝੂ ਹੋਣ। ਜਦੋਂ ਭਗਵਾਨ ਮਹਾਵੀਰ ਚੰਦਨ ਬਾਲਾ ਦੇ ਘਰ ਆਏ ਤਾਂ ਉਹ ਖੁਸ਼ ਸੀ ਅਤੇ ਜਦੋਂ ਭਗਵਾਨ ਮਹਾਵੀਰ ਬਿਨ੍ਹਾਂ ਭਿੱਖਿਆ ਲਏ ਵਾਪਸ ਜਾਣ ਲੱਗੇ, ਤਾਂ ਚੰਦਨ ਬਾਲਾ ਦੀਆਂ ਅੱਖਾਂ ਵਿੱਚ ਹੰਝੂ ਆ ਗਏ। ਇਸ ਤਰ੍ਹਾਂ ਭਗਵਾਨ ਮਹਾਵੀਰ ਦੀਆਂ ਸਾਰੀਆਂ ਗੁਪਤ ਪ੍ਰਤਿਗਿਅਵਾਂ (ਅਭਿਗ੍ਰਹਿ) ਪੂਰੀਆਂ ਹੋ ਗਈਆਂ ਅਤੇ ਉਹਨਾਂ ਨੇ ਚੰਦਨ ਬਾਲਾ ਕੋਲੋਂ ਭਿਖਿਆ ਗ੍ਰਹਿਣ ਕੀਤੀ।

ਇਸ ਦਾਨ ਤੋਂ ਖੁਸ਼ ਹੋ ਕੇ ਦੇਵਤਿਆਂ ਨੇ ਸਵਰਗਾਂ ਤੋਂ ਸੋਨੇ, ਰਤਨਾ, ਖੁਸ਼ਬੂਦਾਰ ਜਲ ਅਤੇ ਫੁੱਲਾਂ ਆਦਿ ਦੀ ਵਰਖਾ ਕੀਤੀ। ਪ੍ਰਭੂ ਨੇ ਹੱਥ ਫੈਲਾਇਆ ਚੰਦਨ ਬਾਲਾ ਨੇ ਜਿਵੇਂ ਹੀ ਭਿੱਖਿਆ ਦਿਤੀ, ਉਸੇ ਸਮੇਂ ਉਸ ਦੀਆਂ ਬੇੜੀਆਂ ਟੁੱਟ ਗਈਆਂ ਅਤੇ ਉਸ ਦੇ ਸਿਰ ‘ਤੇ ਨਵੇਂ ਕੇਸ ਉੱਗ ਆਏ। ਉਹ ਫਿਰ ਤੋਂ ਸੁੰਦਰ ਰਾਜਕੁਮਾਰੀ ਬਣ ਗਈ।

ਉਸ ਸਮੇਂ ਨਗਰ ਵਿੱਚ ਭਗਵਾਨ ਮਹਾਵੀਰ ਦੇ ਲੰਬੇ ਅਭਿਗ੍ਰਹਿ ਦੀ ਚਰਚਾ ਰਾਜ ਦਰਬਾਰ ਤੱਕ ਪਹੁੰਚ ਚੁੱਕੀ ਸੀ। ਜਦ ਰਾਜੇ ਨੂੰ ਪਤਾ ਲੱਗਾ ਕਿ ਭਗਵਾਨ ਮਹਾਵੀਰ ਨੇ ਇੱਕ ਦਾਸੀ ਹੱਥੋਂ ਅੱਪਣਾ ਲੰਬਾ ਵਰਤ ਖੋਲਿਆ ਹੈ ਤਾਂ ਉਹ ਪਰਿਵਾਰ ਸਮੇਤ ਚੰਦਨ ਬਾਲਾ ਨੂੰ ਮਿਲਣ ਸੇਠ ਦੇ ਘਰ ਆਇਆ। ਰਾਜੇ ਨੇ ਚੰਦਨ ਬਾਲਾ ਨੂੰ ਅਪਣੀ ਪੁੱਤਰੀ ਮੰਨ ਕੇ ਮੁੜ ਮਹਿਲ ਵਿੱਚ ਸਥਾਨ ਦਿਤਾ। ਮਹਿਲ ਵਿੱਚ ਪਹੁੰਚਦੇ ਹੀ ਰਾਣੀ ਨੇ ਚੰਦਨ ਬਾਲਾ ਨੂੰ ਪਹਿਚਾਣ ਲਿਆ ਕਿਉਂਕਿ ਚੰਦਨ ਬਾਲਾ ਉਸ ਦੀ ਰਿਸ਼ਤੇ ਵਿੱਚ ਭਾਂਜੀ ਲੱਗਦੀ ਸੀ।

ਚੰਦਨਾ ਦਾ ਮਨ ਸੰਸਾਰ ਦੇ ਕਾਮ ਭੋਗਾਂ ਵਿੱਚ ਨਹੀਂ ਸੀ। ਕੁੱਝ ਸਮਾਂ ਬਾਅਦ ਭਗਵਾਨ ਮਹਾਵੀਰ ਨੂੰ, ਜਦੋਂ ਕੇਵਲ ਗਿਆਨ ਹੋ ਗਿਆ ਤਾਂ ਚੰਦਨ ਬਾਲਾ ਭਗਵਾਨ ਮਹਾਵੀਰ ਦੀ ਪਹਿਲੀ ਸਾਧਵੀ ਬਣੀ ਅਤੇ ਭਗਵਾਨ ਮਹਾਵੀਰ ਦੀਆਂ 36000 ਸਾਧਵੀਆਂ ਦੀ ਪ੍ਰਮੁੱਖ ਵੀ ਬਣੀ।

ਚੰਦਨ ਬਾਲਾ ਨੇ ਵੀ ਲੰਬਾ ਸਮਾਂ ਸਾਧਵੀ ਜੀਵਨ ਬਤੀਤ ਕਰਕੇ ਕੇਵਲ ਗਿਆਨ ਨੂੰ ਪ੍ਰਾਪਤ ਕਰਕੇ ਕਰਮ ਬੰਧਨਾਂ ਨੂੰ ਤੋੜਿਆ ਅਤੇ ਜਨਮ ਮਰਨ ਦੇ ਬੰਧਨਾਂ ਤੋਂ ਛੁਟਕਾਰਾ ਪਾ ਕੇ ਮੋਕਸ਼ ਪ੍ਰਾਪਤ ਕੀਤਾ। ਇਹ ਦਾਨ ਦਾ ਹੀ ਪ੍ਰਭਾਵ ਹੈ ਕਿ ਇਕ ਦਾਸੀ ਨੇ ਮਾਮੂਲੀ ਭੋਜਨ ਦਾਨ ਕਰਕੇ ਮੋਕਸ਼ ਪ੍ਰਾਪਤ ਕਰ ਲਿਆ।

3

# ਰੇਵਤੀ ਉਪਾਸਿਕਾ

ਭਗਵਾਨ ਮਹਾਵੀਰ ਨੂੰ ਕੇਵਲ ਗਿਆਨ ਪ੍ਰਾਪਤ ਕੀਤੇ 13 ਸਾਲ ਬੀਤ ਚੁੱਕੇ ਸਨ, 14 ਵੇਂ ਸਾਲ ਭਗਵਾਨ ਮਹਾਵੀਰ ਮੇਡੀਆ ਗ੍ਰਾਮ ਪਧਾਰੇ, ਲੋਕ ਦਰਸ਼ਨ ਅਤੇ ਪ੍ਰਵਚਨ ਸੁਨਣ ਲਈ ਆਉਣ ਲੱਗੇ। ਪ੍ਰਭੂ ਮਹਾਵੀਰ ਦਾ ਇਕ ਵਿਗੜਿਆ ਚੇਲਾ ਮੰਖਲੀ ਪੁਤਰ ਗੋਸ਼ਾਲਕ ਜੋ ਕਿ ਨਿਯਤੀਵਾਦ ਮਤ ਦਾ ਸੰਸਥਾਪਕ ਸੀ, ਉਹ ਵੀ ਅਪਣੇ ਚੇਲਿਆ ਨਾਲ ਉਸੇ ਨਗਰ ਵਿੱਚ ਘੁੰਮ ਰਿਹਾ ਸੀ। ਗੋਸ਼ਾਲਕ ਅਪਣੇ ਆਪ ਨੂੰ ਤੀਰਥੰਕਰ ਅਖਵਾਉਣ ਲੱਗ ਪਿਆ ਸੀ। ਇਸ ਕਾਰਨ ਆਮ ਲੋਕਾਂ ਵਿੱਚ ਇਹ ਭਰਮ ਫੈਲ ਗਿਆ ਕਿ ਅਸਲ ਤੀਰਥੰਕਰ ਕੌਣ ਹੈ, ਗੋਸ਼ਾਲਕ ਜਾਂ ਵਰਧਮਾਨ ਮਹਾਵੀਰ?

ਗੋਸ਼ਾਲਕ ਇੱਕ ਦਿਨ ਭਗਵਾਨ ਮਹਾਵੀਰ ਜੀ ਦੀ ਧਰਮ ਸਭਾ ਵਿੱਚ ਬਹਿਸ਼ ਕਰਨ ਆਇਆ। ਭਗਵਾਨ ਮਹਾਵੀਰ ਨੇ ਆਪਣੇ ਚੇਲਿਆਂ ਨੂੰ ਪਹਿਲਾਂ ਹੀ ਆਖ ਦਿਤਾ ਸੀ ਕਿ ਗੋਸ਼ਾਲਕ ਆ ਰਿਹਾ ਹੈ ਇਹ ਮੇਰਾ ਚੇਲਾ ਰਿਹਾ ਹੈ ਅਤੇ ਹੁਣ ਰਾਹ ਤੋਂ ਭਟਕ ਗਿਆ ਹੈ। ਇਸ ਲਈ ਉਸ ਨਾਲ ਕੋਈ ਬਹਿਸ਼ ਨਾ ਕਰੇ। ਪਰ ਇੱਕ ਚੇਲੇ ਤੋਂ ਗੋਸ਼ਾਲਕ ਦੀਆਂ ਭਗਵਾਨ ਪ੍ਰਤੀ ਗਲਤ ਗੱਲਾਂ ਸਹਿਣ ਨਾ ਹੋਈਆਂ, ਜਦ ਉਸ ਨੇ ਗੋਸ਼ਾਲਕ ਨੂੰ ਸਮਝਾਉਣਾ ਚਾਹਿਆ ਤਾਂ ਗੋਸ਼ਾਲਕ ਨੇ ਆਪਣੇ ਕੋਲ ਪ੍ਰਾਪਤ ਤੇਜੋਲੇਸ਼ਿਆ (ਜਲਾਉਣ ਦੀ ਸ਼ਕਤੀ) ਨਾਲ ਉਸ ਚੇਲੇ ਨੂੰ ਭਸਮ ਕਰ ਦਿੱਤਾ। ਇਸੇ ਪ੍ਰਕਾਰ ਇਕ ਹੋਰ ਚੇਲੇ ਨੂੰ ਵੀ ਗੋਸ਼ਾਲਕ ਦੇ ਕਰੋਧ ਦਾ ਸ਼ਿਕਾਰ ਹੋਣਾ ਪਿਆ।

ਲੋਕ ਗੋਸ਼ਾਲਕ ਦੇ ਕਰੋਧ ਤੋਂ ਡਰ ਗਏ, ਗੋਸ਼ਾਲਕ ਨੇ ਇਹ ਸ਼ਕਤੀ ਦਾ ਗਿਆਨ ਵੀ ਭਗਵਾਨ ਮਹਾਵੀਰ ਕੋਲੋਂ ਉਹਨਾਂ ਦੇ ਤਪਸਿੱਆ ਕਾਲ ਸਮੇਂ ਸਿੱਖਿਆ ਸੀ। ਪਰ ਅੱਜ ਉਸ ਨੇ ਧਰਮਸਭਾ ਵਿੱਚ ਭਗਵਾਨ ਮਹਾਵੀਰ ਦੇ ਉੱਪਰ ਇਸ ਸ਼ਕਤੀ ਦਾ ਪ੍ਰਯੋਗ ਕੀਤਾ।

ਉਹ ਤੀਰਥੰਕਰ ਦੀ ਸ਼ਕਤੀ ਨੂੰ ਨਹੀਂ ਜਾਣਦਾ ਸੀ ਕਿ ਇਹ ਸ਼ਕਤੀ ਤੀਰਥੰਕਰ ਉੱਪਰ ਅਸਰ ਨਹੀਂ ਕਰਦੀ। ਗੋਸ਼ਾਲਕ ਦੀਆਂ ਛੱਡੀਆਂ ਤੇਜੋਲੇਸ਼ਿਆ ਸ਼ਕਤੀ ਦੀਆਂ ਚੰਗਾਰੀਆਂ ਭਗਵਾਨ ਮਹਾਵੀਰ ਦੇ ਆਲੇ ਦੁਆਲੇ ਚੱਕਰ ਲਗਾ ਕੇ ਵਾਪਸ ਗੋਸ਼ਾਲਕ ਦੇ ਸ਼ਰੀਰ ਵਿੱਚ ਪ੍ਰਵੇਸ਼ ਕਰ ਗਈਆਂ। ਇਸ ਦੇ ਪ੍ਰਭਾਵ ਕਾਰਨ ਉਸ ਦਾ ਸਰੀਰ ਅੱਗ ਵਿੱਚ ਜਲਨ ਲੱਗਾ ਅਤੇ ਅੱਠ ਦਿਨ ਬਾਅਦ ਉਸ ਦੀ ਮੌਤ ਹੋ ਗਈ।

ਤੇਜੋਲੇਸ਼ਿਆ ਦਾ ਕੁੱਝ ਗਰਮ ਪ੍ਰਭਾਵ ਭਗਵਾਨ ਮਹਾਵੀਰ ਦੇ ਸਰੀਰ ਉੱਪਰ ਵੀ ਪਿਆ ਜਿਸ ਕਾਰਨ ਉਹਨਾਂ ਦੇ ਸਰੀਰ ਵਿੱਚ ਗਰਮੀ ਕਾਰਨ ਦਸਤ ਲੱਗ ਗਏ। ਭਗਵਾਨ ਮਹਾਵੀਰ ਦੀ ਬਿਮਾਰੀ ਕਾਰਨ ਸਾਰੇ ਧਰਮ ਸੰਘ ਵਿੱਚ ਸ਼ੋਗ ਛਾ ਗਿਆ। ਭਗਵਾਨ ਮਹਾਵੀਰ ਨੇ ਆਪਣੇ ਚੇਲਿਆਂ ਨੂੰ ਵਿਸ਼ਵਾਸ਼ ਦਿਵਾਇਆ ਕਿ ਗੋਸ਼ਾਲਕ ਰਾਹੀਂ ਛੱਡੀ ਤੇਜੋਲੇਸ਼ਿਆ ਸ਼ਕਤੀ ਦਾ, ਮੇਰੇ ਉੱਪਰ ਕੋਈ ਪ੍ਰਭਾਵ ਨਹੀਂ ਇਹ ਮਾਮੂਲੀ ਤਕਲੀਫ ਛੇਤੀ ਹੀ ਠੀਕ ਹੋ ਜਾਵੇਗੀ।

ਮਾਲੁਕਾਕੱਛ ਦਾ ਰਹਿਣ ਵਾਲਾ ਸਿੰਘ ਨਾਂ ਦਾ ਮੁਨੀ ਤਾਂ ਇਹ ਬਿਮਾਰੀ ਦੀ ਗੱਲ ਸੁਣ ਕੇ ਰੋਣ ਲੱਗ ਪਿਆ। ਭਗਵਾਨ ਮਹਾਵੀਰ ਨੇ ਉਸ ਮੁਨੀ ਨੂੰ ਅਪਣੇ ਕੋਲ ਬੁਲਾਇਆ ਅਤੇ ਆਖਿਆ ਮੇਰੀ ਆਤਮਾ ਸ਼ੁਕਲ ਧਿਆਨ ਵਿੱਚ ਲੀਨ ਹੈ, ਫਿਰ ਤੁਸੀਂ ਫਿਕਰ ਕਿਉਂ ਕਰਦੇ ਹੋ? ਫਿਰ ਵੀ ਜੇ ਤੁਸੀਂ ਮੇਰੀ ਸਰੀਰਕ ਪੀੜਾ ਤੋਂ ਦੁਖੀ ਹੋ ਤਾਂ ਰੇਵਤੀ ਉਪਾਸ਼ਿਕਾ ਦੇ ਘਰ ਜਾਵੋ, ਉਸ ਨੇ ਜੋ ਦਵਾਈ ਮੇਰੇ ਲਈ ਤਿਆਰ ਕੀਤੀ ਹੈ, ਉਹ ਨਾ ਲੈ ਕੇ ਆਵੋ। ਉਸ ਦੇ ਘਰ ਇਕ ਹੋਰ ਦਵਾਈ ਬਿਜੋਰਾਪਾਕ (ਪੇਠਾ) ਤਿਆਰ ਹੈ। ਉਹ ਮੇਰੇ ਲਈ ਨਮਿਤ ਨਹੀਂ ਹੈ ਉਹ ਲੈ ਆਉ।

ਸਿੰਘ ਮੁੰਨੀ ਭਗਵਾਨ ਦੀ ਗੱਲ ਸੁਣ ਕੇ ਖੁਸ਼ ਹੋ ਗਿਆ ਉਹ ਰੇਵਤੀ ਦੇ ਘਰ ਗਿਆ ਅਤੇ ਉਸ ਤੋਂ ਬਿਜੋਰਾਪਾਕ ਦਵਾਈ ਮੰਗ ਕੇ ਲੈ ਆਇਆ। ਇਸ ਦਵਾਈ ਨੂੰ ਗ੍ਰਹਿਣ

ਕਰਨ ਨਾਲ ਭਗਵਾਨ ਮਹਾਵੀਰ ਦਾ ਸਰੀਰ ਨਿਰੋਗ ਹੋ ਗਿਆ। ਦੇਵਤੇ ਅਤੇ ਮੱਨੁਖਾਂ ਵਿੱਚ ਖੁਸ਼ੀ ਛਾ ਗਈ।

ਰੇਵਤੀ ਨੇ ਇਹ ਦਾਨ ਕਰਕੇ ਆਪਣੇ ਲਈ ਤੀਰਥੰਕਰ ਗੋਤਰ ਪ੍ਰਾਪਤ ਕੀਤਾ ਭਵਿਖ ਵਿੱਚ ਉਹ ਵੀ ਆਉਣ ਵਾਲੇ 24 ਤੀਰਥੰਕਰਾਂ ਦੀ ਪ੍ਰੰਪਰਾ ਵਿੱਚ ਤੀਰਥੰਕਰ ਬਣੇਗੀ। ਇਹ ਸਭ ਸੁਪਾਤਰ ਦਾਨ ਦਾ ਫਲ ਹੈ।

4

## ਕਯੱਵਨਾ ਸੇਠ

ਪੁਰਾਣੇ ਸਮੇਂ ਵਿਚ ਮਗੱਧ ਨਾਂ ਦਾ ਦੇਸ ਸੀ। ਉਸ ਦੀ ਰਾਜਧਾਨੀ ਰਾਜਗ੍ਰਹਿ ਸੀ। ਉਸ ਨਗਰ ਵਿੱਚ ਇਕ ਧਨਦੱਤ ਨਾਂ ਦਾ ਸੇਠ ਰਹਿੰਦਾ ਸੀ। ਢਲਦੀ ਉਮਰ ਦੇ ਆਖਰੀ ਸਮੇਂ ਉਸ ਦੇ ਇਕ ਪੁੱਤਰ ਕਯੱਵਨਾ ਹੋਇਆ। ਜਨਮ ਤੋਂ ਹੀ ਉਹ ਗਿਆਨੀ ਅਤੇ ਸੰਸਾਰਿਕ ਭੋਗ ਵਿਲਾਸਾ ਤੋਂ ਦੂਰ ਸੀ। ਉਹ ਹਮੇਸ਼ਾਂ ਗਿਆਨ ਧਿਆਨ ਵਿੱਚ ਸਮਾਂ ਗੁਜ਼ਾਰਦਾ ਸੀ।

ਨੌਜਵਾਨ ਹੋਣ ‘ਤੇ ਉਸ ਦੇ ਪਿਤਾ ਨੇ ਕਯੱਵਨਾ ਦੀ ਸ਼ਾਦੀ, ਜੈਸ਼੍ਰੀ ਨਾਂ ਦੀ ਸੁੰਦਰ ਕੰਨਿਆ ਨਾਲ ਕਰ ਦਿਤੀ। ਜੈਸ਼੍ਰੀ ਦੀ ਸੁੰਦਰਤਾ ਵੀ ਉਸ ਨੂੰ ਸੰਸਾਰ ਦੀ ਦਲ ਦਲ ਵਿੱਚ ਨਾ ਫਸਾ ਸਕੀ। ਜੈਸ਼੍ਰੀ ਨੇ ਆਪਣਾ ਦੁੱਖ ਅਪਣੀ ਸੱਸ ਵਸੂਮਤੀ ਨੂੰ ਸੁਣਾਇਆ। ਵਸੂਮਤੀ ਨੇ ਆਪਣੀ ਨੂੰਹ ਦਾ ਦੁੱਖ ਸੇਠ ਧਨਦੱਤ ਨੂੰ ਦੱਸਿਆ। ਸੇਠ ਪਹਿਲਾਂ ਹੀ ਆਪਣੇ ਪੁੱਤਰ ਤੋਂ ਪਰੇਸ਼ਾਨ ਸੀ, ਕਿਉਂਕਿ ਉਹ ਵਿਉਪਾਰ ਧੰਦੇ ਵਿੱਚ ਹਿੱਸਾ ਨਹੀਂ ਲੈਂਦਾ ਸੀ।

ਸੇਠ ਨੇ ਅਪਣੀ ਪਤਨੀ ਨਾਲ ਵਿਚਾਰ ਕਰਕੇ ਅਪਣੇ ਪੁਤਰ ਨੂੰ ਸ਼ਹਿਰ ਦੇ ਕੁੱਝ ਚੁਣੇ ਹੋਏ ਕਾਮਭੋਗੀ ਲੋਕਾਂ ਨਾਲ ਮਿਲਵਾ ਦਿੱਤਾ, ਤਾਂ ਕਿ ਕਯੱਵਨਾ ਕੁਮਾਰ ਦਾ ਮਨ ਬਦਲ ਜਾਵੇ। ਕਾਮਭੋਗੀਆਂ ਦੀਆਂ ਹਰਕਤਾਂ ਦਾ ਅਸਰ ਕਯੱਵਨਾ ਕੁਮਾਰ ‘ਤੇ ਪੂਰੀ ਤਰ੍ਹਾਂ ਹੋਇਆ। ਉਹ ਕੁੱਝ ਦਿਨਾਂ ਵਿੱਚ ਹੀ ਉਹਨਾਂ ਦੀ ਤਰ੍ਹਾਂ ਦਾ ਕਾਮਭੋਗੀ ਹੋ ਗਿਆ। ਉਹ ਜਲਦੀ ਹੀ ਦੇਵਦਤ ਨਾਂ ਦੀ ਇਕ ਵੇਸ਼ਿਆ ਦੇ ਮੋਹ ਜਾਲ ਵਿੱਚ ਫਸ ਗਿਆ। ਉਸ ਨੂੰ ਵੇਸ਼ਿਆ ਨਾਲ ਰਹਿੰਦੇ 12 ਸਾਲ ਬੀਤ ਗਏ, ਕਾਮ ਭੋਗ ਵਿੱਚ ਡੁੱਬੇ ਕਯੱਵਨਾ ਕੁਮਾਰ ਨੂੰ ਘਰ ਬਿਲਕੁਲ ਭੁੱਲ ਚੁਕਾ ਸੀ। ਇਕ ਵਾਰ ਪਰਿਵਾਰ ਦਾ ਨੌਕਰ ਸੁਨੇਹਾ ਲੈ ਕੇ ਆਇਆ, ਕਯੱਵਨਾ ਨੇ ਉਸ ਨੌਕਰ ਨੂੰ ਕਿਹਾ, “ਅਜੇ ਤਾਂ ਮੈਨੂੰ ਇਥੇ ਆਏ 12 ਦਿਨ ਵੀ ਪੂਰੇ ਨਹੀਂ

ਹੋਏ ਹਨ ਤੁਸੀਂ ਪ੍ਰੇਮ ਵਸ 12 ਦਿਨਾਂ ਨੂੰ 12 ਸਾਲ ਕਹਿ ਰਹੇ ਹੋ। ਘਰ ਜਾ ਕੇ ਮੇਰੇ ਜਲਦ ਆਉਣ ਦੀ ਸੂਚਨਾ ਦੇਣਾ"।

ਨੌਕਰ ਪਰਤ ਕੇ ਘਰ ਚਲਾ ਗਿਆ ਅਤੇ ਕਯੱਵਨਾ ਕੁਮਾਰ ਦੀ ਸਾਰੀ ਕਹਾਣੀ ਬਿਆਨ ਕੀਤੀ। ਲੰਬਾ ਸਮਾਂ ਗੁਜਰ ਜਾਣ 'ਤੇ ਵੀ ਕਯੱਵਨਾ ਕੁਮਾਰ ਘਰ ਨਹੀਂ ਆਇਆ ਤਾਂ ਉਸ ਸਮੇਂ ਉਸ ਦੀ ਯਾਦ ਵਿੱਚ ਉਸ ਦੇ ਮਾਂ ਪਿਓ ਮੌਤ ਨੂੰ ਪ੍ਰਾਪਤ ਹੋ ਗਏ।

ਹੁਣ ਘਰ ਵਿੱਚ ਇਕਲੀ ਜੈਸ਼੍ਰੀ ਰਹਿ ਗਈ, ਉਹ ਚਰਖਾ ਕੱਤਕੇ ਗੁਜ਼ਾਰਾ ਕਰਨ ਲਗੀ। ਜੈਸ਼੍ਰੀ ਦੁੱਖੀ ਰਹਿਣ ਲੱਗੀ, ਇਕ ਦਿਨ ਜਦ ਉਹ ਅਪਣੇ ਘਰ ਵਿੱਚ ਪਾਲੀ ਹੋਈ ਮੈਨਾ ਅੱਗੇ ਆਪਣਾ ਦੁਖੜਾ ਰੋਣ ਲੱਗੀ, ਤਾਂ ਉਸ ਸਮੇਂ ਕਯਵੱਨਾ ਕੁਮਾਰ ਸਾਹਮਣੇ ਆ ਕੇ ਆਪਣੀ ਗਲਤੀ ਦੀ ਮੁਆਫੀ ਮੰਗਣ ਲਗਾ, ਜੈਸ਼੍ਰੀ ਪਤੀ ਨੂੰ ਪਾ ਕੇ ਧਨ ਹੋ ਗਈ।

ਇਕ ਦਿਨ ਦੇਵਦਤਾ ਦੇ ਬਾਹਰ ਜਾਣ 'ਤੇ ਉਸ ਵੇਸ਼ਿਆ ਦੀ ਮਾਂ ਨੇ ਕਯਵੱਨਾ ਕੁਮਾਰ ਨੂੰ ਘਰੋਂ ਬਾਹਰ ਕੱਢ ਦਿਤਾ, ਕਿਉਂਕਿ ਵੇਸ਼ਿਆਵਾਂ ਧਨ ਦੀਆਂ ਭੁਖੀਆਂ ਹੁੰਦੀਆਂ ਹਨ ਅਤੇ ਧਨ ਖਤਮ ਹੋ ਜਾਣ 'ਤੇ ਉਹ ਆਦਮੀ ਨੂੰ ਘਰ ਤੋਂ ਬਾਹਰ ਕੱਢ ਦਿੰਦੀਆਂ ਹਨ। ਪਰ ਦੇਵਦਤਾ ਨੂੰ ਕਯਵੱਨਾ ਕੁਮਾਰ ਨਾਲ ਪ੍ਰੇਮ ਹੋ ਗਿਆ ਸੀ। ਉਹ ਜਦ ਵਾਪਿਸ ਆਈ ਤਾਂ ਕਯਵੱਨਾ ਕੁਮਾਰ ਨੂੰ ਅਪਣੇ ਘਰ ਨਾ ਪਾ ਕੇ ਉਸ ਨੇ ਕਯਵੱਨਾ ਕੁਮਾਰ ਦੇ ਘਰ ਜਾ ਕੇ ਆਪਣੇ ਸਾਰੇ ਗਹਿਣੇ ਉਸ ਨੂੰ ਭੇਂਟ ਕਰ ਦਿਤੇ। ਕਯਵੱਨਾ ਕੁਮਾਰ ਨੇ ਉਹਨਾਂ ਗਹਿਣਿਆਂ ਵਿਚੋਂ ਕੁੱਝ ਗਹਿਣੇ ਵੇਚ ਕੇ ਆਪਣਾ ਵਿਉਪਾਰ ਸ਼ੁਰੂ ਕੀਤਾ ਅਤੇ ਕੁੱਝ ਗਹਿਣੇ ਆਪਣੀਆਂ ਦੋਹਾਂ ਪਤਨੀਆਂ ਵਿੱਚ ਵੰਡ ਦਿਤੇ।

ਇਕ ਵਾਰ ਕਯਵੱਨਾ ਕੁਮਾਰ ਸਮੁੰਦਰੀ ਵਿਉਪਾਰ ਕਰਨ ਲਈ ਰਵਾਨਾ ਹੋਇਆ। ਉਸ ਨੇ ਦੋਹਾਂ ਪਤਨੀਆਂ ਨੂੰ ਪ੍ਰੇਮ ਪੂਰਵਕ ਰਹਿਣ ਦੀ ਸਲਾਹ ਦਿਤੀ। ਦੋਹਾਂ ਪਤਨੀਆਂ ਨੇ ਪ੍ਰੇਮ ਪੂਰਵਕ ਕਯਵੱਨਾ ਕੁਮਾਰ ਨੂੰ ਵਿਦਾ ਕੀਤਾ। ਜਹਾਜ ਦੂਸਰੇ ਦਿਨ ਜਾਣਾ ਸੀ। ਕਯਵੱਨਾ

ਘਰ ਦੇ ਬਾਹਰ ਇਕ ਮੰਦਰ ਵਿੱਚ ਸੌ ਗਿਆ। ਉਸ ਜਗ੍ਹਾ 'ਤੇ ਇਕ ਬੁਢੀ ਚਾਰ ਨੌਜਵਾਨ ਲੜਕੀਆਂ ਨਾਲ ਦੀਵਾ ਲੈ ਕੇ ਆਈ। ਉਸ ਬੁੱਢੀ ਨੇ ਚਾਰੇ ਲੜਕੀਆਂ ਨੂੰ ਆਖਿਆ ਇਸ ਦਾ ਮੰਜਾ ਲੈ ਚਲੋ। ਲੜਕੀਆਂ ਨੇ ਬੁੱਢੀ ਦੇ ਹੁਕਮ ਦੀ ਪਾਲਨਾ ਕਰਦੇ ਹੋਏ ਮੰਜਾ ਚੁੱਕ ਕੇ ਬੁਢੀ ਦੇ ਘਰ ਪਹੁੰਚਾ ਦਿਤਾ।

ਬੁੱਢੀ ਬਹੁਤ ਅਮੀਰ ਸੀ ਉਸ ਦਾ ਇੱਕਲੌਤਾ ਪੁੱਤਰ ਉਸੇ ਸ਼ਾਮ ਨੂੰ ਸੱਪ ਦੇ ਡੰਗਨ ਨਾਲ ਮਰ ਗਿਆ ਸੀ। ਰਾਜ ਨਿਯਮ ਅਨੁਸਾਰ ਪੁਤਰ ਹੀਨ ਦੀ ਸੰਪਤੀ ਦਾ ਮਾਲਕ ਪੁਰਾਣੇ ਸਮੇਂ ਵਿੱਚ ਰਾਜਾ ਹੁੰਦਾ ਸੀ। ਆਪਣੇ ਧਨ ਨੂੰ ਬਚਾਉਣ ਲਈ ਬੁੱਢੀ ਨੇ ਇਹ ਅਨੋਖੀ ਚਾਲ ਚੱਲੀ ਸੀ, ਮੰਜਾ ਚੁੱਕਣ ਵਾਲੀਆਂ ਚਾਰੇ ਹੀ ਉਸ ਦੀਆਂ ਨੂੰਹਾਂ ਸਨ। ਜੋ ਅਪਣੀ ਸੱਸ ਦਾ ਕਹਿਣਾ ਮੰਨਦੀਆਂ ਸਨ।

ਦੂਸਰੇ ਦਿਨ ਕਯੱਵਨਾ ਕੁਮਾਰ ਦੀ ਜਦੋਂ ਅੱਖ ਖੁਲੀ ਤਾਂ ਉਸ ਨੇ ਆਪਣੇ ਆਪ ਨੂੰ ਆਲੀਸ਼ਾਨ ਮਹਿਲ ਵਿੱਚ ਪਾਇਆ। ਉਹ ਚਾਰੇ ਲੜਕੀਆਂ ਉਸ ਨੂੰ ਵੇਖ ਰਹੀਆਂ ਸਨ। ਉਸੇ ਸਮੇਂ ਬੁੱਢੀ ਨੇ ਕਯਵੱਨਾ ਕੁਮਾਰ ਨੂੰ ਆਖਿਆ, "ਪੁੱਤਰ! ਸੁਸਤੀ ਛੱਡੋ" ਬੁੱਢੀ ਨੇ ਆਪਣੀਆਂ ਚਾਰੇ ਨੂੰਹਾਂ ਨੂੰ ਕਯਵੱਨਾ ਕੁਮਾਰ ਨੂੰ ਆਪਣਾ ਪਤੀ ਮੰਨਣ ਲਈ ਆਖਿਆ। ਇਸ ਪ੍ਰਕਾਰ 12 ਸਾਲ ਪੂਰੇ ਹੋ ਗਏ। ਇਹਨਾਂ ਚਾਰਾਂ ਲੜਕੀਆਂ ਦੇ ਇੱਕ ਇੱਕ ਪੁੱਤਰ ਹੋਇਆ। ਇਕ ਦਿਨ ਬੁੱਢੀ ਨੇ ਆਪਣੀਆਂ ਨੂੰਹਾਂ ਨੂੰ ਕਿਹਾ, "ਇਸ ਦੇ ਸੌਣ ਤੋਂ ਬਾਅਦ ਕਯਵੱਨਾ ਕੁਮਾਰ ਦੇ ਮੰਜੇ ਨੂੰ ਉਸੇ ਮੰਦਰ ਵਿੱਚ ਰੱਖ ਆਵੋ, ਕਿਉਂਕਿ ਹੁਣ ਇਸ ਦੀ ਕੋਈ ਜ਼ਰੂਰਤ ਨਹੀਂ ਹੈ" ਨੂੰਹਾਂ ਨੇ ਬੁੱਢੀ ਦੇ ਹੁਕਮ ਮੁਤਾਬਿਕ ਉਸ ਦਾ ਮੰਜਾ ਮੰਦਰ ਵਿੱਚ ਪਹੁੰਚਾ ਦਿਤਾ।

ਸਵੇਰ ਹੋਣ 'ਤੇ ਕਯਵੱਨਾ ਕੁਮਾਰ ਨੂੰ ਆਪਣੀਆਂ ਚਾਰ ਪਤਨੀਆਂ ਅਤੇ ਉਹਨਾਂ ਦੇ ਪੁੱਤਰਾਂ ਦੀ ਯਾਦ ਆਈ, ਉਸ ਨੂੰ ਜਾਪਿਆ ਕਿ ਇਹ ਸੁਪਨਾ ਸੀ। ਮੰਦਰ ਦੇ ਪੁਜਾਰੀ ਨੇ

ਕਯਵੱਨਾ ਨੂੰ ਘਰ ਪਹੁੰਚਾ ਦਿਤਾ। ਕਯਵੱਨਾ ਕੁਮਾਰ ਦੀ ਜੇਬ ਵਿੱਚ ਚਾਰ ਲੱਡੂ ਆ ਗਏ, ਘਰ ਪਹੁੰਚਣ 'ਤੇ ਉਸ ਦੀ ਪਤਨੀ ਜੈਸ਼੍ਰੀ ਅਤੇ ਉਸ ਦੇ ਪੁੱਤਰ ਨੇ ਉਸ ਦਾ ਸਵਾਗਤ ਕੀਤਾ।

ਕਯਵੱਨਾ ਕੁਮਾਰ ਨੇ ਇੱਕ ਲੱਡੂ ਆਪਣੇ ਪੁੱਤਰ ਨੂੰ ਖਾਣ ਲਈ ਦਿੱਤਾ, ਉਸ ਦਾ ਪੁੱਤਰ ਲੱਡੂ ਲੈ ਕੇ ਹਲਵਾਈ ਦੇ ਪੁੱਤਰ ਕੋਲ ਲੱਡੂ ਖਾਣ ਲਈ ਚਲਾ ਗਿਆ ਅਤੇ ਜਦੋਂ ਉਹ ਉੱਥੇ ਲੱਡੂ ਖਾਣ ਲੱਗਾ ਤਾਂ ਉਸ ਵਿੱਚੋਂ ਇਕ ਰਤਨ ਨਿਕਲਿਆ ਜਿਸ ਨੂੰ ਹਲਵਾਈ ਦਾ ਪੁੱਤਰ ਲੈ ਕੇ ਭੱਜ ਗਿਆ, ਕਯਵੱਨਾ ਕੁਮਾਰ ਦੇ ਪੁਤਰ ਨੇ ਉਸ ਦਾ ਪਿੱਛਾ ਕੀਤਾ ਹਲਵਾਈ ਨੇ ਉਸ ਨੂੰ ਹੋਰ ਲੱਡੂ ਦੇ ਦਿਤਾ ਅਤੇ ਰਤਨ ਰੱਖ ਲਿਆ। ਇਧਰ ਕਯਵੱਨਾ ਕੁਮਾਰ ਜਦੋਂ ਲੱਡੂ ਖਾਣ ਲੱਗਾ ਤਾਂ ਉਸ ਵਿੱਚੋਂ ਰਤਨ ਨਿਕਲੇ ਉਸ ਨੇ ਉਹਨਾਂ ਰਤਨਾਂ ਨੂੰ ਵੇਚ ਕੇ ਵਿਉਪਾਰ ਸ਼ੁਰੂ ਕਰ ਲਿਆ।

ਇੱਕ ਵਾਰ ਮਗਧ ਦੇ ਰਾਜੇ ਸ਼੍ਰੇਣਿਕ ਦਾ ਹਾਥੀ ਪਾਣੀ ਪੀਣ ਲਈ ਗਿਆ ਤਾਂ ਪਾਣੀ ਵਿੱਚ ਕਿਸੇ ਜੀਵ ਨੇ ਉਸ ਨੂੰ ਫੜ ਲਿਆ। ਬਹੁਤ ਕੋਸ਼ਿਸ ਕਰਨ 'ਤੇ ਵੀ ਹਾਥੀ ਪਾਣੀ ਵਿੱਚੋਂ ਨਹੀਂ ਨਿਕਲ ਸਕਿਆ। ਇਸ ਤੋਂ ਬਾਅਦ ਸ਼ਹਿਰ ਵਿੱਚ ਘੋਸ਼ਨਾ ਕੀਤੀ ਗਈ ਕਿ ਜੋ ਕੋਈ ਹਾਥੀ ਨੂੰ ਮੁਕਤ ਕਰਵਾਏਗਾ ਉਸ ਨੂੰ ਵੱਡਾ ਇਨਾਮ ਦਿਤਾ ਜਾਵੇਗਾ।

ਕਯਵੱਨਾ ਦੇ ਪੁਤਰ ਕੋਲੋਂ ਰਤਨ ਲੈਣ ਵਾਲੇ ਹਲਵਾਈ ਨੇ ਘੋਸ਼ਨਾ ਸੁਣੀ ਅਤੇ ਰਤਨ ਲੈ ਕੇ ਉੱਥੇ ਪਹੁੰਚ ਗਿਆ। ਰਤਨ ਦੀ ਸ਼ਕਤੀ ਨਾਲ ਉਸ ਨੇ ਹਾਥੀ ਨੂੰ ਮੁਕਤ ਕਰਵਾ ਦਿਤਾ, ਰਾਜਾ ਬਹੁਤ ਖੁਸ਼ ਹੋਇਆ, ਪਰ ਮੰਤਰੀ ਅਭੈ ਕੁਮਾਰ ਨੂੰ ਇਹ ਰਤਨ ਹਲਵਾਈ ਦਾ ਨਹੀਂ ਜਾਪਿਆ। ਉਸ ਨੇ ਹਲਵਾਈ ਨੂੰ ਸੱਚ ਆਖਣ ਲਈ ਕਿਹਾ। ਹਲਵਾਈ ਨੇ ਸੱਚ ਆਖਦੇ ਹੋਏ ਕਿਹਾ, "ਇਹ ਰਤਨ ਕਯਵੱਨਾ ਕੁਮਾਰ ਦਾ ਹੈ ਮੇਰਾ ਨਹੀਂ ਹੈ, ਮੈਂ ਉਸ ਦੇ ਪੁੱਤਰ ਤੋਂ ਪ੍ਰਾਪਤ ਕੀਤਾ ਹੈ"।

ਰਾਜੇ ਨੇ ਖੁਸ਼ ਹੋ ਕੇ ਆਪਣੀ ਲੜਕੀ ਦਾ ਵਿਆਹ ਕਯਵੱਨਾ ਕੁਮਾਰ ਨਾਲ ਕਰ ਦਿੱਤਾ ਅਤੇ ਉਸ ਨੂੰ ਬਹੁਤ ਸਾਰਾ ਧਨ ਦੇ ਕੇ ਸ਼ਾਹ ਬਣਾ ਦਿਤਾ। ਮੰਤਰੀ ਅਭੈ ਕੁਮਾਰ ਨਾਲ ਕਯਵੱਨਾ ਕੁਮਾਰ ਦੀ ਰਿਸ਼ਤੇਦਾਰੀ ਅਤੇ ਦੋਸਤੀ ਹੋ ਗਈ।

ਇੱਕ ਦਿਨ ਕਯਵੱਨਾ ਕੁਮਾਰ ਦੀਆਂ ਚਾਰ ਪਤਨੀਆਂ ਅਤੇ ਚਾਰੇ ਪੁੱਤਰ ਉਸ ਨੂੰ ਮਿਲਣ ਆਏ ਅਤੇ ਉਸ ਨਾਲ ਰਹਿਣ ਲੱਗੇ। ਇਹ ਸਭ ਅਭੈ ਕੁਮਾਰ ਦੀ ਬੁੱਧੀ ਦੇ ਕਾਰਨ ਹੋਇਆ। ਸਾਰੇ ਲੋਕ ਸੁਖ ਨਾਲ ਰਹਿਣ ਲੱਗੇ।

## ਪਿਛਲਾ ਜਨਮ:

ਇੱਕ ਵਾਰ ਸ਼੍ਰਮਣ ਭਗਵਾਨ ਮਹਾਵੀਰ ਰਾਜਗ੍ਰਹਿ ਨਗਰੀ ਵਿੱਚ ਪਧਾਰੇ ਰਾਜਾ ਸ਼੍ਰੇਣਿਕ ਅਤੇ ਕਯਵੱਨਾ ਸ਼ਾਹ ਵੀ ਅਪਣੇ ਪਰਿਵਾਰ ਨਾਲ ਪ੍ਰਭੂ ਦੇ ਦਰਸ਼ਨ ਕਰਨ ਲਈ ਆਇਆ, ਬੰਦਨਾ ਨਮਸਕਾਰ ਕਰਨ ਤੋਂ ਬਾਅਦ ਕਯਵੱਨਾ ਕੁਮਾਰ ਨੇ ਪ੍ਰਭੂ ਮਹਾਵੀਰ ਨੂੰ ਆਪਣੀ ਪ੍ਰਾਪਤ ਸੰਪਤੀ ਦਾ ਕਾਰਨ ਪੁੱਛਿਆ।

ਪ੍ਰਭੂ ਮਹਾਵੀਰ ਨੇ ਆਖਿਆ ਕਿ ਇਹ ਸਭ ਸੁੱਖ ਸੁਪਾਤਰ ਦਾਨ ਦਾ ਫਲ ਹੈ। ਪਿਛਲੇ ਜਨਮ ਵਿੱਚ ਤੁਸੀਂ ਸ਼ਾਲੀਗ੍ਰਾਮ ਵਿੱਚ ਇੱਕ ਗਵਾਲੇ ਦੇ ਪੁੱਤਰ ਸੀ, ਪਿਤਾ ਦੇ ਮਰ ਜਾਣ ਤੇ ਤੁਹਾਡੀ ਮਾਂ ਬਿਪਤਾ ਵਿੱਚ ਫਸ ਗਈ। ਇੱਕ ਦਿਨ ਗੁਆਂਢੀ ਨੂੰ ਖੀਰ ਖਾਂਦੇ ਵੇਖ ਤੂੰ ਵੀ ਆਪਣੀ ਮਾਂ ਤੋਂ ਖੀਰ ਦੀ ਮੰਗ ਕਰਨ ਲੱਗਾ। ਉਸ ਦਿਨ ਬੜੀ ਮੁਸ਼ਕਲ ਨਾਲ ਤੇਰੀ ਮਾਤਾ ਨੇ ਤੇਰੇ ਲਈ ਖੀਰ ਤਿਆਰ ਕਰਕੇ ਥਾਲੀ ਵਿੱਚ ਪ੍ਰੋਸ ਦਿਤੀ ਆਪ ਕਿਸੇ ਕੰਮ ਲਈ ਬਾਹਰ ਚਲੀ ਗਈ। ਉਸੇ ਸਮੇਂ ਭੋਜਨ ਦੀ ਤਲਾਸ਼ ਵਿੱਚ ਆਏ ਤਪਸਵੀ ਸਾਧੂ ਦੇ ਬਰਤਨ ਵਿੱਚ ਆਪਣੀ ਦਾਨ ਦੀ ਉੱਚ ਭਾਵਨਾ ਨਾਲ ਆਪਣੀ ਭੁੱਖ ਦੀ ਪਰਵਾਹ ਨਾ ਕਰਦੇ ਹੋਏ, ਆਪਣੀ ਸਾਰੀ ਖੀਰ ਪਾ ਦਿੱਤੀ ਅਤੇ ਆਪ ਖਾਲੀ ਥਾਲੀ ਚੱਟਨ ਲੱਗਾ। ਸਾਧੂ ਨੇ ਆਪ ਨੂੰ

ਧਰਮ ਲਾਭ ਆਖ ਕੇ ਉਪਦੇਸ਼ ਦਿਤਾ ਉਹੀ ਗੁਆਲਾ ਛੋਟੀ ਉਮਰ ਵਿੱਚ ਮਰਕੇ ਅੱਜ ਕਯਵੱਨਾ ਕੁਮਾਰ ਦੇ ਰੂਪ ਵਿੱਚ ਸੁੱਖ ਭੋਗ ਰਿਹਾ ਹੈ।

ਆਪਣਾ ਭੋਜਨ ਮੁਨੀ ਨੂੰ ਦੇਣ ਦੇ ਕਾਰਨ ਹੀ ਇਸ ਜਨਮ ਵਿੱਚ ਤੁਹਾਨੂੰ ਅਪਾਰ ਧਨ ਦੀ ਪ੍ਰਾਪਤੀ ਹੋਈ ਹੈ। ਆਪਣਾ ਪਿਛਲੇ ਜਨਮ ਦਾ ਵਰਨਣ ਸੁਣ ਕੇ ਕਯਵੱਨਾ ਕੁਮਾਰ ਦਾ ਸੁੱਤਾ ਵੈਰਾਗ ਜਾਗ ਉੱਠਾ। ਉਸ ਦੇ ਵੈਰਾਗ ਦਾ ਅਸਰ ਉਸ ਦੀਆਂ ਪਤਨੀਆਂ ਉੱਪਰ ਵੀ ਪਿਆ। ਸਾਰੇ ਪਰਿਵਾਰ ਨੇ ਸਾਧੂ ਜੀਵਨ ਦੇ ਮਹਾਂਵਰਤ ਅੰਗਿਕਾਰ ਕੀਤੇ, ਇਸ ਪ੍ਰਕਾਰ ਕਯਵੱਨਾ ਕੁਮਾਰ ਨੇ ਪਿਛਲੇ ਜਨਮ ਵਿੱਚ ਦਾਨ ਦੇਣ ਸਦਕਾ ਇਸ ਜਨਮ ਵਿੱਚ ਮਹਾਨ ਭੌਤਿਕ ਸੰਪਤੀ ਪ੍ਰਾਪਤ ਕੀਤੀ। ਇਸ ਨੇ ਵੀ ਕਰਮ ਜਾਲ ਕੱਟ ਕੇ ਕੇਵਲ ਗਿਆਨ ਹਾਸਲ ਕੀਤਾ।

5

# ਤਿਆਗੀ ਸੇਠ ਸ਼ਾਲੀ ਭੱਦਰ

## ਪਿਛਲਾ ਜਨਮ:

ਸ਼ਾਲੀ ਭੱਦਰ ਨੂੰ ਇਤਿਹਾਸ ਵਿੱਚ ਇੱਕ ਅਮੀਰ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ। ਪਿਛਲੇ ਜਨਮ ਵਿੱਚ ਉਹ ਗਰੀਬ ਗਵਾਲਣ ਦਾ ਪੁੱਤਰ ਸੀ। ਉਸ ਦਾ ਪਿਤਾ ਮਰ ਚੁੱਕਾ ਸੀ। ਉਸ ਦਾ ਨਾਂ ਸੰਗਮ ਸੀ। ਇੱਕ ਵਾਰ ਸੰਗਮ ਦੇ ਮਨ ਵਿੱਚ ਖੀਰ ਖਾਣ ਦੀ ਇੱਛਾ ਹੋਈ, ਉਸ ਨੇ ਆਪਣੀ ਮਾਂ ਨੂੰ ਖੀਰ ਬਣਾਉਨ ਲਈ ਕਿਹਾ। ਉਸ ਦੀ ਮਾਂ ਨੇ ਲੋਕਾਂ ਕੋਲੋ ਸਮਾਨ ਇੱਕਠਾ ਕਰਕੇ ਉਸ ਨੂੰ ਖੀਰ ਬਣਾ ਦਿੱਤੀ ਅਤੇ ਠੰਡੀ ਕਰਨ ਲਈ ਥਾਲੀ ਵਿੱਚ ਪਾ ਕੇ ਉਸ ਦੇ ਕੋਲ ਰੱਖ ਦਿਤੀ। ਉਸ ਦੀ ਮਾਂ ਕਿਸੇ ਕੰਮ ਲਈ ਬਾਹਰ ਚਲੀ ਗਈ। ਉਸੇ ਸਮੇਂ ਇਕ ਸਾਧੂ ਜੋ ਕਿ ਇੱਕ ਮਹੀਨੇ ਦੀ ਤੱਪਸਿਆ ਦਾ ਪਾਰਨਾ ਕਰਨ ਲਈ, ਉਸ ਦੇ ਦਰਵਾਜੇ ਤੇ ਆਇਆ। ਸੰਗਮ ਨੇ ਸ਼ਰਧਾ ਵੱਸ ਉਸ ਖੀਰ ਵਿੱਚੋਂ, ਅੱਧੀ ਉਸ ਮੁਨੀ ਨੂੰ ਖੁਸ਼ੀ ਨਾਲ ਦਾਨ ਕਰ ਦਿੱਤੀ।

## ਸ਼ਾਲੀ ਭੱਦਰ:

ਇਸ ਦਾਨ ਦੇ ਸਿੱਟੇ ਵਜੋਂ ਉਸ ਨੇ ਏਨਾ ਪੁੰਨ ਇੱਕਠਾ ਕੀਤਾ ਕਿ ਉਸ ਦਾ ਜਨਮ ਰਾਜਗ੍ਰਹਿ ਨਗਰੀ ਦੇ ਸੇਠ ਗੋਭੱਦਰ ਦੇ ਘਰ ਹੋਇਆ। ਉਸ ਦੀ ਮਾਤਾ ਦਾ ਨਾਂ ਭੱਦਰਾ ਸੀ। ਉਹ ਆਪਣੇ ਮਾਂ ਪਿਉ ਦਾ ਇਕਲੌਤਾ ਪੁੱਤਰ ਸੀ। ਉਸ ਨੂੰ ਵੱਡਾ ਹੋਣ ਤੇ ਉੱਚੀ ਸਿੱਖਿਆ ਦਿੱਤੀ ਗਈ। ਉਸ ਦੀ ਸਿੱਖਿਆ ਦਾ ਪ੍ਰਬੰਧ ਉਸ ਦੇ ਪਿਤਾ ਦੇ ਸਵਰਗਵਾਸ ਤੋਂ ਬਾਅਦ ਉਸ ਦੀ ਮਾਤਾ ਨੇ ਕੀਤਾ।

ਸਿੱਖਿਆ ਉਪਰੰਤ ਉਸ ਦਾ 32 ਸੁੰਦਰ ਕੰਨਿਆਵਾਂ ਨਾਲ ਵਿਆਹ ਰਚਾ ਦਿੱਤਾ। ਪਿਛਲੇ ਪੁੰਨ ਕਾਰਨ ਉਸ ਦੇ ਘਰ ਵਿੱਚ ਕਿਸੇ ਕਿਸਮ ਦੀ ਕੋਈ ਕਮੀ ਨਹੀਂ ਸੀ। ਉਸ ਦਾ ਪਿਤਾ ਮਰ ਕੇ ਦੇਵਤਾ ਬਣਿਆ ਉਹ ਆਪਣੀਆਂ ਨੂਹਾਂ ਨੂੰ ਹਰ ਰੋਜ ਦੇਵਤਿਆਂ ਦੇ ਗਹਿਣੇ ਅਤੇ ਦੇਵ ਦੂਸ਼ ਨਾਂ ਦੇ ਕਪੜੇ ਦੀਆਂ ਪੇਟੀਆਂ ਭੇਜਦਾ ਸੀ।

ਇੱਕ ਵਾਰ ਰਾਜਗ੍ਰਹਿ ਨਗਰੀ ਵਿੱਚ ਨੇਪਾਲ ਦੇਸ਼ ਦੇ ਰਤਨ ਕੰਬਲਾਂ ਦੇ ਵਿਉਪਾਰੀ ਕੰਬਲ ਵੇਚਣ ਉਸ ਨਗਰ ਵਿੱਚ ਆਏ, ਉਸ ਨਗਰੀ ਵਿੱਚ ਰਾਜਾ ਸ਼੍ਰੇਣਿਕ ਬਿੰਬਸਾਰ, ਰਾਜ ਕਰਦਾ ਸੀ। ਕੰਬਲਾਂ ਦੀ ਗਿਣਤੀ ਇਤਨੀ ਜਿਆਦਾ ਸੀ ਕੀ ਰਾਜਾ ਵੀ ਇਹ ਕੰਬਲ ਖ਼੍ਰੀਦਣ ਦੀ ਹਿੰਮਤ ਨਾ ਕਰ ਸਕਿਆਂ। ਸਾਰੇ ਵਿਉਪਾਰੀ ਨਿਰਾਸ਼ ਹੋ ਗਏ। ਇਕ ਸ਼ਾਮ ਉਹ ਇਕਠੇ ਹੋ ਕੇ ਦੇਸ਼ ਪਰਤਣ ਦੀ ਤਿਆਰੀ ਕਰ ਰਹੇ ਸਨ। ਉਹ ਆਪਸ ਵਿੱਚ ਗੱਲਾਂ ਕਰ ਰਹੇ ਸਨ, "ਇਹ ਕਿਸ ਤਰ੍ਹਾਂ ਦਾ ਦੇਸ਼ ਹੈ? ਜਿਥੋਂ ਦਾ ਰਾਜਾ ਅਤੇ ਪਰਜਾ ਦੋਹੇਂ ਗਰੀਬ ਹਨ। ਸਵੇਰ ਨੂੰ ਅਸੀਂ ਇਹ ਦੇਸ਼ ਛੱਡ ਕੇ ਕਿਸੇ ਹੋਰ ਦੇਸ਼ ਜਾਵਾਂਗੇ"।

ਇਹ ਗੱਲਬਾਤ ਭੱਦਰਾਂ ਸੇਠਾਨੀ ਜੋ ਕਿ ਉਸ ਸਮੇਂ ਵਿਉਪਾਰ ਦੀ ਦੇਖ ਰੇਖ ਕਰਦੀ ਸੀ ਨੇ ਸੁਣੀ। ਉਸ ਦਾ ਦੇਸ਼ ਪ੍ਰੇਮ ਜਾਗ ਪਿਆ। ਉਸ ਨੇ ਅਪਣੀ ਦਾਸੀ ਨੂੰ ਭੇਜ ਕੇ ਵਿਉਪਾਰੀਆਂ ਨੂੰ ਆਪਣੇ ਮਹਿਲ ਵਿੱਚ ਬੁਲਾਇਆ। ਪਹਿਲਾਂ ਸਭ ਦੀ ਚੰਗੀ ਸੇਵਾ ਕੀਤੀ ਅਤੇ ਫਿਰ ਆਉਣ ਦਾ ਉਦੇਸ਼ ਪੁਛਿਆ। ਵਿਉਪਾਰੀਆਂ ਨੇ ਸਾਰੀ ਹੱਡ ਬੀਤੀ ਸੁਣਾ ਦਿਤੀ। ਭੱਦਰਾ ਨੇ ਕਿਹਾ, "ਤੁਹਾਡੇ ਪਾਸ ਕਿੰਨੇ ਕੰਬਲ ਹਨ"। ਵਿਉਪਾਰੀਆਂ ਨੇ ਕਿਹਾ, "16 ਕੰਬਲ ਹਨ ਤੇ ਹਰ ਕੰਬਲ ਦੀ ਕੀਮਤ ਸਵਾ ਲੱਖ ਸੋਨੇ ਦੀ ਮੋਹਰ ਹੈ"। ਭੱਦਰਾ ਨੇ ਕਿਹਾ, "ਮੈਂ ਤੁਹਾਡੇ 16 ਕੰਬਲ ਤਾਂ ਲੈ ਲੈਂਦੀ ਹਾਂ ਪਰ ਮੈਨੂੰ ਤਾਂ 32 ਕੰਬਲ ਚਾਹੀਦੇ ਹਨ ਕਿਉਂਕਿ ਮੇਰੀਆਂ 32 ਨੂੰਹਾਂ ਹਨ"। ਵਿਉਪਾਰੀ ਹੈਰਾਨ ਸਨ ਕਿ ਜਿਸ ਕੰਬਲ ਨੂੰ ਉਸ ਦੇਸ਼ ਦਾ ਰਾਜਾ ਵੀ ਨਹੀਂ ਖਰੀਦ ਸਕਿਆ ਸਾਡੇ ਸਾਰੇ ਕੰਬਲਾਂ ਨੂੰ ਇਕ ਸਧਾਰਨ ਦਿੱਖਣ ਵਾਲੀ ਔਰਤ ਨੇ

ਖਰੀਦ ਲਿਆ ਹੈ। ਉਹਨਾਂ ਨੂੰ ਕੁੱਝ ਸਮੇਂ ਲਈ ਭੱਦਰਾ ਦੀਆਂ ਗੱਲਾਂ ਸੁਪਨਾ ਲੱਗੀਆ। ਭੱਦਰਾ ਨੇ ਆਪਣੇ ਮੁਨੀਮ ਨੂੰ ਕੀਮਤ ਅਦਾ ਕਰਨ ਦਾ ਹੁਕਮ ਦਿੱਤਾ ਅਤੇ ਆਖਿਆ, "ਮੈਂ ਇਹਨਾਂ ਕੰਬਲਾਂ ਨੂੰ 32 ਟੁਕੜਿਆਂ ਵਿੱਚ ਵੰਡ ਦਿੰਦੀ ਹਾਂ ਮੇਰੀਆਂ ਨੂੰਹਾਂ ਇਹਨਾ ਨਾਲ ਪੈਰ ਪੂੰਜ ਲੈਣ ਗੀਆ।

ਅਗਲੇ ਦਿਨ ਸਫਾਈ ਕਰਨ ਵਾਲੀ ਸੇਵਕਾ ਜਦ ਭੱਦਰਾ ਸੇਠਾਨੀ ਦੇ ਘਰ ਆਈ, ਤਾਂ ਉਸ ਨੇ ਰਤਨ ਕੰਬਲ ਦੇ ਟੁਕੜੇ ਇਕਠੇ ਕੀਤੇ। ਇੱਕ ਟੁਕੜਾ ਉਸ ਨੇ ਅਪਣੇ ਸਰੀਰ 'ਤੇ ਵੀ ਧਾਰਨ ਕੀਤਾ ਅਤੇ ਸਫਾਈ ਕਰਨ ਲਈ ਰਾਜ ਮਹਿਲਾਂ ਵਿੱਚ ਚਲੀ ਗਈ। ਰਾਣੀ ਨੇ ਜਦ ਉਸ ਨੂੰ ਰਤਨ ਕੰਬਲ ਦਾ ਟੁਕੜਾ ਪਹਿਨੇ ਹੋਏ ਵੇਖਿਆ ਤਾਂ ਉਸ ਨੇ ਕਿਹਾ ਕਿ ਤੂੰ ਇਹ ਕਿਥੋਂ ਪ੍ਰਾਪਤ ਕੀਤਾ ਹੈ। ਰਾਣੀ ਦੇ ਪੁੱਛਣ 'ਤੇ ਸਫਾਈ ਕਰਨ ਵਾਲੀ ਨੇ ਸਾਰੀ ਗੱਲ ਦੱਸ ਦਿੱਤੀ।

ਉਧਰ ਰਤਨ ਕੰਬਲ ਨੂੰ ਵੇਖ ਕੇ ਰਾਣੀ ਦਾ ਮਨ ਵੀ ਭੜਕ ਗਿਆ। ਉਸ ਨੇ ਰਤਨ ਕੰਬਲ ਦੀ ਪ੍ਰਾਪਤੀ ਲਈ ਰਾਜਾ ਸ਼੍ਰੇਣਿਕ ਨੂੰ ਆਖਿਆ। ਰਾਜਾ ਸ਼੍ਰੇਣਿਕ ਨੂੰ ਪਤਾ ਲੱਗਾ ਕਿ ਉਹ ਵਿਉਪਾਰੀ ਹਾਲੇ ਭੱਦਰਾ ਸੇਠਾਨੀ ਦੇ ਘਰ ਠਹਿਰੇ ਹੋਏ ਹਨ ਤਾਂ ਉਸ ਨੇ ਅਪਣੇ ਕਰਮਚਾਰੀ ਨੂੰ ਭੇਜਕੇ ਵਿਉਪਾਰੀਆਂ ਨੂੰ ਰਾਜ ਦਰਬਾਰ ਵਿੱਚ ਬੁਲਾਇਆ। ਵਿਉਪਾਰੀ ਆਏ, ਰਾਜੇ ਨੇ ਉਹਨਾਂ ਤੋਂ ਇਕ ਰਤਨ ਕੰਬਲ ਦੀ ਮੰਗ ਕੀਤੀ। ਵਿਉਪਾਰੀਆਂ ਨੇ ਆਖਿਆ, "ਮਹਾਰਾਜ! ਸਾਡੇ ਸਾਰੇ ਕੰਬਲ ਕੱਲ ਹੀ ਵਿਕ ਗਏ ਹਨ। ਸੇਠਾਨੀ ਭੱਦਰਾ ਨੇ ਸਾਡੇ ਕੋਲੋ ਖਰੀਦੇ ਹਨ"।

ਵਿਉਪਾਰੀਆਂ ਦੀ ਗੱਲ ਸੁਣ ਕੇ ਰਾਜਾ ਸ਼੍ਰੇਣਿਕ ਬਹੁਤ ਹੈਰਾਨ ਹੋਇਆ ਅਤੇ ਖੁਸ਼ ਵੀ ਹੋਇਆ ਕਿ ਉਸ ਦੇ ਨਗਰ ਵਿੱਚ ਭੱਦਰਾ ਜੈਸੀ ਸੇਠਾਨੀ ਵੀ ਰਹਿੰਦੀ ਹੈ। ਉਸ ਨੇ ਭੱਦਰਾ ਨੂੰ ਰਾਜ ਦਰਬਾਰ ਵਿੱਚ ਬੁਲਾ ਕੇ ਸਨਮਾਨਿਤ ਕੀਤਾ ਅਤੇ ਉਸ ਦੇ ਪੁੱਤਰ ਸ਼ਾਲੀ

ਭੱਦਰ ਨੂੰ ਮਿਲਣ ਦੀ ਇੱਛਾ ਕੀਤੀ। ਭੱਦਰਾ ਸੇਠਾਨੀ ਨੇ ਕਿਹਾ, "ਮਹਾਰਾਜ! ਮੇਰਾ ਪੁੱਤਰ ਹਾਲੇ ਬਾਲਕ ਹੈ। ਉਹ ਅਜੇ ਕਿਸੇ ਕੰਮ ਕਾਰ ਵਿਚ ਨਹੀਂ ਪਿਆ ਹੈ, ਆਪ ਹੀ ਕ੍ਰਿਪਾ ਕਰਕੇ ਮੇਰੇ ਘਰ ਪਰਿਵਾਰ ਸਮੇਤ ਭੋਜਨ ਲਈ ਪਧਾਰੋ"।

ਭੱਦਰਾ ਦੀ ਬੇਨਤੀ 'ਤੇ ਰਾਜਾ ਸ਼੍ਰੇਣਿਕ ਇਕ ਦਿਨ ਭੱਦਰਾ ਸੇਠਾਨੀ ਦੇ ਘਰ ਆਇਆ। ਰਾਜੇ ਨੇ ਘਰ ਦੀ ਸ਼ਾਨੋ ਸ਼ੌਕਤ ਵੇਖੀ, ਘਰ ਰਾਜੇ ਦੇ ਮਹਿਲ ਨੂੰ ਮਾਤ ਕਰ ਰਿਹਾ ਸੀ। ਭੱਦਰਾ ਨੇ ਰਾਜੇ ਦਾ ਸਵਾਗਤ ਕੀਤਾ ਅਤੇ ਮਹਿਲ ਵਿਖਾਇਆ, ਰਾਜੇ ਨੇ ਸ਼ਾਲੀ ਭੱਦਰ ਨੂੰ ਮਿਲਣ ਦੀ ਇੱਛਾ ਜਾਹਰ ਕੀਤੀ, ਤਾਂ ਭੱਦਰਾ ਨੇ ਅਪਣੇ ਪੁੱਤਰ ਨੂੰ ਆਵਾਜ ਲਗਾਈ। "ਪੁੱਤਰ ਹੇਠਾਂ ਆਉ ਆਪਣੇ ਸਵਾਮੀ ਮਹਾਰਾਜਾ ਸ਼੍ਰੇਣਿਕ ਆਏ ਹਨ"। ਸ਼ਾਲੀ ਭੱਦਰ ਨੇ ਰਾਜੇ ਨੂੰ ਵੀ ਇਕ ਵਸਤੂ ਸਮਝਿਆ ਅਤੇ ਮਾਂ ਨੂੰ ਆਖਿਆ, "ਜੋ ਵੀ ਵਸਤੂ ਆਈ ਹੈ ਉਸ ਨੂੰ ਗੋਦਾਮ ਵਿੱਚ ਰਖਵਾ ਦਿਉ। ਇਸ ਵਿੱਚ ਪੁੱਛਣ ਦੀ ਕੀ ਜ਼ਰੂਰਤ ਹੈ"।

ਰਾਜੇ ਨੂੰ ਸ਼ਾਲੀ ਭੱਦਰ ਦੀ ਗੱਲ ਤੇ ਕੋਈ ਗੁੱਸਾ ਨਹੀਂ ਆਇਆ। ਫਿਰ ਮਾਤਾ ਭੱਦਰਾ ਨੇ ਕਿਹਾ, "ਬੇਟਾ ਹੇਠਾ ਆਉ ਸਾਡੇ ਨਾਥ ਆਏ ਹਨ। ਹੇਠਾ ਆ ਕੇ ਇਹਨਾਂ ਨੂੰ ਪ੍ਰਣਾਮ ਕਰੋ"। ਮਾਂ ਦੀ ਗੱਲ ਸੁਣ ਕੇ ਸ਼ਾਲੀ ਭੱਦਰ ਹੇਠਾਂ ਆਇਆ ਉਸ ਦੇ ਮਨ ਵਿੱਚ ਖਿਆਲ ਆਇਆ ਕਿ ਮੈਂ ਇੱਕ ਅਮੀਰ ਮਾਂ ਦਾ ਪੁੱਤਰ ਹਾਂ ਅਤੇ ਮੇਰਾ ਵੀ ਕੋਈ ਸਵਾਮੀ ਹੈ। ਮਾਤਾ ਦੇ ਆਖਣ ਤੇ ਸ਼ਾਲੀ ਭੱਦਰ ਨੇ ਰਾਜੇ ਨੂੰ ਸਿਰ ਝੁਕਾਇਆ, ਰਾਜੇ ਨੇ ਪਿਆਰ ਨਾਲ ਉਸ ਨੂੰ ਆਪਣੀ ਗੋਦੀ ਵਿੱਚ ਬਿਠਾ ਲਿਆ। ਰਾਜੇ ਸ਼੍ਰੇਣਿਕ ਦੀ ਗੋਦੀ ਸ਼ਾਲੀ ਭੱਦਰ ਨੂੰ ਕੰਡਿਆਂ ਦਾ ਵਿਛੋਨਾ ਲੱਗੀ, ਉਹ ਸੋਚਨ ਲੱਗਾ ਕਿ ਅਜੇ ਇਸ ਜੀਵਨ ਵਿੱਚ ਕੋਈ ਅਧੂਰਾਪਣ ਹੈ।

ਕੁਝ ਸਮਾਂ ਬਾਅਦ ਸ਼ਾਲੀ ਭੱਦਰ ਦੇ ਮਨ ਵਿੱਚ ਵੈਰਾਗ ਉਤਪੰਨ ਹੋਇਆ ਉਸ ਨੇ ਅਪਣੀਆਂ 32 ਪਤਨੀਆਂ ਸਮੇਤ ਅਤੇ ਆਪਣੇ ਜੀਜੇ ਭੈਣ ਅਤੇ ਉਸ ਦੀਆਂ 16 ਪਤਨੀਆਂ ਸਮੇਤ ਭਗਵਾਨ ਮਹਾਵੀਰ ਪਾਸੋਂ ਸਾਧੂ ਜੀਵਨ ਗ੍ਰਹਿਣ ਕੀਤਾ।

ਇਹ ਦਾਨ ਦਾ ਹੀ ਸਿੱਟਾ ਸੀ ਕੀ ਥੋੜੀ ਜੇਹੀ ਖੀਰ ਦਾਨ ਕਰਨ ਦੇ ਕਾਰਨ ਸੰਗਮ ਦਾ ਜੀਵ ਸ਼ਾਲੀ ਭੱਦਰ ਦੇ ਰੂਪ ਵਿੱਚ ਪੈਦਾ ਹੋ ਕੇ ਆਤਮ ਕਲਿਆਣ ਕਰਨ ਲੱਗਾ।

6

# ਧੱਨਾ ਸਾਰਥਵਾਹ (ਵਿਉਪਾਰੀ)

ਪੁਰਾਣੇ ਸਮੇਂ ਵਿੱਚ ਜੋ ਵਿਉਪਾਰੀ ਕਾਫਲਾ ਬਣਾਕੇ ਵਿਉਪਾਰ ਕਰਨ ਬਾਹਰਲੇ ਦੇਸ਼ਾਂ ਵਿੱਚ ਜਾਂਦੇ ਸਨ ਉਹਨਾਂ ਦੇ ਮੁਖੀ ਨੂੰ ਸਾਰਥਵਾਹ ਆਖਿਆ ਜਾਂਦਾ ਸੀ। ਸਾਰੇ ਲੋਕ ਇੱਕ ਮੁਖੀ ਦੀ ਆਗਿਆ ਹੇਠ ਚੱਲਦੇ ਸਨ। ਅਜਿਹੇ ਹੀ ਇੱਕ ਮੁਖੀ ਦਾ ਨਾਂ ਧੱਨਾ ਸਾਰਥਵਾਹ ਸੀ। ਜੋ ਕੱਸਤਿ ਪ੍ਰਤਿਸ਼ਠ ਨਗਰ ਵਿੱਚ ਰਹਿੰਦਾ ਸੀ। ਉੱਥੇ ਦਾ ਰਾਜਾ ਪ੍ਰਸੰਨ ਚੰਦਰ ਸੀ ਜੋ ਪਰਜਾ ਪਾਲਕ ਅਤੇ ਨਿਆਂ ਕਰਨ ਵਾਲਾ ਮੰਨਿਆ ਜਾਂਦਾ ਸੀ। ਧੱਨਾ ਅਪਣੇ ਵਿਉਪਾਰ ਲਈ ਸਾਰੇ ਦੇਸ਼ ਵਿੱਚ ਪ੍ਰਸਿੱਧ ਸੀ।

ਇੱਕ ਵਾਰ ਉਸ ਦੇ ਮਨ ਵਿੱਚ ਵਿਦੇਸ਼ ਵਿੱਚ ਜਾ ਕੇ ਵਿਉਪਾਰ ਕਰਨ ਦੀ ਇੱਛਾ ਹੋਈ ਤਾਂ ਪ੍ਰੰਪਰਾ ਅਨੁਸਾਰ ਉਸ ਨੇ ਨਗਰ ਵਿੱਚ ਢੰਡੋਰਾ ਪਿਟਵਾ ਦਿਤਾ ਕਿ ਮੈਂ ਵਿਦੇਸ਼ ਵਿਉਪਾਰ ਲਈ ਜਾ ਰਿਹਾ ਹਾਂ ਜੋ ਵੀ ਮੇਰੇ ਨਾਲ ਜਾਣਾ ਚਾਹੇ ਜਾ ਸਕਦਾ ਹੈ, ਉਸ ਦਾ ਸਾਰਾ ਖਰਚ ਮੈਂ ਆਪ ਕਰਾਂਗਾ।

ਉਸ ਦੀ ਇਸ ਘੋਸ਼ਣਾ ਨੂੰ ਸੁਣ ਕੇ ਬਹੁਤ ਸਾਰੇ ਵਿਉਪਾਰੀ ਅਤੇ ਕੰਮਕਾਜੀ ਲੋਕ ਉਸ ਦੇ ਕਾਫਲੇ ਵਿੱਚ ਸ਼ਾਮਲ ਹੋ ਗਏ। ਚੱਲਣ ਦਾ ਸ਼ੁੱਭ ਮਹੂਰਤ ਨਜਦੀਕ ਹੀ ਸੀ। ਕਿ ਉਸ ਸ਼ਹਿਰ ਵਿੱਚ ਧਰਮ ਪ੍ਰਚਾਰ ਕਰਦੇ ਹੋਏ ਧਰਮ ਘੋਸ਼ ਨਾਂ ਦੇ ਅਚਾਰਿਆ ਆਪਣੇ ਚੇਲਿਆਂ ਨਾਲ ਇੱਕ ਬਾਗ ਵਿੱਚ ਪਧਾਰੇ। ਸਾਰਥਵਾਹ ਨੇ ਵਿਧਿ ਪੂਰਵਕ ਅਚਾਰਿਆ ਨੂੰ ਵੰਦਨਾ ਨਮਸਕਾਰ ਕੀਤੀ ਅਤੇ ਆਉਣ ਦਾ ਉਦੇਸ਼ ਪੁਛਿਆ। ਅਚਾਰਿਆ ਨੇ ਉੱਤਰ ਦਿਤਾ ਅਸੀਂ ਤੇਰੇ ਨਾਲ ਬਸੰਤਪੁਰ ਜਾਣ ਲਈ ਆਏ ਹਾਂ।

ਸਾਰਥਵਾਹ ਨੂੰ ਅਚਾਰਿਆ ਨੇ ਜੈਨ ਮੁਨੀ ਦੇ ਭੋਜਨ ਲੈਣ ਦੀ ਵਿਧਿ ਸਮਝਾ ਦਿੱਤੀ। ਇੱਕ ਵਾਰ ਸੇਠ ਪੱਕੇ ਹੋਏ ਅੰਬ ਥਾਲੀ ਵਿੱਚ ਲੈ ਕੇ ਅਚਾਰਿਆ ਕੋਲ ਆਇਆ

ਅਤੇ ਉਹਨਾਂ ਨੂੰ ਫਲ ਗ੍ਰਹਿਣ ਕਰਨ ਦੀ ਬੇਨਤੀ ਕਰਨ ਲੱਗਾ, ਅਚਾਰਿਆ ਨੇ ਉਹ ਭੋਜਨ ਗ੍ਰਹਿਣ ਨਾ ਕੀਤਾ ਅਤੇ ਸਮਝਾਇਆ ਕਿ ਅਸੀਂ ਆਪਣੇ ਲਈ ਤਿਆਰ ਕੀਤਾ ਭੋਜਨ ਗ੍ਰਹਿਣ ਨਹੀਂ ਕਰਦੇ। ਅਸੀਂ ਤਾਂ ਨਿਰਦੋਸ ਭੋਜਨ ਹੀ ਗ੍ਰਹਿਣ ਕਰਦੇ ਹਾਂ।

ਸਾਰਥਵਾਹ ਨੇ ਆਖਿਆ, "ਮਹਾਰਾਜ! ਆਪ ਦੇ ਨਿਯਮ ਬਹੁਤ ਕਠੋਰ ਹਨ ਮੈਂ ਅੱਗੇ ਨੂੰ ਧਿਆਨ ਰੱਖਾਂਗਾ"। ਅਗਲੀ ਸਵੇਰ ਕਾਫਲਾ ਅੱਗੇ ਚੱਲਿਆ, ਦੁਰਗਮ ਰਾਹ ਨੂੰ ਪਾਰ ਕਰਦੇ ਹੋਏ ਉਹ ਇੱਕ ਘਾਟੀ ਵਿੱਚ ਜਾ ਪਹੁੰਚੇ। ਉਸ ਸਮੇਂ ਵਰਖਾ ਕਾਰਨ ਰਾਹ ਵਿੱਚ ਚਿੱਕੜ ਅਤੇ ਪਾਣੀ ਨੂੰ ਵੇਖ ਕੇ ਸਭ ਨੇ ਉਸ ਘਾਟੀ ਵਿੱਚ ਰਾਤ ਗੁਜਾਰਨ ਦਾ ਨਿਸਚੈ ਕੀਤਾ। ਅਚਾਰਿਆ ਨੇ ਵੀ ਵਰਖਾ ਰੁੱਤ ਦੇ ਸ਼ੁਰੂ ਹੋਣ ਕਾਰਨ ਇੱਕ ਗੁਫਾ ਵਿੱਚ ਅਪਣਾ ਚੋਮਾਸਾ ਕਰਨ ਦਾ ਨਿਸਚੈ ਕੀਤਾ। ਲੰਬਾ ਸਮਾਂ ਰੁਕਣ ਕਾਰਨ ਭੋਜਨ ਸਮਗਰੀ ਸਮਾਪਤ ਹੋ ਗਈ। ਸਾਰਥਵਾਹ ਅਤੇ ਹੋਰ ਲੋਕ ਕੰਦਮੂਲ ਆਦਿ ਫਲ ਚੁਣ ਕੇ ਆਪਣਾ ਗੁਜਾਰਾ ਕਰਨ ਲੱਗੇ।

ਇੱਕ ਰਾਤ ਸਾਰਥਵਾਹ ਨੇ ਸੋਚਿਆ ਕਿ ਮੇਰੇ ਕਾਫਲੇ ਵਿੱਚ ਕੋਈ ਦੁੱਖੀ ਤਾਂ ਨਹੀਂ ਹੈ? ਅਚਾਨਕ ਹੀ ਉਸ ਨੂੰ ਅਚਾਰਿਆ ਧਰਮ ਘੋਸ਼ ਦੀ ਯਾਦ ਆ ਗਈ, ਜਿਹਨਾਂ ਨੇ ਲੰਬੇ ਸਮੇਂ ਤੋਂ ਭੋਜਨ ਗ੍ਰਹਿਣ ਨਹੀਂ ਕੀਤਾ ਸੀ। ਸਵੇਰਾ ਹੋਇਆ। ਸਾਰਥਵਾਹ ਅਚਾਰਿਆ ਦੇ ਦਰਸ਼ਨ ਕਰਨ ਗੁਫਾ ਵੱਲ ਆਇਆ ਉਹ ਵੇਖ ਕੇ ਹੈਰਾਨ ਰਹਿ ਗਿਆ ਕਿ ਸਾਰੇ ਮੁਨੀ ਭਿੰਨ ਭਿੰਨ ਆਸਨਾ ਵਿੱਚ ਬੈਠੇ ਆਗਮਾਂ ਨੂੰ ਪੜ੍ਹ ਰਹੇ ਸਨ। ਕੁੱਝ ਧਿਆਨ ਕਰ ਰਹੇ ਸਨ। ਸਾਰਥਵਾਹ ਨੇ ਬੰਦਨਾ ਨਮਸਕਾਰ ਕਰਕੇ ਅਚਾਰਿਆ ਤੋਂ ਖਿੰਮਾ ਮੰਗੀ ਤੇ ਫਿਰ ਬੜੀ ਨਿਮਰਤਾ ਨਾਲ ਆਖਿਆ, "ਗੁਰੂ ਦੇਵ! ਤੁਸੀਂ ਸਾਡੇ ਕੋਲ ਪਧਾਰੋ, ਸਾਡੇ ਕੋਲ ਤੁਹਾਨੂੰ ਦੇਣ ਯੋਗ ਭੋਜਨ ਹੈ। ਅਜਿਹਾ ਆਖ ਕੇ ਸੇਠ ਆਪਣੇ ਠਿਕਾਣੇ ਪਰ ਚਲਾ ਗਿਆ" ਸੇਠ ਦੇ ਜਾਣ ਤੋਂ ਬਾਅਦ ਅਚਾਰਿਆ ਨੇ ਆਪਣੇ ਦੋ ਚੇਲਿਆ ਨੂੰ ਭਿਕਸ਼ਾ ਲਈ ਭੇਜਿਆ। ਜਦੋਂ ਉਹ ਸੇਠ

ਦੇ ਘਰ ਗਏ ਤਾਂ ਸੇਠ ਦੇ ਘਰ ਕੋਈ ਭੋਜਨ ਦੇਣ ਯੋਗ ਨਹੀਂ ਸੀ। ਉਸ ਨੇ ਸੰਕੋਚ ਕਰਦੇ ਹੋਏ ਕਿਹਾ, "ਮਹਾਰਾਜ! ਮੇਰੇ ਘਰ ਸ਼ੁਧ ਘੀ ਹੈ, ਜੋ ਮੈਂ ਆਪਣੇ ਲਈ ਤਿਆਰ ਕੀਤਾ ਹੈ, ਉਸ ਵਿੱਚੋਂ ਮੈਂ ਆਪ ਨੂੰ ਦਾਨ ਦੇ ਰਿਹਾ ਹਾਂ"।

ਸਾਰਥਵਾਹ ਨੇ ਨਿਰਮਲ ਭਾਵ ਨਾਲ ਸਾਰਾ ਘੀ ਮੁਨੀ ਦੇ ਪਾਤਰ ਵਿੱਚ ਪਾ ਦਿਤਾ। ਉਹ ਉਸ ਸਮੇਂ ਇੰਨਾ ਭਾਵੁਕ ਹੋ ਗਿਆ ਕਿ ਉਸ ਨੂੰ ਪਤਾ ਹੀ ਨਹੀਂ ਲੱਗਾ ਕੀ ਮੁਨੀ ਦਾ ਪਾਤਰ ਕਦੋਂ ਭਰ ਗਿਆ। ਇਸ ਸ਼ੁਭ ਭਾਵ ਕਾਰਨ ਉਸ ਧੱਨਾ ਸਾਰਥਵਾਹ ਨੇ ਤੀਰਥੰਕਰ ਗੋਤਰ ਨੂੰ ਪ੍ਰਾਪਤ ਕੀਤਾ ਜੋ ਪਾਤਰ ਦਾਨ ਦਾ ਸਾਫ ਉਦਾਹਰਨ ਹੈ। ਇਹੋ ਧੱਨਾ ਸਾਰਥਵਾਹ ਪਹਿਲੇ ਤੀਰਥੰਕਰ ਰਿਸ਼ਭਦੇਵ ਦੇ ਰੂਪ ਵਿੱਚ ਪੈਦਾ ਹੋਏ। ਜਨਮ ਮਰਨ ਦਾ ਕਾਰਨ ਕਰਮ ਬੰਧਨ ਨੂੰ ਖਤਮ ਕਰਕੇ ਮੋਕਸ਼ ਨੂੰ ਪ੍ਰਾਪਤ ਹੋਏ। ਇਹ ਨਿਰਮਲ ਭਾਵ ਨਾਲ ਕੀਤੇ ਦਾਨ ਦਾ ਹੀ ਫਲ ਹੈ।

7

# ਬਾਹੂ ਮੁਨੀ

ਇੱਕ ਸਮੇਂ ਵਜ਼ਰਸੈਨ ਨਾਂ ਦਾ ਰਾਜਾ ਰਾਜ ਕਰਦਾ ਸੀ। ਉਸ ਦੇ ਵਜ਼ਰਨਾਭ ਨਾਂ ਦਾ ਪੁਤਰ ਸੀ। ਵਜ਼ਰਨਾਭ ਰਾਜਕੁਮਾਰ ਦੇ ਚਾਰ ਮਿੱਤਰ ਸਨ, ਜਿਹਨਾਂ ਦੇ ਨਾਂ ਬਾਹੂ, ਸੁਬਾਹੂ, ਪੀੜ ਅਤੇ ਮਹਾਂਪੀੜ ਸਨ। ਬਾਹੂ ਰਾਜ ਪੁੱਤਰ ਸੀ, ਸੁਬਾਹੂ ਇਕ ਸੇਠ ਦਾ ਪੁੱਤਰ ਸੀ, ਪੀੜ ਮੰਤਰੀ ਦਾ ਪੁੱਤਰ ਸੀ ਅਤੇ ਮਹਾਂਪੀੜ ਸਾਰਥਵਾਹ ਦਾ ਪੁੱਤਰ ਸੀ। ਭਗਵਾਨ ਰਿਸ਼ਭਦੇਵ ਦੇ ਪੁੱਤਰ ਭਗਵਾਨ ਬਾਹੂਬਲੀ ਦਾ ਜੀਵ, ਪਿੱਛਲੇ ਜਨਮ ਵਿੱਚ ਇਸੇ ਰਾਜ ਪਰਿਵਾਰ ਵਿੱਚ ਰਾਜ ਪੁੱਤਰ ਬਾਹੂ ਦੇ ਰੂਪ ਵਿੱਚ ਉਤਪੰਨ ਹੋਇਆ ਸੀ। ਪੰਜਾਂ ਮਿੱਤਰਾਂ ਵਿੱਚ ਬਹੁਤ ਗੂੜਾ ਪਿਆਰ ਸੀ। ਇਸੇ ਪਿਆਰ ਵਾਲੇ ਵਾਤਾਵਰਨ ਵਿੱਚ ਉਹ ਅਪਣਾ ਜੀਵਨ ਗੁਜਾਰ ਰਹੇ ਸਨ। ਰਾਜਾ ਵਜ਼ਰਸੈਨ ਨੇ ਸਾਧੂ ਜੀਵਨ ਗ੍ਰਹਿਣ ਕਰਕੇ ਕੇਵਲ ਗਿਆਨ ਪ੍ਰਾਪਤ ਕੀਤਾ ਅਤੇ ਉਹ ਤੀਰਥੰਕਰ ਬਣਦੇ ਹੀ ਉਹਨਾਂ ਧਰਮ ਰੂਪੀ ਤੀਰਥ ਦੀ ਸਥਾਪਨਾ ਕੀਤੀ।

ਉਹਨਾਂ ਦਿਨਾਂ ਵਿੱਚ ਵਜ਼ਰਨਾਭ ਰਾਜਾ ਬਣ ਚੁਕਾ ਸੀ। ਉਸ ਦੇ ਘਰ ਚੱਕਰਵਰਤੀ ਬਣਨ ਦਾ ਕਾਰਨ ਪ੍ਰਗਟ ਹੋਇਆ। ਉਸ ਨੇ ਸੰਸਾਰ ਦੇ ਛੋਟੇ ਵੱਡੇ ਰਾਜਿਆਂ ਨੂੰ ਜਿੱਤ ਕੇ ਆਪਣੇ ਅਧੀਨ ਕੀਤਾ ਅਤੇ ਚੱਕਰਵਤੀ ਬਣ ਗਿਆ। ਉਸ ਦੇ ਅਧੀਨ ਉਸ ਦੇ ਚਾਰੇ ਮਿੱਤਰ ਰਾਜਾ ਬਣੇ। ਲੰਬਾ ਸਮਾਂ ਵਜ਼ਰਨਾਭ ਨੇ ਰਾਜ ਕੀਤਾ।

ਇੱਕ ਵਾਰ ਤੀਰਥੰਕਾਰ ਵਜ਼ਰਸੈਨ, ਧਰਮ ਪ੍ਰਚਾਰ ਕਰਦੇ ਹੋਏ, ਉਸੇ ਨਗਰ ਪਧਾਰੇ ਜਿਥੇ ਵਜ਼ਰਨਾਭ ਰਾਜ ਕਰਦਾ ਸੀ। ਚੱਕਰਵਰਤੀ ਅਤੇ ਉਸ ਦੇ ਮਿੱਤਰ ਦਰਸ਼ਨ ਕਰਨ ਅਤੇ ਉਪਦੇਸ਼ ਸੁਣਨ ਆਏ। ਤੀਰਥੰਕਰ ਦਾ ਉਪਦੇਸ਼ ਸੁਣ ਕੇ ਵਜ਼ਰਨਾਭ ਚੱਕਰਵਰਤੀ, ਆਪਣੇ ਮਿੱਤਰਾਂ ਨਾਲ ਸਾਧੂ ਬਣ ਗਿਆ। ਹੁਣ ਉਸ ਨੇ 14 ਪੂਰਵਾਂ ਅਤੇ 12 ਅੰਗਾਂ ਦਾ ਅਧਿਐਨ ਕੀਤਾ। ਤੱਪ ਅਤੇ ਸੇਵਾ ਬਾਹੂ ਮੁਨੀ ਦਾ ਸਭ ਤੋਂ ਵੱਡਾ ਗੁਣ ਸੀ। ਉਹ ਮਿੱਤਰ ਮੁਨੀਆਂ

ਅਤੇ ਹੋਰ ਸਾਧੂਆਂ ਦੀ ਬੜੀ ਬਿਨੈ ਭਾਵ ਨਾਲ ਸੇਵਾ ਕਰਦਾ ਸੀ। ਉਹਨਾਂ ਨੂੰ ਭੋਜਨ ਆਦਿ ਲਿਆ ਕੇ ਦਿੰਦਾ। ਸੁਬਾਹੂ ਮੁਨੀ ਹਰ ਰੋਜ ਸਭ ਮੁਨੀਆਂ ਦੀ ਸਾਂਭ ਸੰਭਾਲ ਅਤੇ ਧਰਮ ਉਪਕਰਨਾਂ ਦੀ ਦੇਖ ਭਾਲ ਕਰਦਾ ਸੀ।

ਬਾਹੂ ਤੇ ਸੁਬਾਹੂ ਦੀ ਸੇਵਾ ਨੂੰ ਵੇਖ ਕੇ ਵਜਰਨਾਭ ਮੁਨੀ ਉਹਨਾਂ ਦਾ ਜੀਵਨ ਸਫਲ ਮੰਨਦੇ ਗਏ ਕਿਉਂਕਿ ਇਹ ਸਾਰੇ ਮੁਨੀ ਬਿਨਾ ਕਿਸੇ ਨਫਰਤ ਤੋਂ ਛੋਟੇ ਵੱਡੇ ਸਾਧੂ ਦੀ ਸੇਵਾ ਕਰਦੇ ਸਨ। ਬਾਹੂ ਮੁਨੀ ਵਿਸ਼ੇਸ ਤੌਰ ਤੇ ਸੇਵਾ ਲਈ ਸਮਰਪਤ ਮੰਨਿਆ ਜਾਂਦਾ ਸੀ। ਬਾਹੂ ਮੁਨੀ ਨੇ ਲੰਬਾ ਸਮਾਂ ਸਾਧੂ ਸੇਵਾ ਕਰਕੇ ਪੁੰਨ ਪ੍ਰਾਪਤ ਕੀਤਾ। ਇੱਕ ਵਾਰ ਬਾਹੂ ਮੁਨੀ ਨੇ ਹਰ ਰੋਜ਼ 500 ਸਾਧੂਆਂ ਨੂੰ ਭੋਜਨ ਲਿਆ ਕੇ ਦੇਣ ਦੀ ਪ੍ਰਤਿਗਿਆ ਗ੍ਰਹਿਣ ਕੀਤੀ। ਇਸ ਜਨਮ ਵਿੱਚ ਇਸੇ ਸੇਵਾ ਦੇ ਸਿੱਟੇ ਵਜੋਂ ਉਹ ਅਗਲੇ ਜਨਮ ਵਿੱਚ ਭਗਵਾਨ ਰਿਸ਼ਭਦੇਵ ਦੇ ਛੋਟੇ ਪੁੱਤਰ ਬਾਹੂਬਲੀ ਦੇ ਰੂਪ ਵਿੱਚ ਉਤਪਨ ਹੋਏ। ਜਿਹਨਾਂ ਛੇ ਖੰਡ ਦੇ ਮਾਲਕ ਭਾਰਤ ਚੱਕਰਵਰਤੀ ਨੂੰ ਯੁੱਧ ਵਿੱਚ ਹਰਾ ਦਿਤਾ। ਉਹਨਾਂ ਨੂੰ ਪਿਛਲੇ ਜਨਮ ਦੀ ਸੇਵਾ ਕਾਰਨ ਹੀ ਉਹਨਾਂ ਦੀਆਂ ਬਾਹਾਂ ਵਿੱਚ ਮਹਾਨ ਸ਼ਕਤੀ ਜਨਮ ਤੋਂ ਹੀ ਸੀ। ਉਹ ਇਸ ਸੰਤ ਸੇਵਾ ਦਾ ਹੀ ਫਲ ਹੈ ਅਤੇ 500 ਮੁਨੀਆਂ ਨੂੰ ਭੋਜਨ ਦਾ ਦਾਨ ਕਰਨ ਦਾ ਹੀ ਫਲ ਹੈ, ਕਿ ਉਹਨਾਂ ਦਾ ਜਨਮ ਬਾਹੂਬਲੀ ਦੇ ਰੂਪ ਵਿੱਚ ਹੋਇਆ ਅਤੇ ਉਹਨਾਂ ਨੇ ਸਾਧੂ ਬਣ ਕੇ ਕੇਵਲ ਗਿਆਨ ਪ੍ਰਾਪਤ ਕੀਤਾ ਅਤੇ ਮੋਕਸ਼ ਦੇ ਅਧਿਕਾਰੀ ਹੋਏ।

8

# ਰਾਜਾ ਮੂਲ ਦੇਵ

ਵੇਨਾਤਟ ਨਗਰ ਦੇ ਰਾਜਾ ਮੂਲ਼ ਦੇਵ ਰਾਜਾ ਬਣਨ ਤੋਂ ਪਹਿਲਾਂ ਉਜੈਨੀ ਨਗਰੀ ਦੀ ਪ੍ਰਮੁੱਖ ਵੇਸ਼ਿਆ ਦੇਵਦੱਤਾ ਦੇ ਘਰ ਰਹਿੰਦੇ ਸਨ। ਉਸ ਦੇ ਘਰ ਅਚਲ ਨਾਂ ਦਾ ਇੱਕ ਬਾਣੀਆ ਦਾ ਮੁੰਡਾ ਵੀ ਰਹਿੰਦਾ ਸੀ। ਦੇਵਦੱਤਾ ਅਮੀਰ ਮੂਲ ਦੇਵ ਨੂੰ ਪੈਸੇ ਲਈ ਚਾਹੁੰਦੀ ਸੀ। ਉਸ ਦੀ ਮਾਂ ਦੇਵਦੱਤਾ ਲਈ, ਅਚਲ ਨੂੰ ਚਾਹੁੰਦੀ ਸੀ। ਇੱਕ ਦਿਨ ਦੇਵਦੱਤਾ ਦੀ ਮਾਂ ਨੇ ਕਿਹਾ, “ਪੁੱਤਰੀ! ਉਸ ਜੂਏਬਾਜ ਦੇ ਜਾਲ ਵਿੱਚ ਕਿਉਂ ਫਸੀ ਹੋਈ ਹੈਂ? ਤੇਰੀ ਸੁੰਦਰਤਾ ਪਿੱਛੇ ਤਾਂ ਇੱਕ ਤੋਂ ਇੱਕ ਵੱਧ ਦਿਵਾਨੇ ਫਿਰਦੇ ਹਨ। ਫਿਰ ਇਸ ਨਿਰਗੁਣ ਆਦਮੀ ਦੇ ਪਿੱਛੇ ਫਿਰਨ ਦਾ ਕੀ ਲਾਭ”? ਮਾਂ ਦੀ ਗੱਲ ਸੁਣ ਕੇ ਦੇਵਦੱਤਾ ਨੇ ਕਿਹਾ, “ਮਾਂ! ਇਹ ਵਿਅਕਤੀ ਨਿਰਗੁਣ ਨਹੀਂ, ਸਗੋਂ ਗਿਆਨਵਾਨ ਹੈ”। ਮਾਂ ਨੇ ਫਿਰ ਪੁੱਛਿਆ, “ਇਹ ਸਾਡੇ ਤੋਂ ਜਿਆਦਾ ਗਿਆਨਵਾਨ ਹੈ? ਕਿ ਇਸ ਦੀ ਬੁੱਧੀ ਅਚਲ ਤੋਂ ਤੇਜ ਹੈ? ਕੀ ਇਹ ਤਰਕ ਕਲਾਂ ਵਿੱਚ ਪ੍ਰਵੀਨ ਹੈ? ਇੱਕ ਦਿਨ ਦੋਹਾਂ ਦੀ ਬੁੱਧੀ ਦਾ ਇਮਤਿਹਾਨ ਲੈਣਾ ਚਾਹੀਦਾ ਹੈ? ਕੀ ਦੋਹਾਂ ਵਿੱਚੋਂ ਕੌਣ ਬੁੱਧੀਮਾਨ ਹੈ”।

ਇੱਕ ਦਿਨ ਮਾਂ ਦੇ ਆਖੇ ਅਨੁਸਾਰ ਦੇਵਦੱਤਾ ਨੇ ਗੰਨਾ ਚੂਪਣ ਦੀ ਇੱਛਾ ਜ਼ਾਹਰ ਕੀਤੀ। ਦੇਵਦੱਤਾ ਦੀ ਗੱਲ ਸੁਣ ਕੇ ਅਚਲ ਇੱਕ ਰੇਹੜੀ ਗੰਨਿਆਂ ਦੀ ਭਰ ਲਿਆਇਆ ਅਤੇ ਦੇਵਦੱਤਾ ਦੇ ਅੱਗੇ ਸੁੱਟ ਦਿਤੀ। ਦੇਵਦੱਤਾ ਨੇ ਆਖਿਆ, “ਮਾਂ! ਵੇਖ ਅਚਲ ਮੈਨੂੰ ਹੱਥਨੀ ਸਮਝ ਕੇ ਖਾਣ ਲਈ ਗੰਨੇ ਦੀ ਰੇਹੜੀ ਭਰ ਲਿਆਇਆ ਹੈ”। ਮਾਂ ਨੇ ਆਖਿਆ, “ਹੁਣ ਤੂੰ ਮੂਲ ਦੇਵ ਨੂੰ ਆਖ ਕਿ ਉਹ ਗੰਨੇ ਲੈ ਕੇ ਆਵੇ”। ਦੇਵਦੱਤਾ ਨੇ ਮੂਲ਼ ਦੇਵ ਕੋਲ ਗੰਨਾ ਚੂਪਣ ਦੀ ਇੱਛਾ ਜ਼ਾਹਰ ਕੀਤੀ। ਮੂਲ਼ ਦੇਵ ਨੇ ਇੱਕ ਗੰਨਾ ਸਾਫ ਕੀਤਾ ਅਤੇ ਉਸ ਦੇ ਛਿਲਕ ਉਤਾਰ ਕੇ ਉਸ ਦੀਆਂ ਗੰਡੇਰੀਆਂ ਬਣਾ ਕੇ, ਇਕ ਤਸ਼ਤਰੀ ਵਿੱਚ ਰੱਖ ਕੇ ਦੇਵਦੱਤਾ

ਅੱਗੇ ਪੇਸ਼ ਕਰ ਦਿੱਤੀਆਂ। ਦੇਵਦੱਤਾ ਨੇ ਆਖਿਆ, "ਵੇਖੋ ਇਸ ਦਾ ਗਿਆਨ, ਇਹ ਬਿਨ੍ਹਾ ਸਮਝਾਏ ਹੀ ਸਭ ਕੁੱਝ ਸਮਝ ਗਿਆ ਹੈ"। ਦੇਵਦੱਤਾ ਦੀ ਗੱਲ ਸੁਣ ਕੇ ਮਾਂ ਚੁੱਪ ਹੋ ਗਈ।

ਦੇਵਦੱਤਾ ਦੀ ਮਾਂ ਇੱਕ ਦਿਨ ਮੂਲ ਦੇਵ ਉੱਪਰ ਕਰੋਧ ਪ੍ਰਗਟ ਕਰਦੀ ਹੋਈ ਅਚਲ ਨੂੰ ਆਖਣ ਲੱਗੀ, "ਤੂੰ ਫਿਕਰ ਨਾ ਕਰ, ਮੈਂ ਦੇਵਦੱਤਾ ਨੂੰ ਤੇਰੇ ਨਾਲ ਭੇਜਣ ਦੀ ਕੋਈ ਕਸਰ ਨਾ ਛੱਡਾਂਗੀ"।

ਅਚਲ ਨੇ ਇੱਕ ਸੋ ਅੱਠ ਮੋਹਰਾਂ ਦਿੰਦੇ ਹੋਏ, ਦੇਵਦੱਤਾ ਦੀ ਮਾਂ ਨੂੰ ਆਖਿਆ, "ਛੇਤੀ ਹੀ ਦੇਵਦੱਤਾ ਨੂੰ ਮੇਰੇ ਨਾਲ ਰਹਿਣ ਲਈ ਰਾਜੀ ਕਰੋ"। ਅਚਲ ਦਾ ਕੰਮ ਉਸੇ ਸਮੇਂ ਪੂਰਾ ਹੋ ਗਿਆ ਕਿਉਂਕਿ ਮੂਲ ਦੇਵ ਕੀਤੇ ਬਾਹਰ ਗਿਆ ਹੋਇਆ ਸੀ। ਜਦ ਮੂਲ ਦੇਵ ਵਾਪਸ ਆਇਆ ਅਤੇ ਗੁਪਤ ਰੂਪ ਵਿੱਚ ਦੇਵਦੱਤਾ ਦੇ ਪਲੰਗ ਹੇਠ ਛੁਪ ਗਿਆ। ਦੇਵਦੱਤਾ ਨੇ ਦਾਸੀ ਨੂੰ ਬੁਲਾ ਕੇ ਅਚਲ ਦੇ ਸਰੀਰ ਦੀ ਮਾਲਸ਼ ਕਰਨ ਲਈ ਕਿਹਾ। ਅਚਲ ਨੇ ਪਲੰਗ ਤੇ ਬੈਠੇ ਹੋਏ ਆਖਿਆ, "ਇਸੇ ਪਲੰਗ ਤੇ ਆਕੇ ਮਾਲਸ਼ ਕਰੋ"। ਦਾਸੀਆਂ ਨੇ ਆਖਿਆ, "ਅਜਿਹਾ ਕਰਨ ਨਾਲ ਪਲੰਗ ਖਰਾਬ ਹੋ ਜਾਵੇਗਾ"। ਅਚਲ ਨੇ ਆਖਿਆ, "ਤੁਸੀਂ ਫਿਕਰ ਨਾ ਕਰੋ, ਮੈਂ ਇਸ ਤੋਂ ਵੀ ਸੁੰਦਰ ਪਲੰਗ ਤਿਆਰ ਕਰਕੇ ਦੇ ਦੇਵਾਂਗਾ ਕਿਉਂਕਿ ਮੈਂ ਸੁਪਨਾ ਵੇਖਿਆ ਹੈ ਕਿ ਮੈਂ ਪਲੰਗ ਤੇ ਮਾਲਸ਼ ਕਰਵਾ ਰਿਹਾ ਹਾਂ"। ਦਾਸੀਆਂ ਨੇ ਫਿਰ ਇਨਕਾਰ ਕੀਤਾ। ਪਲੰਗ 'ਤੇ ਬੈਠੇ ਅਚਲ ਨੇ ਮੂਲ ਦੇਵ ਨੂੰ ਬਾਲਾਂ ਤੋਂ ਫੜ ਕੇ ਖਿਚਦੇ ਹੋਏ ਕਿਹਾ, "ਇੱਥੇ ਚੋਰ ਦੀ ਤਰ੍ਹਾਂ ਛੁੱਪ ਕੇ ਬੈਠਣ ਦਾ ਨਤੀਜਾ ਤੈਨੂੰ ਪਤਾ ਨਹੀਂ। ਜਾਉ ਮੈਂ ਤੈਨੂੰ ਅੱਜ ਛੱਡਦਾ ਹਾਂ ਕਿਉਂਕਿ ਅਸੀਂ ਦੋਵੇ ਇਸ ਘਰ ਵਿੱਚ ਇਕਠੇ ਰਹਿ ਰਹੇ ਹਾਂ, ਤੂੰ ਅੱਜ ਬ੍ਰਹਮਣ ਪੁੱਤਰ ਹੋਣ ਕਾਰਨ ਮੇਰੇ ਹੱਥ ਤੋਂ ਬੱਚ ਗਿਆ, ਨਹੀਂ ਤਾਂ ਤੇਰਾ ਅੰਤ ਮਾੜਾ ਹੋਣਾ ਸੀ"।

ਅਚਲ ਰਾਹੀਂ ਅਪਮਾਨਤ ਹੋਣ ਤੇ ਸ਼ਰਮਿੰਦਾ ਹੋਕੇ ਮੂਲਦੇਵ ਉਜੈਨੀ ਤੋਂ ਬਾਹਰ ਨਿਕਲ ਗਿਆ ਅਤੇ ਵੇਨਾਤੱਟ ਕੋਲ ਆਇਆ। ਰਾਹ ਵਿੱਚ ਇੱਕ ਯਾਤਰੀ ਮਿਲਿਆ ਜਿਸ

ਨੇ ਆਪਣੇ ਆਪ ਨੂੰ ਵੇਨਾਤੱਟ ਕੋਲ ਜਾਣ ਵਾਲਾ ਰਾਹੀ ਦੱਸਿਆ ਮੂਲ਼ ਦੇਵ ਨੇ ਕਿਹਾ, ਚਲੋ ਅਸੀਂ ਇੱਕਠੇ ਚੱਲਦੇ ਹਾਂ। ਯਾਤਰੀ ਦੇ 'ਹਾਂ' ਕਹਿਣ 'ਤੇ ਦੋਵੇਂ ਇੱਕਠੇ ਚਲ ਪਏ। ਰਾਹ ਵਿੱਚ ਇੱਕ ਜੰਗਲ ਆਇਆ। ਯਾਤਰੀ ਕੋਲ ਰਾਹ ਦਾ ਭੋਜਨ ਸੀ। ਮੂਲ਼ ਦੇਵ ਨੇ ਸੋਚਿਆ ਕਿ ਮੈਨੂੰ ਭੋਜਨ ਵਿਚੋਂ ਹਿੱਸਾ ਦੇਵੇਗਾ, ਪਰ ਯਾਤਰੀ ਨੇ ਕੁੱਝ ਵੀ ਨਹੀਂ ਦਿਤਾ। ਤੀਸਰੇ ਦਿਨ ਜੰਗਲ ਪਾਰ ਹੋ ਗਿਆ। ਮੂਲਦੇਵ ਨੇ ਪੁੱਛਿਆ, "ਇੱਥੇ ਕੋਈ ਪਿੰਡ ਹੈ"? ਯਾਤਰੀ ਨੇ ਆਖਿਆ, "ਰਾਹ ਵਿੱਚ ਇੱਕ ਪਿੰਡ ਹੈ ਅਤੇ ਮੈਂ ਇਸ ਪਿੰਡ ਦਾ ਰਹਿਣ ਵਾਲਾ ਹਾਂ" ਇਹ ਆਖ ਕੇ ਉਸ ਨੇ ਮੂਲ ਦੇਵ ਨੂੰ ਪਿੰਡ ਦਾ ਰਸਤਾ ਵਿਖਾ ਦਿਤਾ। ਮੂਲਦੇਵ ਉਸ ਪਿੰਡ ਵਿੱਚ ਜਾ ਕੇ ਭਿਖਿਆ ਰਾਹੀਂ ਭੁੱਖ ਮਿਟਾਉਣ ਦਾ ਉਪਾਅ ਸੋਚਣ ਲੱਗਾ। ਘੁੰਮਦੇ ਘੁੰਮਦੇ ਉਸ ਨੂੰ ਭਿੱਖਿਆ ਵਿੱਚ ਉੜਦ ਦੀ ਦਾਲ ਦੀਆਂ ਬੱਕਲੀਆਂ ਮਿਲਿਆਂ।

ਅਚਾਨਕ ਹੀ ਉਸ ਨੂੰ ਇੱਕ ਤੱਪਸਵੀ ਜੈਨ ਮੁੱਨੀ ਮਿਲਿਆ ਜੋ ਇੱਕ ਮਹੀਨੇ ਦੀ ਤੱਪਸਿਆ ਪੂਰੀ ਕਰਕੇ ਆਪਣਾ ਵਰਤ ਖੋਲਣ ਲਈ ਜਾ ਰਿਹਾ ਸੀ। ਉਸ ਦਾ ਟਾਕਰਾ ਰਾਜਾ ਮੂਲਦੇਵ ਨਾਲ ਹੋਇਆ। ਰਾਜਾ ਮੂਲਦੇਵ ਨੇ ਉਹ ਬੱਕਲੀਆਂ ਦਾ ਭੋਜਨ ਉਸ ਮੁਨੀ ਨੂੰ ਦੇ ਦਿੱਤਾ ਇਸ ਮਹਾਨ ਦਾਨ ਕਾਰਨ ਇੱਕ ਦੇਵਤੇ ਨੇ ਪ੍ਰਸੰਨ ਹੋਕੇ, ਮੂਲਦੇਵ ਨੂੰ ਵਰ ਮੰਗਣ ਲਈ ਆਖਿਆ, ਮੂਲ਼ਦੇਵ ਨੇ ਆਖਿਆ, ਮੈਨੂੰ ਇੱਕ ਹਜਾਰ ਹਾਥੀ, ਦੇਵਦੱਤਾ ਨਾਲ ਮੰਗਣੀ ਅਤੇ ਰਾਜ ਚਾਹੀਦਾ ਹੈ। ਦੇਵਤੇ ਨੇ ਕਿਹਾ, "ਤੁਹਾਡੀ ਇੱਛਾ ਪੂਰੀ ਹੋ ਜਾਵੇਗੀ"। ਉੱਥੋਂ ਚੱਲ ਕੇ ਮੂਲਦੇਵ ਫਿਰ ਵੇਨਾਤੱਟ ਤੇ ਪਹੁੰਚਿਆ ਅਤੇ ਰਾਜ ਦੇ ਨਿਯਮਾਂ ਨੂੰ ਤੋੜਨ ਕਾਰਨ ਫੜਿਆ ਗਿਆ। ਉਸ ਨੂੰ ਰਾਜੇ ਦੇ ਅੱਗੇ ਪੇਸ਼ ਕੀਤਾ ਗਿਆ, ਰਾਜੇ ਨੇ ਉਸ ਨੂੰ ਕਤਲ ਕਰਨ ਦਾ ਹੁਕਮ ਸੁਣਾ ਦਿੱਤਾ, ਪਰ ਹੁਕਮ ਸੁਣਾਉਨ ਵਾਲਾ ਰਾਜਾ ਹੁਕਮ ਸੁਣਾਉਂਦੇ ਸਾਰ ਹੀ ਮਰ ਗਿਆ।

ਉਸ ਸਮੇਂ ਦੀ ਪ੍ਰੰਪਰਾ ਅਨੁਸਾਰ ਪੁੱਤਰ ਰਹਿਤ ਰਾਜੇ ਦਾ ਵਾਰਿਸ ਚੁਨਣ ਲਈ ਇੱਕ ਸ਼ਾਹੀ ਘੋੜਾ ਛੱਡਿਆ ਜਾਂਦਾ ਸੀ। ਜਿਸ ਦੇ ਪਿੱਛੇ ਰਾਜੇ ਦੇ ਵਜੀਰ ਚੱਲਦੇ ਸਨ। ਜਿਸ ਵਿਅਕਤੀ ਕੋਲ ਘੋੜਾ ਜਾ ਕੇ ਰੁਕਦਾ ਉਸ ਨੂੰ ਰਾਜਾ ਮੰਨ ਲਿਆ ਜਾਂਦਾ ਸੀ। ਪ੍ਰੰਪਰਾ ਅਨੁਸਾਰ ਘੋੜਾ ਛੱਡਿਆ ਗਿਆ। ਘੋੜਾ ਸਾਰਾ ਸ਼ਹਿਰ ਘੁੰਮ ਕੇ ਮੂਲ਼ਦੇਵ ਕੋਲ ਆ ਕੇ ਰੁੱਕ ਗਿਆ। ਪਰਜਾ ਅਤੇ ਮੰਤਰੀ ਮੰਡਲ ਨੇ ਉਸ ਨੂੰ ਰਾਜਾ ਮੰਨ ਕੇ ਉਸ ਦਾ ਰਾਜ ਤਿਲਕ ਕਰ ਦਿੱਤਾ। ਰਾਜਾ ਬਣਦੇ ਹੀ ਰਾਜਾ ਮੂਲਦੇਵ ਨੇ ਉਸ ਰਾਹੀ ਨੂੰ ਬੁਲਾਇਆ, ਕਿਉਂਕਿ ਮੂਲਦੇਵ ਉਸ ਨੂੰ ਆਪਣਾ ਉਪਕਾਰੀ ਮੰਨਦਾ ਸੀ। ਰਾਜੇ ਨੇ ਉਸ ਲਈ ਇੱਕ ਚੰਗਾ ਪਦ ਸੋਚਿਆ। ਇਸ ਪ੍ਰਕਾਰ ਉਸ ਯਾਤਰੀ ਤੋਂ ਪ੍ਰਸੰਨ ਹੋ ਕੇ, ਮੂਲ਼ਦੇਵ ਨੇ ਉਜੈਨੀ ਦੇ ਰਾਜਾ ਨਾਲ ਚੰਗੇ ਸਬੰਧ ਸਥਾਪਤ ਕੀਤੇ। ਰਾਜੇ ਨੇ ਖੁਸ਼ ਹੋ ਕੇ ਉਸ ਨੂੰ ਦੇਵਦੱਤਾ ਵੇਸ਼ਿਆ ਦੇ ਦਿੱਤੀ। ਦੋਵੇਂ ਖੁਸ਼ੀ ਨਾਲ ਰਹਿਣ ਲੱਗੇ।

ਕੁੱਝ ਦਿਨਾਂ ਬਾਅਦ ਵਿਉਪਾਰ ਲਈ ਘੁੰਮਦਾ ਅਚਲ ਵੀ ਵੇਨਾਤੱਟ ਨਗਰ ਆ ਪਹੁੰਚਿਆ। ਰਾਜਾ ਮੂਲਦੇਵ ਦੇ ਸਿਪਾਹਿਆਂ ਨੇ ਉਸ ਨੂੰ ਸਰਕਾਰੀ ਟੈਕਸ ਨਾ ਦੇਣ ਕਾਰਨ ਫੜ ਲਿਆ ਅਤੇ ਰਾਜਾ ਮੂਲਦੇਵ ਕੋਲ ਲੈ ਆਏ। ਰਾਜਾ ਮੂਲਦੇਵ ਨੇ ਅਚਲ ਨੂੰ ਵੇਖ ਕੇ ਪੁੱਛਿਆ, "ਤੂੰ ਮੈਨੂੰ ਪਹਿਚਾਣ ਲਿਆ ਹੈ?" ਅਚਲ ਨੇ ਆਖਿਆ, "ਮਹਾਰਾਜ ਆਪ ਨੂੰ ਕੌਣ ਨਹੀਂ ਜਾਣਦਾ ਕੀ ਆਪ ਰਾਜਾ ਹੋ!" ਰਾਜਾ ਮੂਲਦੇਵ ਨੇ ਕਿਹਾ ਚੰਗੀ ਤਰ੍ਹਾਂ ਦੇਖ ਲਵੋ ਮੈਂ ਉਹੀ ਮੂਲ਼ਦੇਵ ਹਾਂ। ਅਜਿਹਾ ਆਖ ਕੇ ਉਸ ਨੇ ਪੁਰਾਣਾ ਵੈਰ ਭੁਲਾਉਂਦੇ ਹੋਏ ਅਚਲ ਨੂੰ ਛੱਡ ਦਿੱਤਾ ਅਤੇ ਆਪ ਰਾਜ ਪਾਟ ਦਾ ਕੰਮ ਦੇਖਣ ਲੱਗਾ।

ਇੱਕ ਰਾਤ ਸ਼ਹਿਰ ਦੀ ਗਸ਼ਤ ਕਰਦੇ ਹੋਏ ਮੂਲਦੇਵ ਨੇ ਕਿਸੇ ਚੋਰ ਦਾ ਪਿੱਛਾ ਕੀਤਾ, ਚੋਰ ਮੌਤ ਦੇ ਕਰੀਬ ਪਹੁੰਚ ਕੇ ਬਾਲ ਬਾਲ ਬਚ ਗਿਆ। ਇਹ ਸਭ ਤਪਸਵੀ ਨੂੰ ਦਿੱਤੇ ਹੋਏ ਸੁਪਾਤਰ ਦਾਨ ਦਾ ਹੀ ਫਲ ਸੀ ਕਿ ਮੂਲ਼ਦੇਵ ਰਾਜਾ ਬਣਿਆ। ਪਿਛਲੇ ਜਨਮ

ਵਿੱਚ ਰਾਜਾ ਮੂਲ਼ਦੇਵ ਨੇ 3 ਵਰਤਾਂ ਦੇ ਤੱਪ ਕਰਨ ਵਾਲੇ ਮੁੱਨੀ ਨੂੰ ਭੋਜਨ ਦਿੱਤਾ ਸੀ। ਆਪਣੇ ਆਪ ਨੂੰ ਪੁੰਨ-ਸ਼ਾਲੀ ਸਮਝਦੇ ਹੋਏ ਉਸ ਨੇ ਦਾਨ ਦੇ ਕੇ ਖੁਸ਼ੀ ਮਹਿਸੂਸ ਕੀਤੀ ਸੀ। ਸੋ ਮੂਲ਼ਦੇਵ ਦਾਨ ਕਰਨ ਕਾਰਨ ਹੀ ਇੱਕ ਆਮ ਮਨੁੱਖ ਤੋਂ ਰਾਜਾ ਬਣ ਗਿਆ। ਇਹ ਦਾਨ ਦਾ ਪਰਤਖ ਫਲ ਹੈ।

## ਸ਼ੀਲ ਕੁਲਕਮ

ਸੁਭਾਗ ਪ੍ਰਦਾਨ ਕਰਨ ਵਾਲੇ ਜਿੰਨੇਦਰ ਨੈਮਿਨਾਥ ਦੇ ਚਰਨਾ ਵਿੱਚ ਮੈਂ ਬੰਦਨਾ ਕਰਦਾ ਹਾਂ। ਜਿਨ੍ਹਾਂ ਨੇ ਬਚਪਨ ਵਿੱਚ ਹੀ ਆਪਣੇ ਬਾਹੂਬਲ ਨਾਲ ਜਨਾਰਦਨ ਸ਼੍ਰੀ ਕ੍ਰਿਸ਼ਨ ਨੂੰ ਵੀ ਜਿੱਤ ਲਿਆ ਸੀ। ॥1॥

ਪ੍ਰਾਣੀਆਂ ਦੇ ਲਈ ਸ਼ੀਲ ਹੀ ਉੱਤਮ ਧਨ ਅਤੇ ਸ਼ੀਲ ਹੀ ਪਰਮ ਮੰਗਲ ਦਾ ਕਾਰਨ ਹੈ। ਸ਼ੀਲ ਦੁਰਭਾਗ ਨੂੰ ਮਿਟਾਉਣ ਵਾਲਾ ਅਤੇ ਸੁੱਖ ਦੇਣ ਵਿੱਚ ਮਾਂ ਦਾ ਸਥਾਨ ਰੱਖਦਾ ਹੈ। ਸ਼ੀਲ ਧਰਮ ਦਾ ਫਲ ਹੈ ਕਿਉਂਕਿ ਜਿਥੇ ਸ਼ੀਲ ਹੈ ਉੱਥੇ ਧਰਮ ਦੇ ਭਿੰਨ ਭਿੰਨ ਗੁਣ ਰਹਿੰਦੇ ਹਨ। ਸ਼ੀਲ ਪਾਪ ਨੂੰ ਖੰਡਤ ਕਰਨ ਵਾਲਾ ਹੈ। ਸ਼ੀਲ ਪ੍ਰਾਣੀਆਂ ਦਾ ਸੰਸਾਰ ਵਿੱਚ ਸ੍ਰੇਸ਼ਟ ਅਤੇ ਪਹਿਲਾ ਗਹਿਣਾ ਹੈ। ॥2-3॥

ਨਰਕ ਦੇ ਦਰਵਾਜੇ ਬੰਦ ਕਰਨ ਲਈ ਸ਼ੀਲ ਦਰਵਾਜੇ ਦੀ ਜੋੜੀ ਦੀ ਤਰ੍ਹਾਂ ਹੈ ਅਤੇ ਸਵਰਗਾਂ ਦੇ ਚਿੱਟੇ ਮਹਿਲ 'ਤੇ ਚੜ੍ਹਨ ਲਈ ਉੱਤਮ ਪੌੜੀ ਹੈ। ॥4॥

ਮਹਾਰਾਜਾ ਅਗਰਸੈਨ ਦੀ ਪੁੱਤਰੀ ਰਾਜਮਤੀ ਨੇ, ਇਸੇ ਸ਼ੀਲ ਦੇ ਪ੍ਰਭਾਵ ਕਾਰਨ ਸ਼ੀਲਵਤੀ ਸਤੀਆਂ ਵਿੱਚ ਸਥਾਨ ਪਾਇਆ। ਉਸ ਨੇ ਰੇਵਤਾਚਲ ਪਰਵਤ 'ਤੇ ਚੜ੍ਹਦੇ ਸਮੇਂ ਰਾਹ ਵਿੱਚ ਪੈਂਦੀ ਗੁਫਾ ਵਿੱਚ ਠਹਿਰੇ ਮੁਨੀ ਰਥਨੇਮਿ ਨੂੰ ਸੰਜਮ ਵਿੱਚ ਸਥਿਰ ਕੀਤਾ। ॥5॥

ਭਿਅੰਕਰ ਲਪਟਾਂ ਵਾਲੀ ਅੱਗ ਵਿੱਚ ਵੀ ਜਿਸ ਮਹਾਸਤੀ ਦੇ ਸ਼ੀਲ ਕਾਰਨ ਅੱਗ ਵੀ ਪਾਣੀ ਹੋ ਗਈ। ਉਸ ਰਾਮ ਪਤਨੀ ਸੀਤਾ ਦੀ ਸੰਸਾਰ ਵਿੱਚ ਜੈ ਜੈ ਕਾਰ ਹੋਈ ਜਿਸ ਦੀ ਕੀਰਤੀ ਦਾ ਝੰਡਾ ਅੱਜ ਵੀ ਸੰਸਾਰ ਵਿੱਚ ਲਹਿਰਾ ਰਿਹਾ ਹੈ। ॥6॥

ਛਾਲਣੀ ਵਿੱਚ ਪਾਣੀ ਭਰ ਕੇ ਜਿਸ ਨੇ ਚੰਪਾ ਨਗਰੀ ਦੇ ਦਰਵਾਜੇ ਖੋਲ ਦਿਤੇ, ਉਸ ਸਤੀ ਸੁਭਦਰਾ ਦਾ ਨਿਰਮਲ ਚਰਿਤਰ ਕਿਸ ਦਾ ਚਿੱਤ ਨਹੀਂ ਮੋਹੇਗਾ? ॥7॥

ਨਰਮਦਾ ਸੁੰਦਰੀ ਪ੍ਰਸ਼ੰਨ ਅਤੇ ਸਮਰਿਧੀ ਵਾਲੀ ਹੋ ਗਈ ਉਸ ਨੇ ਲੰਬੇ ਸਮੇਂ ਤੱਕ ਸ਼ੀਲ ਦਾ ਪਾਲਣ ਕੀਤਾ। ਉਸ ਨੇ ਪਾਗਲਪਨ ਸਵੀਕਾਰ ਕਰਕੇ ਵੀ ਭਿੰਨ ਭਿੰਨ ਪ੍ਰਕਾਰ ਦੇ ਕਸ਼ਟ ਸਹੇ। ॥8॥

ਕਲਾਵਤੀ ਸਤੀ ਦਾ ਮੰਗਲ ਹੋਵੇ, ਰਾਜਾ ਨੇ ਜਿਸ ਦੇ ਹੱਥ ਪੈਰ ਅੰਗ ਕਟਵਾ ਕੇ ਭਿਅੰਕਰ ਜੰਗਲ ਵਿੱਚ ਛੱਡ ਦਿਤਾ ਸੀ ਪਰ ਸ਼ੀਲ਼ ਦੇ ਪ੍ਰਭਾਵ ਕਾਰਨ ਸਾਰੇ ਕੱਟੇ ਅੰਗ ਫਿਰ ਨਵੇਂ ਰੂਪ ਵਿੱਚ ਪੈਦਾ ਹੋ ਗਏ। ॥9॥

ਸ਼ੀਲਵਤੀ ਸਤੀ ਦੇ ਸ਼ੀਲ ਦੇ ਵਰਨਣ ਕਰਨ ਵਿੱਚ, ਸਵਰਗ ਦੇ ਇੰਦਰ ਵੀ ਸਮਰਥ ਨਹੀਂ ਹਨ। ਰਾਜਾ ਤੇ ਰਾਣੀ ਪ੍ਰੀਖਿਆ ਦੇ ਲਈ ਰੱਖੇ ਚਾਰ ਮੰਤਰੀਆਂ ਨੂੰ ਜਿਸ ਨੇ ਵੱਸ ਵਿੱਚ ਕਰ ਲਿਆ ਅਤੇ ਆਪਣੇ ਆਪ ਨੂੰ ਬਚਾ ਕੇ ਧਰਮ ਸੁਰੱਖਿਅਤ ਰੱਖਿਆ। ॥10॥

ਵਰਧਮਾਨ ਮਹਾਵੀਰ ਨੇ ਜਿਸ ਦੇ ਲਈ ਉੱਤਮ ਧਰਮ ਲਾਭ (ਆਸ਼ਿਰਵਾਦ) ਦਾ ਸੁਨੇਹਾ ਦਿਤਾ, ਉਹ ਸੁਲਸਾ ਉਪਾਸਿਕਾ ਦੀ ਸੰਸਾਰ ਵਿੱਚ ਜੈ ਜੈ ਕਾਰ ਹੋਈ, ਜੋ ਸਰਦੀ ਰੁੱਤ ਦੇ ਚੰਦਰਮਾ ਦੀ ਤਰ੍ਹਾਂ ਸੁਧ ਸ਼ੀਲ ਗੁਣ ਧਾਰਨ ਕਰਨ ਵਾਲੀ ਸੀ। ॥11॥

ਹਰੀ, ਹਰ, ਬ੍ਰਹਮਾ ਅਤੇ ਇੰਦਰ ਜਿਹੇ ਵੱਡੇ ਵੱਡੇ ਦਾ ਮਾਨ ਭੰਗ ਕਰਨ ਵਾਲਾ ਜੋ ਕਾਮ ਦੇਵ ਦਾ ਬਲ ਹੈ। ਉਸ ਕਾਮ ਦੇਵ ਦੇ ਭਿਅੰਕਰ ਘਮੰਡ ਨੂੰ ਜਿਸ ਨੇ ਕੁੱਝ ਸਮੇਂ ਵਿੱਚ ਗਾਲ ਦਿੱਤਾ, ਅਜਿਹੇ ਅਚਾਰਿਆ ਸੁਰੀਭੱਦਰ ਮੁਨੀ ਸਾਨੂੰ ਭੱਦਰਤਾ ਪ੍ਰਦਾਨ ਕਰਨ। ॥12॥

ਨੌਜਵਾਨੀ ਦੇ ਸਮੇਂ ਵਿੱਚ, ਨਵਯੁਵਤੀਆਂ ਰਾਹੀਂ ਕਾਮ ਭੋਗ ਦੀ ਬੇਨਤੀ ਕਰਨ ਤੇ ਜੋ ਮੇਰੂ ਪਰਬਤ ਦੀ ਤਰ੍ਹਾਂ ਨਿਸ਼ਚਲ ਰਹੇ, ਅਜਿਹੇ ਮਹਾ ਰਿਸਿ ਵਜਰ ਸਵਾਮੀ ਦੀ ਜੈ ਹੋਵੇ। ॥13॥

ਜਿਸ ਨੇ ਅਭੈ ਰਾਣੀ ਰਾਹੀਂ ਪੈਦਾ ਕੀਤੇ ਸੰਕਟ ਵਿੱਚ ਘਿਰਕੇ ਆਪਣਾ ਸ਼ੀਲ ਧਰਮ ਖੰਡਿਤ ਨਹੀਂ ਹੋਣ ਦਿਤਾ, ਅਜਿਹੇ ਸੇਠ ਸੁਦਰਸ਼ਨ ਦੀ ਸਥਿਤੀ ਦਾ ਮੁਕਾਬਲਾ ਕਰਨਾ ਅਸੰਭਵ ਹੈ। ॥14॥

ਸੁੰਦਰੀ ਜੋ ਭਗਵਾਨ ਰਿਸ਼ਭਦੇਵ ਦੀ ਪੁੱਤਰੀ ਹੈ, ਸੁੰਨਦਾ ਵਜਰ ਸਵਾਮੀ ਦੀ ਮਾਤਾ ਹੈ ਅਤੇ ਮਹਾ ਸਤੀ ਚੈਲਨਾ ਚੇਟਕ ਰਾਜਾ ਦੀ ਪੁੱਤਰੀ ਹੈ, ਸਤੀ ਮਨੋਰਮਾ ਜੋ ਸੁਦਰਸ਼ਨ ਦੀ ਪੱਤਨੀ ਸੀ, ਅਨਜਨਾ ਅਤੇ ਮਿਰਗਾਵਤੀ, ਇਹ ਸਭ ਸਾਧਵੀਆਂ ਜੈਨ ਧਰਮ ਦੀਆਂ ਪ੍ਰਸਿਧ ਸਾਧਵੀਆਂ ਸਨ। ਇਹ ਸਾਧਵੀਆਂ ਸਾਨੂੰ ਸੁੱਖ ਪ੍ਰਦਾਨ ਕਰਨ। ॥15॥

ਅਚੰਕਾਰੀ ਭੱਟਾ ਦੇ ਚਰਿਤਰ ਨੂੰ ਸੁਣ ਕੇ ਕੌਣ ਮਨੁੱਖ ਸਿਰ ਨਹੀਂ ਹਿਲਾ ਦੇਵੇਗਾ? ਜਿਸ ਨੇ ਚੋਰਾ ਦੀ ਵਸਤੀ ਦੇ ਰਾਜਾ ਰਾਹੀਂ ਕੱਸ਼ਟ ਦਿਤੇ ਜਾਣ ਤੇ ਵੀ ਆਪਣੇ ਮਨ ਵਿੱਚ ਅਖੰਡ ਸ਼ੀਲ ਦਾ ਪਾਲਣ ਕੀਤਾ। ॥16॥

ਸ਼ੀਲ ਦੀ ਅਜਿਹੀ ਮਹਿਮਾਂ ਹੈ ਕਿ ਚਾਹੇ ਆਪਣਾ ਮਿੱਤਰ ਭਾਈ ਜਾਂ ਬਾਬਾ ਹੀ ਕਿਉਂ ਨਾ ਹੋਵੇ, ਜੇ ਆਪਣਾ ਪੁੱਤਰ ਵੀ ਦੁਰਾਚਰੀ ਹੈ ਤਾਂ ਇਹ ਸਾਰੇ ਲੋਕ ਵਿੱਚ ਪ੍ਰੇਮ ਨੂੰ ਪ੍ਰਾਪਤ ਨਹੀਂ ਕਰ ਸਕਦੇ। ॥17॥

ਅਹਿੰਸਾ ਆਦਿ ਸਭ ਵਰਤਾਂ ਦੇ ਅਪਰਾਧੀ ਦੀ ਸ਼ੁੱਧੀ ਦੇ ਕਈ ਉਪਾਅ ਆਲੋਚਨਾ ਆਦਿ ਹਨ। ਪਰ ਜਿਸ ਦਾ ਸ਼ੀਲ਼ ਭੰਗ ਹੈ ਉਸ ਦੇ ਲਈ ਪੱਕੇ ਘੜੇ ਉੱਪਰ ਥੈਕੜੀ ਦੇ ਸਮਾਨ ਕੋਈ ਉਪਾਅ ਨਹੀਂ ਹੈ। ॥18॥

ਬੇਤਾਲ ਦਾ ਡਰ ਹੋਵੇ ਚਾਹੇ ਭੂਤ, ਰਾਕਸ਼ਸ, ਸ਼ੇਰ, ਚਿਤਾ, ਹਾਥੀ ਅਤੇ ਸੱਪ ਦਾ ਡਰ ਹੋਵੇ। ਪਵਿਤਰ ਸ਼ੀਲ ਦਾ ਪਾਲਣ ਕਰਨ ਵਾਲਾ ਇਹਨਾਂ ਸਭ ਪ੍ਰਕਾਰ ਦੇ ਡਰ ਨੂੰ ਆਪਣੇ ਸ਼ੀਲ਼ ਦੇ ਬਲ ਨਾਲ ਚੂਰ ਕਰਦਾ ਹੈ। ॥19॥

ਜੋ ਕੋਈ ਭੂਤਕਾਲ ਵਿੱਚ ਕਰਮ ਬੰਦਨ ਤੋਂ ਛੁਟਕਾਰਾ ਪਾਕੇ ਸਿੱਧ ਹੋਏ ਹਨ। ਵਰਤਮਾਨ ਵਿੱਚ ਹੋ ਰਹੇ ਹਨ ਭਵਿੱਖ ਵਿੱਚ ਹੋਣਗੇ ਉਹਨਾਂ ਸਭ ਦੇ ਕੋਲ ਵਿਸ਼ਾਲ ਸ਼ੀਲ ਦਾ ਮਹੱਤਵਪੂਰਨ ਬਲ ਹੈ। ॥20॥

9

# ਰਾਜਮਤੀ

ਸਾਧਵੀ ਰਾਜਮਤੀ ਜੈਨ ਇਤਿਹਾਸ ਦੀ ਮਹੱਤਵਪੂਰਨ ਸਾਧਵੀ ਹੋਈ ਹੈ ਆਪ ਮਹਾਰਾਜਾ ਉਗਰਸੈਨ ਦੀ ਪੁਤਰੀ ਸਨ। ਆਪ ਸੁੰਦਰ ਅਤੇ ਗੁਣਵਾਨ ਸਨ ਆਪ ਦੀ ਸੁੰਦਰਤਾ ਕਾਰਨ ਵੱਡੇ ਵੱਡੇ ਰਾਜਕੁਮਾਰਾਂ ਦੇ ਰਿਸ਼ਤੇ ਆਪ ਨੂੰ ਆਉਂਦੇ ਸਨ। ਉਸ ਸਮੇਂ ਯਾਦਵ ਵੰਸ਼ ਵਿੱਚ ਮਾਸ ਭੋਜਨ ਦਾ ਪ੍ਰਚਲਣ ਆਮ ਸੀ, ਜੋ ਕਿ ਵਿਆਹ ਸ਼ਾਦੀਆਂ ਸਮੇਂ ਵੀ ਚੱਲਦਾ ਸੀ।

ਆਪ ਦੀ ਮੰਗਨੀ 22ਵੇਂ ਤੀਰਥੰਕਰ ਭਗਵਾਨ ਅਰਿਸ਼ਟਨੇਮੀ ਨਾਲ ਨਿਸ਼ਚਿਤ ਹੋਈ ਸੀ। ਆਪ ਦਾ ਚੱਰਿਤਰ ਸ਼੍ਰੀ ਉਤਰਾਅਧਿਐਨ ਵਿੱਚ ਅਤੇ ਸ਼੍ਰੀ ਦਸਵੇਂਕਾਲਿਕ ਸੂਤਰ ਵਿੱਚ ਵਿਸਥਾਰ ਨਾਲ ਮਿਲਦਾ ਹੈ। ਨਿਸ਼ਚਿਤ ਸਮੇਂ ਤੇ ਯਾਦਵ ਵਿਸ਼ਾਲ ਸੰਖਿਆ ਵਿੱਚ ਭਗਵਾਨ ਅਰਿਸ਼ਟਨੇਮੀ ਦੀ ਬਰਾਤ ਲੈ ਕੇ ਸ਼ਾਨ-ਓ-ਸ਼ੋਕਤ ਨਾਲ ਰਵਾਨਾ ਹੋਏ। ਹਰ ਥਾਂ ਤੇ ਮੰਗਲ ਗੀਤ ਅਤੇ ਬਾਜੇ ਬਜਾਏ ਗਏ। ਬਾਰਾਤ ਨਗਰ ਦੇ ਦਰਵਾਜੇ ਦੇ ਕੋਲ ਆਈ ਤਾਂ ਰਾਜਕੁਮਾਰ ਅਰਿਸ਼ਟਨੇਮੀ ਨੇ ਇੱਕ ਪਸ਼ੂਆਂ ਦਾ ਬਾੜਾ ਵੇਖਿਆ। ਜਿਸ ਵਿੱਚ ਤਾੜੇ ਭੁੱਖੇ ਪਿਆਸੇ ਪਸ਼ੂ ਚੀਕ ਪੁਕਾਰ ਕਰ ਰਹੇ ਸਨ। ਅਰਿਸ਼ਟਨੇਮੀ ਨੇ ਆਪਣੇ ਸਾਰਥੀ ਤੋਂ ਪਸ਼ੂਆਂ ਨੂੰ ਤਾੜਨ ਦਾ ਕਾਰਨ ਪੁੱਛਿਆ, ਤਾਂ ਸਾਰਥੀ ਨੇ ਆਖਿਆ, "ਮਹਾਰਾਜ! ਇਹ ਸਭ ਆਪ ਜੀ ਦੀ ਸ਼ਾਦੀ ਦੀਆਂ ਤਿਆਰੀਆਂ ਕਰਕੇ ਬੰਨੇ ਗਏ ਹਨ ਕਿਉਂਕਿ ਰਾਜੇ ਨੂੰ ਪਤਾ ਹੈ ਕਿ ਬਾਰਾਤ ਵਿੱਚ ਕੁੱਝ ਮਾਸ਼ਾਹਾਰੀ ਬਾਰਾਤੀ ਵੀ ਜ਼ਰੂਰ ਹੋਣਗੇ"।

ਅਰਿਸ਼ਟਨੇਮੀ ਨੂੰ ਸਾਰਥੀ ਦੀ ਗੱਲ ਸੁਣ ਕੇ ਬਹੁਤ ਤਕਲੀਫ ਹੋਈ। ਉਹਨਾਂ ਸਾਰਥੀ ਨੂੰ ਕਿਹਾ, "ਜੇ ਮੇਰੇ ਵਿਆਹ ਕਾਰਨ ਪਸ਼ੂਆਂ ਦਾ ਘਾਤ ਹੁੰਦਾ ਹੈ ਤਾਂ ਆਪ ਰੱਥ ਵਾਪਸ ਲੈ ਚੱਲੋ ਮੈਨੂੰ ਇਹ ਸ਼ਾਦੀ ਮਨਜੂਰ ਨਹੀਂ"।

ਸਾਰਥੀ ਨੇ ਆਪਣੇ ਮਾਲਕ ਦੇ ਹੁਕਮ ਦਾ ਪਾਲਣ ਕਰਦੇ ਹੋਏ ਰੱਥ ਵਾਪਸ ਮੋੜ ਲਿਆ। ਦੂਰ ਖੜੀ ਮੰਗੇਤਰ ਰਾਜਲ ਨੇ ਰੱਥ ਨੂੰ ਮੁੜਦੇ ਹੋਏ ਵੇਖਿਆ ਤਾਂ ਉਸ ਦੇ ਸਾਰੇ ਅਰਮਾਨ ਢੇਰਿਢੇਰੀ ਹੋ ਗਏ। ਆਪਣੀਆਂ ਸਹੇਲੀਆਂ ਤੋਂ ਜਦੋਂ ਉਸ ਨੇ ਰੱਥ ਮੁੜਨ ਦਾ ਕਾਰਨ ਜਾਣਿਆਂ ਤਾਂ ਉਸ ਨੇ ਪਰਤਿਗਿਆ ਕੀਤੀ ਕਿ ਅਰਿਸ਼ਟਨੇਮੀ ਹੀ ਮੇਰੇ ਪਤੀ ਹਨ। ਮੈਂ ਆਪਣੇ ਪਤੀ ਦੀ ਰਾਹ ਤੇ ਚੱਲਣਾ ਹੈ। ਇਹ ਸੋਚ ਕੇ ਉਸ ਨੇ ਉਸੇ ਸਮੇਂ ਹਾਰ ਸ਼ਿੰਗਾਰ ਤਿਆਗ ਦਿੱਤਾ ਅਤੇ ਪਤੀ ਦੇ ਅਗਲੇ ਫੈਸਲੇ ਦਾ ਇੰਤਜ਼ਾਰ ਕਰਨ ਲੱਗੀ।

ਉਧਰ ਭਗਵਾਨ ਅਰਿਸ਼ਟਨੇਮੀ ਨੇ ਤੀਰਥੰਕਰ ਪ੍ਰੰਪਰਾ ਨੂੰ ਨਿਭਾਉਂਦੇ ਹੋਏ ਇੱਕ ਸਾਲ ਗਰੀਬਾਂ ਨੂੰ ਦਾਨ ਕਰਕੇ ਬਹੁਤ ਸਾਰੇ ਇਸਤਰੀ ਪੁਰਸ਼ਾਂ ਨਾਲ ਸਾਧੂ ਜੀਵਨ ਗ੍ਰਹਿਣ ਕਰ ਲਿਆ। ਰਾਜਲ ਨੇ ਵੀ ਸਾਧਵੀ ਜੀਵਨ ਗ੍ਰਹਿਣ ਕੀਤਾ।

ਇੱਕ ਵਾਰ ਭਗਵਾਨ ਅਰਿਸ਼ਟਨੇਮੀ ਗਿਰਨਾਰ ਪਰਬਤ ਤੇ ਬਿਰਾਜਮਾਨ ਸਨ, ਆਪ ਨੂੰ ਕੇਵਲ ਗਿਆਨ ਪ੍ਰਾਪਤ ਹੋ ਚੁੱਕਾ ਸੀ। ਸਾਧਵੀ ਰਾਜਲ ਦੇ ਮਨ ਵਿੱਚ ਆਪ ਦੇ ਦਰਸ਼ਨ ਕਰਨ ਦਾ ਵਿਚਾਰ ਉੱਤਪਨ ਹੋਇਆ, ਉਹ ਆਪਣੀਆਂ 700 ਸਾਥੀ ਸਾਧਵੀਆਂ ਨੂੰ ਲੈਕੇ, ਗਿਰਨਾਰ ਪਰਬਤ ਦੀ ਚੜ੍ਹਾਈ ਚੜ੍ਹਨ ਲੱਗੀ। ਅਚਾਨਕ ਹੀ ਮੌਸਮ ਬਦਲ ਗਿਆ ਪਹਾੜ ਦੇ ਉਪਰ ਹਨੇਰੀ ਮੀਂਹ ਦਾ ਝੱਖੜ ਝੂਲਣ ਲੱਗਾ। ਸਾਰੀਆਂ ਸਾਧਵੀਆਂ ਸਿਰ ਛੁਪਾਉਣ ਦੀ ਜਗ੍ਹਾ ਲੱਭਣ ਲੱਗੀਆਂ। ਸਾਧਵੀ ਰਾਜਮਤੀ ਦੇ ਸਾਰੇ ਕਪੜੇ ਭਿੱਜ ਗਏ ਅਤੇ ਸਰੀਰ ਤੇ ਧਾਰਨ ਯੋਗ ਕੋਈ ਕੱਪੜਾ ਨਹੀਂ ਬਚਿਆ, ਉਸ ਨੇ ਇੱਕ ਗੁਫਾ ਵਿੱਚ ਪਨਾਹ ਲੱਈ। ਸੰਯੋਗ ਨਾਲ ਉਸ ਗੁਫਾ ਵਿੱਚ ਭਗਵਾਨ ਅਰਿਸ਼ਟਨੇਮੀ ਦਾ ਭਰਾ ਰੱਥਨੇਮੀ ਬੈਠਾ ਧਿਆਨ ਕਰ ਰਿਹਾ ਸੀ। ਹਨੇਰੇ ਵਿੱਚ ਸਾਧਵੀ ਰਾਜਲ ਨੂੰ ਕੁੱਝ ਵਿਖਾਈ ਨਾ ਦਿੱਤਾ। ਉਸ ਨੇ ਆਪਣੇ ਕੱਪੜੇ ਉਤਾਰ ਕੇ ਉਸ ਗੁਫਾ ਵਿੱਚ ਸੁਕਣ ਲਈ ਪਾ ਦਿੱਤੇ, ਅਚਾਨਕ ਬਿਜਲੀ ਚਮਕੀ ਮੁੱਨੀ ਰੱਥਨੇਮੀ ਦੀ ਨਜ਼ਰ ਸਾਧਵੀ ਰਾਜਮਤੀ ਦੇ ਬਸਤਰਹੀਨ ਸਰੀਰ ਤੇ ਪਈ।

ਸਾਧਵੀ ਨੇ ਉਸੇ ਸਮੇਂ ਗਿਲੇ ਕਪੜੇ ਦੁਬਾਰਾ ਧਾਰਨ ਕਰ ਲਏ ਅਤੇ ਬੜੀ ਸਾਵਧਾਨੀ ਨਾਲ ਉਸ ਜਗ੍ਹਾ ਤੇ ਬੈਠ ਗਈ। ਰਾਜਮਤੀ ਨੂੰ ਵੇਖ ਕੇ ਤਪਸਵੀ ਰੱਥਨੇਮੀ ਦੇ ਮਨ ਵਿੱਚ ਕਾਮ ਵਾਸਨਾ ਜਾਗ ਪਈ। ਉਸ ਨੇ ਸਾਧਵੀ ਰਾਜਲ ਨੂੰ ਆਖਿਆ ਕਿ ਆਪਣੀ ਉਮਰ ਅਜੇ ਸਾਧੂ ਬਨਣ ਦੇ ਯੋਗ ਨਹੀਂ ਹੈ। ਕੁੱਝ ਸਮਾਂ ਕਾਮਭੋਗ ਸੇਵਨ ਕਰਨ ਤੋਂ ਬਾਅਦ ਫਿਰ ਸਾਧੂ ਬਣ ਜਾਵਾਂਗੇ।

ਰੱਥਨੇਮੀ ਦੀ ਇਹ ਗੱਲ ਸੁਣ ਕੇ ਸਾਧਵੀ ਰਾਜਮਤੀ ਨੂੰ ਕਰੋਧ ਆ ਗਿਆ ਉਸ ਨੇ ਡਰਦੇ ਹੋਏ ਕਿਹਾ, "ਭਾਵੇਂ ਤੂੰ ਰੰਗ ਰੂਪ ਵਿੱਚ ਵੈਸ਼੍ਰਮਨ ਦੇਵਤੇ ਦੇ ਸਮਾਨ ਹੋਵੇਂ ਅਤੇ ਭੋਗ ਭੋਗਨ ਵਿੱਚ ਸਪਸ਼ਟ ਇੰਦਰ ਦੇ ਸਮਾਨ ਹੋਵੇਂ, ਤਾਂ ਵੀ ਮੈਂ ਤੇਰੀ ਇੱਛਾ ਨਹੀਂ ਰੱਖਦੀ। ਹੇ ਕਾਮਦੇਵ ਦੇ ਪੁਤਲੇ! ਜਿਸ ਪ੍ਰਕਾਰ ਉਲਟੀ ਰਾਹੀਂ ਕੱਢੀ ਖੀਰ ਨੂੰ ਕੋਈ ਮਨੁੱਖ ਖਾਣ ਲਈ ਤਿਆਰ ਨਹੀਂ ਹੁੰਦਾ, ਇਸੇ ਪ੍ਰਕਾਰ ਤੂੰ ਅਪਣੇ ਭਰਾ ਅਰਿਸ਼ਟਨੇਮੀ ਰਾਹੀਂ ਉਲਟੀ ਹੋਈ ਨੂੰ ਪ੍ਰਾਪਤ ਕਰਨ ਦੀ ਇੱਛਾ ਕਿਵੇਂ ਕਰਦਾ ਹੈਂ? ਅਜਿਹਾ ਵਿਚਾਰ ਕਰਨ ਤੋਂ ਪਹਿਲਾਂ ਤੇਰਾ ਮਰ ਜਾਣਾ ਹੀ ਚੰਗਾ ਹੈ। ਧਿੱਕਾਰ ਹੈ ਤੇਰੇ ਨਾਮ ਨੂੰ ਅਤੇ ਤੇਰੇ ਅਖੌਤੀ ਤੱਪ ਨੂੰ, ਮੈਂ ਮਹਾਰਾਜਾ ਉਗਰਸੈਨ ਦੀ ਧੀ ਹਾਂ ਅਤੇ ਤੂੰ ਮਹਾਰਾਜਾ ਸਮੁੰਦਰਵਿਜੈ ਦਾ ਪੁੱਤਰ ਹੈਂ। ਅਸੀਂ ਲੋਕਾਂ ਨੂੰ ਤਾਂ ਗੰਧਨ ਕੁੱਲ ਦੇ ਸੱਪਾਂ ਦੀ ਤਰ੍ਹਾਂ ਨਹੀਂ ਹੋਣਾ ਚਾਹੀਦਾ। ਜੋ ਉਲਟੇ ਹੋਏ ਜ਼ਹਿਰ ਨੂੰ ਫਿਰ ਗ੍ਰਹਿਣ ਕਰ ਲੈਂਦੇ ਹਨ।

ਇਸ ਪ੍ਰਕਾਰ ਦੇ ਉਪਦੇਸ਼ ਨੂੰ ਸੁਣਕੇ ਮੁੱਨੀ ਰੱਥਨੇਮੀ ਮੁੜ ਸੰਜਮ ਵਿੱਚ ਦਲੇਰ ਬਣਿਆ ਅਤੇ ਛੇਤੀ ਹੀ ਕਰਮ ਕੱਟਕੇ ਮਨ ਨੂੰ ਸਥਿਰ ਕੀਤਾ। ਸਤੀ ਰਾਜਮਤੀ ਨੇ ਆਜੀਵਨ ਸ਼ੁੱਧ ਸ਼ੀਲ ਦਾ ਪਾਲਣ ਕਰਕੇ ਆਪਣਾ ਕਲਿਆਣ ਕੀਤਾ ਇਹ ਸ਼ੁੱਧ ਸ਼ੀਲ ਦਾ ਪ੍ਰਤੱਖ ਪ੍ਰਮਾਣ ਹੈ।

# ਸਤੀ ਸੀਤਾ

ਸਤੀ ਸੀਤਾ ਮਿਥਲਾ ਦੇ ਰਾਜਾ ਜਨਕ ਦੀ ਪੁੱਤਰੀ ਸੀ ਅਤੇ ਉਸ ਦੀ ਸ਼ਾਦੀ ਮਰਿਆਦਾ ਪੁੱਤਰ ਰਾਮ ਨਾਲ ਹੋਈ। ਭਾਰਤੀ ਇਤਿਹਾਸ ਵਿੱਚ ਉਹ ਇੱਕ ਆਦਰਸ਼ ਸ਼ੀਲਵਤੀ ਔਰਤ ਸੀ। ਜਿਸ ਨੇ ਰਾਜ ਸੁੱਖ ਠੁਕਰਾ ਕੇ 14 ਸਾਲ ਦਾ ਬਨਵਾਸ ਭੋਗਿਆ। ਲੰਕਾ ਦੀ ਜਿੱਤ ਤੋਂ ਬਾਅਦ ਸ਼੍ਰੀ ਰਾਮ ਨੇ ਜੰਗਲ ਵਿੱਚ ਉਸ ਦੇ ਸ਼ੀਲ ਦੀ ਅਗਨੀ ਪ੍ਰਖਿਆ ਲਈ ਸੀ। ਰਾਮ ਨੇ ਦੁਖੀ ਹੋਕੇ ਇੱਕ ਅਗਨੀ ਕੁੰਡ ਤਿਆਰ ਕੀਤਾ। ਸੀਤਾ ਉਸ ਕੁੰਡ ਵਿੱਚ ਹੇਠ ਲਿਖੇ ਭਾਵ ਵਾਲਾ ਸਲੋਕ ਆਖਕੇ ਕੁੱਦ ਗਈ:

ਸ਼ਲੋਕ ਦਾ ਭਾਵ: ਮਨ ਵਚਨ ਕਾਇਆ ਸਰੀਰ ਤੋਂ ਜਾਗਦੇ ਹੋਏ ਜਾਂ ਸੁਪਨੇ ਵਿੱਚ ਵੀ ਜੇ ਮੈਂ ਰਾਮ ਤੋਂ ਛੁੱਟ, ਕਿਸੇ ਹੋਰ ਪਰਾਏ ਪੁਰਸ਼ ਦੇ ਪ੍ਰਤੀ ਪਤੀ ਵਾਲੀ ਭਾਵਨਾ ਰੱਖੀ ਹੋਵੇ, ਤਾਂ ਹੇ ਅਗਨੀ! ਤੂੰ ਇਸ ਸਰੀਰ ਨੂੰ ਭਸਮ ਕਰਦੇ ਕਿਉਂਕਿ ਤੇਰੀ ਗਵਾਹੀ ਹਰ ਜਗ੍ਹਾ ਹੈ।

ਸਾਰੀਆਂ ਚੀਜ਼ਾਂ ਨੂੰ ਖਤਮ ਕਰਨ ਵਾਲੀ ਅੱਗ ਵੀ ਸ਼ੀਲ ਧਰਮ ਦਾ ਪਾਲਣ ਕਰਨ ਕਾਰਨ ਸੀਤਾ ਦੇ ਸਰੀਰ ਨੂੰ ਛੋਹ ਕੇ ਪਾਣੀ ਬਣ ਗਈ। ਅਜ ਵੀ ਸਾਰੀ ਦੁਨੀਆਂ ਵਿੱਚ ਸੀਤਾ ਦੇ ਜਸ ਤੇ ਸ਼ੀਲ ਦਾ ਝੰਡਾ ਲਹਿਰਾ ਰਿਹਾ ਹੈ। ਸੀਤਾ ਸਤੀ ਅਖਵਾਈ ਕਿਉਂਕਿ ਉਸ ਨੇ ਰਾਮ ਤੋਂ ਇਲਾਵਾ ਕਿਸੇ ਹੋਰ ਪੁਰਸ਼ ਨੂੰ ਚਾਹਤ ਦੀ ਭਾਵਨਾ ਨਾਲ ਨਹੀਂ ਵੇਖਿਆ।

11

# ਸਤੀ ਸੁਭੱਦਰਾ

ਸ਼ੀਲਵਾਨ ਇਸਤਰੀਆਂ ਦੀ ਸੂਚੀ ਵਿੱਚ ਸਤੀ ਸੁਭੱਦਰਾ ਦਾ ਨਾਂ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਸਤੀ ਸੁਭੱਦਰਾ ਬਸੰਤਪੁਰ ਦੇ ਸੇਠ ਜਿਨਦਾਸ ਦੀ ਪੁੱਤਰੀ ਸੀ। ਦੋਹੇਂ ਜੈਨ ਧਰਮ ਵਿੱਚ ਰੰਗੇ ਹੋਏ ਸਨ। ਸਤੀ ਸੁਭੱਦਰਾ ਦੀ ਇਹ ਪ੍ਰਤਿਗਿਆ ਸੀ ਕਿ ਉਹ ਕਿਸੇ ਜੈਨ ਉਪਾਸਕ ਤੋਂ ਛੁੱਟ, ਕਿਸੇ ਹੋਰ ਧਰਮ ਵਾਲੇ ਨਾਲ ਸ਼ਾਦੀ ਨਹੀਂ ਕਰੇਗੀ। ਜੇ ਯੋਗ ਵਰ ਨਾ ਮਿਲਿਆ ਤਾਂ ਉਹ ਸਾਰੀ ਉਮਰ ਬ੍ਰਹਮਚਾਰੀ ਰਹਿਕੇ ਗੁਜਾਰ ਲਵੇਗੀ। ਸਤੀ ਸੁੱਭਦਰਾ ਦੀ ਸਾਰੀ ਦਿਨ ਚਰਿਆ, ਰਹਿਣ ਸਹਿਣ, ਜੈਨ ਧਰਮ ਅਤੇ ਭਗਵਾਨ ਮਹਾਵੀਰ ਦੇ ਉਪਦੇਸਾਂ ਅਨੁਸਾਰ ਸੀ। ਉਹ ਧਾਰਮਿਕ ਹੋਣ ਤੋਂ ਇਲਾਵਾ ਬਹੁਤ ਸੁੰਦਰ ਤੇ ਗੁਣਵਾਨ ਸੀ। ਜਿਸ ਕਰਕੇ ਬਹੁਤ ਸਾਰੇ ਸੇਠਾਂ ਦੇ ਪੁੱਤਰਾਂ ਦੇ ਰਿਸ਼ਤੇ ਉਸ ਲਈ ਤਿਆਰ ਰਹਿੰਦੇ ਸਨ। ਪਰ ਸਤੀ ਸੁਭੱਦਰਾ ਦੀ ਪ੍ਰਤਿਗਿਆ ਅਨੁਸਾਰ ਕੋਈ ਵੀ ਪੂਰਾ ਨਹੀਂ ਉਤਰਦਾ ਸੀ।

ਇੱਕ ਦਿਨ ਚੰਪਾ ਨਗਰੀ ਵਿੱਚ ਬੁੱਧ ਧਰਮ ਨੂੰ ਮੰਨਣ ਵਾਲਾ ਇੱਕ ਨੋਜਵਾਨ ਜਿਸ ਦਾ ਨਾਂ ਬੁੱਧ ਦਾਸ ਸੀ, ਕਿਸੇ ਕੰਮ ਲਈ ਆਇਆ। ਉਸ ਨੇ ਜਦ ਸੁਭੱਦਰਾ ਦੀ ਸੁੰਦਰਤਾ ਦੀ ਗੱਲ ਸੁਣੀ ਤਾਂ ਉਸ ਦਾ ਮਨ ਉਸ ਨੂੰ ਪਾਉਣ ਲਈ ਵਿਆਕੁਲ ਹੋਣ ਲੱਗਾ। ਉਸ ਨੇ ਅਪਣਾ ਸੁਆਰਥ ਸਿੱਧ ਕਰਨ ਲਈ ਜੈਨ ਧਰਮ ਸਥਾਨ ਨੂੰ ਚੁਣੀਆ। ਉਹ ਨਕਲੀ ਉਪਾਸ਼ਕ ਬਣ ਕੇ ਜੈਨ ਧਰਮ ਵਾਲੀਆਂ ਕ੍ਰਿਆਵਾਂ ਕਰਨ ਲੱਗਾ। ਉਸੇ ਧਰਮ ਸਥਾਨ ਵਿੱਚ ਸੇਠ ਜਿਨਦਾਸ ਵੀ ਧਰਮ ਕ੍ਰਿਆ ਕਰਨ ਆਉਂਦਾ ਸੀ। ਉਸ ਨੂੰ ਬੁੱਧ ਦਾਸ ਬਹੁਤ ਚੰਗਾ ਜਾਪਿਆ, ਉਸ ਨੇ ਬੁੱਧਦਾਸ ਨੂੰ ਆਪਣੇ ਘਰ ਵਿੱਚ ਭੋਜਨ ਤੇ ਬੁਲਾਇਆ। ਬੁੱਧ ਦਾਸ ਇਹ ਨਿਮੰਤਰਣ ਪਾ ਕੇ ਬਹੁਤ ਖੁਸ ਹੋਇਆ ਅਤੇ ਸੋਚਣ ਲੱਗਾ ਕਿ ਹੁਣ ਜਲਦ ਹੀ ਸੁਭੱਦਰਾ ਨਾਲ ਮੇਰੀ ਸ਼ਾਦੀ ਹੋ ਜਾਵੇਗੀ ਕਿਉਂਕਿ ਸੇਠ ਜਿਨਦਾਸ ਮੇਰੇ ਧਾਰਮਿਕ ਜੀਵਨ ਤੋਂ ਪ੍ਰਭਾਵਤ

ਹੈ। ਨਿਸ਼ਚਿਤ ਦਿਨ ਤੇ ਬੁੱਧ ਦਾਸ ਭੋਜਨ ਤੇ ਜਿਨਦਾਸ ਦੇ ਘਰ ਗਿਆ। ਭੋਜਨ ਕਰਨ ਉਪਰੰਤ, ਸੇਠ ਜਿਨਦਾਸ ਨੇ ਉਸ ਨਾਲ ਆਪਣੀ ਪੁੱਤਰੀ ਦੇ ਰਿਸ਼ਤੇ ਦੀ ਗੱਲ ਚਲਾਈ, ਕਿਉਂਕਿ ਇਕ ਪਿਤਾ ਲਈ ਪੁੱਤਰੀ ਦੀ ਸ਼ਾਦੀ ਜਿੰਦਗੀ ਦਾ ਪ੍ਰਮੁੱਖ ਫਰਜ਼ ਹੁੰਦਾ ਹੈ। ਪਹਿਲਾਂ ਤਾਂ ਬੁੱਧ ਦਾਸ ਨੇ ਨਕਲੀ ਢੰਗ ਨਾਲ ਨਾਂਹ ਨੁਕਰ ਕੀਤੀ, ਫਿਰ ਜਿਨਦਾਸ ਦੇ ਜੋਰ ਪਾਉਣ ਤੇ ਆਖਣ ਲੱਗਾ, "ਮੈਂ ਆਪ ਦਾ ਹੁਕਮ ਨਹੀਂ ਟਾਲ ਸਕਦਾ, ਕਿਉਂਕਿ ਆਪ ਨੇ ਮੇਰੀ ਧਾਰਮਿਕ ਕ੍ਰਿਆਵਾਂ ਵਿੱਚ ਬਹੁਤ ਉਪਕਾਰ ਕੀਤਾ ਹੈ ਆਪ ਮੇਰੇ ਉਪਕਾਰੀ ਹੋ"।

ਸ਼ੁੱਭ ਮਹੂਰਤ ਵੇਖ ਕੇ ਸੇਠ ਨੇ ਆਪਣੀ ਪੁੱਤਰੀ ਦੀ ਸ਼ਾਦੀ ਬੁੱਧ ਦਾਸ ਨਾਲ ਕਰ ਦਿੱਤੀ। ਬੁੱਧ ਦਾਸ ਕੁੱਝ ਸਮਾਂ ਸਹੁਰੇ ਘਰ ਰਿਹਾ ਅਤੇ ਫਿਰ ਅਪਣੇ ਘਰ ਜਾਣ ਲਈ ਜਿਨਦਾਸ ਤੋਂ ਆਗਿਆ ਮੰਗਣ ਲੱਗਾ। ਸੇਠ ਨੇ ਅਪਣੀ ਪੁੱਤਰੀ ਨੂੰ ਯੋਗ ਧਨ ਅਤੇ ਗਹਿਣੇ ਦੇ ਕੇ ਵਿਦਾ ਕੀਤਾ ਅਤੇ ਨਸੀਹਤ ਕੀਤੀ ਕਿ ਸਹੁਰੇ ਘਰ ਵਿੱਚ ਜੈਨ ਧਰਮ ਨੂੰ ਨਹੀਂ ਛੱਡਣਾ ਦੁੱਖ ਅਤੇ ਸੁੱਖ ਵਿੱਚ ਹਰ ਵੇਲੇ ਧਰਮ ਨੂੰ ਨਾਲ ਰੱਖਣਾ ਹੈ। ਕਿਸੇ ਹੋਰ ਪਾਖੰਡੀ ਦੇ ਜਾਲ ਵਿੱਚ ਫਸ ਕੇ ਮਿਥਿਆਤਵ ਨੂੰ ਨਹੀਂ ਗ੍ਰਹਿਣ ਕਰਨਾ"।

ਸੁਭੱਦਰਾ ਨੇ ਮਾਤਾ ਪਿਤਾ ਰਾਹੀਂ ਦਿੱਤੇ ਧਰਮ ਉਪਦੇਸ਼ ਨੂੰ ਧਾਰਨ ਕਰਕੇ, ਆਪਣੇ ਪਤੀ ਨਾਲ ਚੰਪਾ ਨਗਰੀ ਆ ਗਈ। ਉਹ ਹਰ ਰੋਜ ਸੱਸ ਸਹੁਰੇ ਨੂੰ ਨਮਸਕਾਰ ਕਰਕੇ, ਘਰ ਦੇ ਕੰਮ ਦੇ ਨਾਲ ਨਾਲ ਧਰਮ ਕ੍ਰਿਆਵਾਂ ਵਿੱਚ ਵੀ ਜੁਟੀ ਰਹਿੰਦੀ। ਉਹ ਘਰ ਦੇ ਕਿਸੇ ਕੰਮ ਵਿੱਚ ਧਰਮ ਕ੍ਰਿਆ ਨੂੰ ਰੁਕਾਵਟ ਨਹੀਂ ਮੰਨਦੀ ਸੀ। ਪਰ ਉਸ ਦੀ ਧਰਮ ਕ੍ਰਿਆ ਤੋਂ ਉਸ ਦੀ ਸੱਸ ਬਹੁਤ ਨਾਰਾਜ਼ ਸੀ। ਉਸ ਨੂੰ ਘਰ ਵਿੱਚ ਜੈਨ ਮੁਨੀਆਂ ਦਾ ਆਉਣਾਂ, ਸੱਤਿਸੰਗ ਵਿੱਚ ਜਾਣਾ ਅਤੇ ਜੈਨ ਮੰਦਰ ਵਿੱਚ ਜਾਣਾ ਚੰਗਾ ਨਹੀਂ ਲੱਗਦਾ ਸੀ। ਸੱਸ ਦੀ ਟੋਕਾ ਟੋਕੀ ਤੋਂ ਸੁਭੱਦਰਾ ਨੂੰ ਜਾਪਿਆ ਕਿ ਮੇਰੇ ਨਾਲ ਨਿਸ਼ਚਿਤ ਹੀ ਧੋਖਾ ਹੋਇਆ ਹੈ ਕਿਉਂਕਿ ਮੈਂ ਜਿਸ ਪਰਿਵਾਰ ਨੂੰ ਜੈਨ ਪਰਿਵਾਰ ਸਮਝਦੀ ਸੀ। ਉਹ ਪਰਿਵਾਰ ਜੈਨ ਧਰਮ ਪ੍ਰਤੀ ਡੂੰਘੀ ਨਫਰਤ

ਰੱਖਦਾ ਹੈ। ਹੁਣ ਮੇਰੀ ਇਸ ਗੱਲ ਵਿੱਚ ਹੀ ਸਫਲਤਾ ਹੈ ਕਿ ਮੈਂ ਇਸ ਅਧਰਮੀ ਪਰਿਵਾਰ ਵਿੱਚ ਰਹਿ ਕੇ ਜੈਨ ਧਰਮ ਦੀ ਅਰਾਧਨਾ ਕਰਦੀ ਰਹਾਂ।

ਇੱਕ ਦਿਨ ਦੀ ਗੱਲ ਹੈ ਕਿ ਇੱਕ ਮਹੀਨੇ ਦੀ ਤੱਪਸਿਆ ਕਰਨ ਵਾਲੇ ਮੁਨੀ ਵਰਤ ਖ੍ਹੋਲਣ ਲਈ ਸੁਭੱਦਰਾ ਦੇ ਦਰਵਾਜੇ ਤੇ ਆਏ, ਉਹ ਮੁਨੀ ਪ੍ਰਤਿਮਾ ਧਾਰੀ ਸਨ। ਉਹਨਾਂ ਨੇ ਭਿਕਸ਼ਾ ਗ੍ਰਹਿਣ ਕੀਤੀ ਅਤੇ ਵਾਪਸ ਜਾਣ ਲੱਗੇ ਤਾਂ ਉਸੇ ਸਮੇਂ ਸੁਭੱਦਰਾ ਨੇ ਵੇਖਿਆ ਕਿ ਮੁਨੀ ਦੀ ਅੱਖ ਵਿੱਚੋਂ ਪਾਣੀ ਜਾ ਰਿਹਾ ਹੈ। ਸੁਭੱਦਰਾ ਨੇ ਉਸੇ ਸਮੇਂ ਅੱਖ ਵਿੱਚੋਂ ਫੱਸਿਆ ਕੰਡਾ ਆਪਣੀ ਜੀਭ ਨਾਲ ਕੱਢ ਦਿੱਤਾ। ਦੂਰ ਖੜੀ ਸੱਸ ਨੂੰ ਸੁਭੱਦਰਾ ਨੂੰ ਬਦਨਾਮ ਕਰਨ ਦਾ ਚੰਗਾ ਮੌਕਾ ਮਿਲ ਗਿਆ। ਉਸ ਨੇ ਮੌਕੇ ਦਾ ਫਾਇਦਾ ਉਠਾਇਆ, ਬੁੱਧ ਦਾਸ ਨੇ ਵੀ ਆਪਣੀ ਪਤਨੀ ਨਾਲ ਬੋਲਚਾਲ ਬੰਦ ਕਰ ਦਿੱਤੀ। ਭਾਵੇਂ ਸੁਭੱਦਰਾ ਨੇ ਸਾਰੀ ਗੱਲ ਅਪਣੇ ਪਤੀ ਨੂੰ ਦੱਸ ਦਿੱਤੀ ਸੀ। ਪਰ ਕਿਸੇ ਦੀ ਵੀ ਤਸੱਲੀ ਸੁਭੱਦਰਾ ਦੀ ਗੱਲ ਤੋਂ ਨਹੀਂ ਹੋਈ। ਥੱਕ ਹਾਰ ਕੇ ਸੁਭੱਦਰਾ ਨੇ ਪ੍ਰਤਿਗਿਆ ਕੀਤੀ, "ਜਦ ਤੱਕ ਮੈਂ ਇਸ ਕਲੰਕ ਤੋਂ ਰਹਿਤ ਨਹੀਂ ਹੋਵਾਂਗੀ ਤੱਦ ਤੱਕ ਅੰਨ ਜਲ ਗ੍ਰਹਿਣ ਨਹੀਂ ਕਰਾਂਗੀ" ਅਜਿਹਾ ਵਿਚਾਰ ਕੇ ਉਹ ਅਪਣੀ ਧਰਮ ਕ੍ਰਿਆ ਵਿੱਚ ਫਿਰ ਲੱਗ ਗਈ। ਤਿੰਨ ਦਿਨ ਅਡੋਲ ਆਸਣ ਵਿੱਚ ਬੈਠੀ ਰਹੀ, ਉਸ ਦੇ ਅਧਿਆਤਮ ਦੀ ਨਿਰਮਲਤਾ ਅਤੇ ਦ੍ਰਿੜ ਪ੍ਰਤਿਗਿਆ ਨੂੰ ਵੇਖ ਕੇ ਸ਼ਾਸਨ ਦੇਵੀ ਦਾ ਸਿੰਘਾਸਨ ਡੋਲਿਆ। ਦੇਵੀ ਨੇ ਪ੍ਰਤਖ ਹੋ ਕੇ ਆਖਿਆ, "ਮੈਂ ਤੇਰੇ ਤੇ ਖੁਸ਼ ਹਾਂ, ਤੂੰ ਵਰਤ ਖ੍ਹੋਲ ਲੈ"। ਸੁਭੱਦਰਾ ਨੇ ਕਿਹਾ, "ਮਾਤਾ! ਮੈਂ ਵਰਤ ਤੱਦ ਹੀ ਖੋਲ੍ਹਾਂਗੀ ਜਦੋ ਕਲੰਕ ਮੁੱਕਤ ਹੋਵਾਂਗੀ"।

ਦੇਵੀ ਸੁਭੱਦਰਾ ਦੀ ਗੱਲ ਸੁਣ ਕੇ ਬਹੁਤ ਖੁਸ਼ ਹੋਈ। ਉਸ ਨੇ ਦੇਵ ਸ਼ਕਤੀ ਰਾਹੀਂ ਚੰਪਾ ਨਗਰੀ ਦੇ ਬਾਹਰਲੇ ਦਰਵਾਜੇ ਬੰਦ ਕਰ ਦਿੱਤੇ ਅਤੇ ਫਿਰ ਆਕਾਸ਼ਵਾਨੀ ਕਰਦੇ ਹੋਏ ਕਿਹਾ, "ਇਹ ਦਰਵਾਜੇ ਤੱਦ ਹੀ ਖੁਲ ਸਕਦੇ ਹਨ, ਜਦੋਂ ਕੋਈ ਸ਼ੀਲਵਾਨ ਇਸਤਰੀ ਕੱਚੇ

ਸੂਤ ਦੇ ਧਾਗੇ ਨੂੰ ਛਾਲਣੀ ਨਾਲ ਬੰਨਕੇ, ਖੂਹ ਵਿੱਚੋਂ ਪਾਣੀ ਕੱਢੇ ਅਤੇ ਉਸ ਪਾਣੀ ਦੇ ਛਿੱਟੇ ਦਰਵਾਜੇ ਉਪਰ ਪਾਏ ਜਾਣ, ਤੱਦ ਹੀ ਦਰਵਾਜਾ ਖੁਲੇਗਾ"। ਦਰਵਾਜਾ ਬੰਦ ਹੋਣ ਕਾਰਨ ਰਾਜਾ ਅਤੇ ਪਰਜਾ ਵਿੱਚ ਘਬਰਾਹਟ ਫੈਲ ਗਈ। ਰਾਜੇ ਨੇ ਵੀ ਘੋਸ਼ਣਾ ਕਰਵਾਈ, "ਕੋਈ ਸ਼ੀਲਵਾਨ ਨਾਰੀ ਨਗਰ ਨੂੰ ਅਪਣੇ ਸ਼ੀਲ ਨਾਲ ਖੂਹ ਵਿੱਚੋਂ ਪਾਣੀ ਕੱਢ ਕੇ ਦਰਵਾਜੇ ਖੋਲ੍ਹੇ ਅਤੇ ਨਗਰ ਨੂੰ ਸੰਕਟ ਮੁਕਤ ਕਰੇ"। ਬਹੁਤ ਸਾਰੀਆਂ ਇਸਤਰੀਆਂ ਨੇ ਕੋਸ਼ਿਸ ਕੀਤੀ ਪਰ ਕਿਸੇ ਨੂੰ ਸਫਲਤਾ ਨਹੀਂ ਮਿਲੀ।

ਆਖਰ ਵਿੱਚ ਸੁਭੱਦਰਾ ਨੇ ਰਾਜ ਘੋਸ਼ਣਾ ਨੂੰ ਸਵੀਕਾਰ ਕੀਤਾ। ਉਸ ਨੇ ਅਕਾਸ਼ਵਾਣੀ ਅਨੁਸਾਰ ਕੱਚੇ ਸੂਤ ਦੇ ਧਾਗੇ ਨਾਲ ਛਾਲਣੀ ਬੰਨਕੇ ਖੂਹ ਵਿਚੋਂ ਪਾਣੀ ਕੱਢਕੇ ਨਗਰ ਦੇ ਸਾਰੇ ਦਰਵਾਜਿਆਂ ਉੱਤੇ ਪਾਣੀ ਛਿੜਕ ਦਿੱਤਾ। ਜਿਸ ਨਾਲ ਤਿੰਨ ਦਰਵਾਜੇ ਖੁਲ ਗਏ, ਚੌਥਾ ਦਰਵਾਜਾ ਖੋਹਲਣ ਲੱਗੀ ਨੂੰ ਦੇਵਤੇ ਨੇ ਰੋਕ ਕੇ ਕਿਹਾ, "ਇਹ ਦਰਵਾਜਾ ਭਵਿੱਖ ਵਿੱਚ ਪੈਦਾ ਹੋਣ ਵਾਲੀ ਸ਼ੀਲਵਾਨ ਨਾਰੀ ਹੀ ਇਹ ਦਰਵਾਜਾ ਖੋਲ੍ਹੇਗੀ"। ਰਾਜੇ ਨੇ ਸੁਭੱਦਰਾ ਨੂੰ ਅਪਣੀ ਭੈਣ ਮੰਨਕੇ ਸਨਮਾਨਤ ਕੀਤਾ ਅਤੇ ਘਰ ਪਹੁੰਚਾਇਆ। ਹੁਣ ਸੁਭੱਦਰਾ ਇੱਕ ਪਰਿਵਾਰ ਲਈ ਹੀ ਨਹੀਂ ਸਾਰੇ ਸ਼ਹਿਰ ਦੇ ਲਈ ਪੂਜਨੀਕ ਹੋ ਗਈ ਸੀ। ਸ਼ੀਲ ਕਾਰਨ ਹੀ ਅੰਤ ਸਮੇਂ ਸਮਾਧੀ ਮਰਨ ਰਾਹੀਂ, ਉਸ ਨੇ ਆਪਣੀ ਆਤਮਾ ਦਾ ਕਲਿਆਣ ਕੀਤਾ। ਇਹ ਸ਼ੀਲ ਦੀ ਪ੍ਰਤਖ ਮਹਿਮਾਂ ਹੈ। ਸੁਭੱਦਰਾ ਨੇ ਕਠੋਰ ਹਾਲਾਤ ਵਿੱਚ ਵੀ ਧਰਮ ਨਹੀਂ ਛੱਡਿਆ। ਪ੍ਰਭੂ ਧਿਆਨ ਭਗਤੀ ਅਤੇ ਸੱਚੇ ਸ਼ੀਲ ਦੇ ਪਾਲਣ ਕਾਰਨ ਉਹ ਕਲੰਕ ਰਹਿਤ ਹੋਈ, ਸੱਸ ਰਾਹੀਂ ਲਗਾਇਆ ਹੋਇਆ ਕਲੰਕ ਵੀ ਸੁਭੱਦਰਾ ਨੂੰ ਧਰਮ ਤੋਂ ਵਿਚਲਿਤ ਨਹੀਂ ਕਰ ਸਕਿਆ।

12

# ਸਤੀ ਨਰਮਦਾ ਸੁੰਦਰੀ

ਵਰਧਮਾਨ ਨਗਰ ਵਿੱਚ ਵਰਿਸ਼ਵਸੈਨ ਨਾਂ ਦਾ ਇੱਕ ਪ੍ਰਸਿੱਧ ਵਿਉਪਾਰੀ ਰਹਿੰਦਾ ਸੀ। ਉਸਦੀ ਪਤਨੀ ਦਾ ਨਾਂ ਵੀਰਮਤੀ ਸੀ। ਉਸ ਦੇ ਵੀਰਸੈਨ ਅਤੇ ਸਹਿਦੇਵ ਨਾਂ ਦੇ ਦੋ ਪੁੱਤਰ ਅਤੇ ਰਿਸ਼ਿਦੱਤਾ ਨਾਂ ਦੀ ਇੱਕ ਪੁੱਤਰੀ ਸੀ।

ਸਮਾਂ ਪੈਣ ਤੇ ਰਿਸ਼ਿਦੱਤਾ ਵਿਆਹ ਯੋਗ ਹੋ ਗਈ। ਪਰ ਸ਼ਹਿਰ ਵਿੱਚ ਉਸ ਦੇ ਲਈ ਕੋਈ ਜੈਨ ਧਰਮ ਨੂੰ ਮੰਨਣ ਵਾਲਾ ਵਰ ਨਹੀਂ ਮਿਲ ਰਿਹਾ ਸੀ। ਇਸ ਕਾਰਨ ਮਾਤਾ ਪਿਤਾ ਦਾ ਚਿੰਤਾ ਵਿੱਚ ਰਹਿਣਾ ਸੁਭਾਵਿਕ ਸੀ। ਅਚਾਨਕ ਹੀ ਰੂਪਚੰਦ ਨਗਰ ਦਾ ਰੁਦਰਦੱਤ ਨਾਂ ਦਾ ਇੱਕ ਨੌਜਵਾਨ ਵਿਉਪਾਰੀ ਵਰਧਮਾਨਪੁਰ ਵਿੱਚ ਆਇਆ। ਉਸ ਦੀ ਦੋਸਤੀ ਇਸੇ ਸ਼ਹਿਰ ਦੇ ਕੁਬੇਰ ਦੱਤ ਨਾਂ ਦੇ ਬਾਣੀਏ ਨਾਲ ਹੋ ਗਈ। ਕੁਬੇਰ ਦੱਤ ਨੇ ਉਸ ਨੂੰ ਅਪਣੇ ਘਰ ਭੋਜਨ ਲਈ ਬੁਲਾਇਆ। ਭੋਜਨ ਤੋਂ ਬਾਅਦ ਜਦ ਰੁਦਰਦੱਤ ਝਰੋਖੇ ਵਿੱਚ ਬੈਠਾ ਸੀ ਤਾਂ ਉਸ ਦੀ ਨਜ਼ਰ ਰਿਸ਼ਿਦੱਤਾ ਤੇ ਪਈ। ਰਿਸ਼ਿਦੱਤਾ ਦੀ ਸੁੰਦਰਤਾ ਨੂੰ ਵੇਖਕੇ ਉਹ ਬੇਹੋਸ਼ ਹੋ ਗਿਆ। ਮਿੱਤਰ ਰਾਹੀਂ ਹੋਸ਼ ਵਿੱਚ ਲਿਆਉਣ ਅਤੇ ਕਾਰਨ ਪੁੱਛਣ ‘ਤੇ, ਉਸ ਨੇ ਕਿਹਾ ਇਹ ਕੰਨਿਆ ਕਿਸ ਦੀ ਹੈ ਅਤੇ ਇਸ ਦਾ ਘਰ ਦੱਸੋ।

ਕੁਬੇਰ ਦੱਤ ਨੇ ਆਖਿਆ, “ਤੁਹਾਡੀ ਇੱਛਾ ਬੇਕਾਰ ਹੈ। ਕਿਉਂਕਿ ਇਹ ਕੰਨਿਆ ਵਰਿਸ਼ਵਸੈਨ ਦੀ ਹੈ, ਜੋ ਕਿਸੇ ਅਜੈਨ ਨੂੰ ਅਪਣੀ ਕੰਨਿਆ ਨਹੀਂ ਦੇ ਸਕਦਾ”। ਆਪਣੇ ਮਿੱਤਰ ਦੀ ਗੱਲ ਸੁਣ ਕੇ, ਉਸ ਨੇ ਕਪਟ ਰਾਹੀਂ ਰਿਸ਼ਿਦੱਤਾ ਨੂੰ ਪਾਉਣ ਦਾ ਮਨ ਬਣਾ ਲਿਆ। ਉਹ ਇਕ ਜੈਨ ਮੁਨੀ ਕੋਲ ਜਾ ਕੇ ਧਰਮ ਉਪਦੇਸ਼ ਸੁਣਨ ਲੱਗਾ। ਕੁੱਝ ਸਮਾਂ ਬਾਅਦ ਉਹ ਨਕਲੀ ਜੈਨੀ ਬਣ ਕੇ, ਉਪਾਸ਼ਕ ਦੇ ਵਰਤਾਂ ਦਾ ਪਾਲਣ ਕਰਨ ਲੱਗਾ। ਪਰ ਇਹਨਾਂ ਵਰਤਾਂ ਦੇ ਪਾਲਣ ਪਿੱਛੇ ਰਿਸ਼ਿਦੱਤਾ ਨੂੰ ਪਾਉਣ ਦੀ ਕਾਮਨਾ ਛੁਪੀ ਹੋਈ ਸੀ।

ਇੱਕ ਦਿਨ ਉਹ ਵਰਿਸ਼ਵਸੈਨ ਦੇ ਘਰ ਜਾ ਪਹੁੰਚਿਆ। ਵਰਿਸ਼ਵਸੈਨ ਨੇ ਸਤਿਕਾਰ ਕਰਨ ਤੋਂ ਬਾਅਦ ਉਸ ਦਾ ਪਤਾ ਪੁੱਛਿਆ ਤਾਂ ਰੁਦਰਦੱਤ ਨੇ ਆਧਿਆਤਮਕ ਭਾਸ਼ਾ ਵਿੱਚ ਆਖਿਆ, "ਸੰਸਾਰ ਵਿੱਚ ਕੋਈ ਵੀ ਚੀਜ ਸਥਿਰ ਨਹੀਂ ਹੈ, ਫਿਰ ਪਤਾ ਕਿਸ ਤਰ੍ਹਾਂ ਆਖਿਆ ਜਾਵੇ। 84 ਲੱਖ ਜਨਮਾਂ ਤੋਂ ਬਾਅਦ ਮਨੁੱਖੀ ਜੂਨੀ ਮਿਲੀ ਹੈ"। ਉਸ ਨੂੰ ਧਾਰਮਿਕ ਜਾਣਕੇ ਵਰਿਸ਼ਵਸੈਨ ਨੇ ਆਪਣੀ ਪੁੱਤਰੀ ਦੀ ਸ਼ਾਦੀ ਰੁਦਰਦੱਤ ਨਾਲ ਕਰ ਦਿੱਤੀ। ਰਿਸ਼ਿਦੱਤਾ ਆਪਣੇ ਪਤੀ ਦੇ ਘਰ ਆਈ, ਤਾਂ ਉਸ ਨੂੰ ਸਮਝਣ ਵਿੱਚ ਦੇਰ ਨਾ ਲੱਗੀ ਕਿ ਉਸ ਦੇ ਪਤੀ ਨੇ ਉਸ ਨਾ ਧੋਖਾ ਕੀਤਾ ਹੈ। ਉਸ ਘਰ ਵਿੱਚ ਮਹੇਸ਼ਵਰ ਦੀ ਪੂਜਾ ਹੁੰਦੀ ਹੈ। "ਅਜਿਹੇ ਹਾਲਾਤ ਵਿੱਚ ਮੈਂ ਆਪਣੇ ਧਰਮ ਦਾ ਪਾਲਣ ਕਿਸ ਤਰ੍ਹਾਂ ਕਰਾਂਗੀ? ਜੋ ਕੁੱਝ ਵੀ ਹੋਵੇ ਮੈਂ ਆਪਣੇ ਧਰਮ ਨੂੰ ਨਹੀਂ ਛੱਡਾਂਗੀ"।

ਕੁੱਝ ਸਮੇਂ ਬਾਅਦ ਰਿਸ਼ਿਦੱਤਾ ਦੇ ਘਰ ਮਹੇਸ਼ਵਰਦਤ ਨਾਂ ਦਾ ਪੁੱਤਰ ਪੈਦਾ ਹੋਇਆ। ਰਿਸ਼ਿਦੱਤਾ ਦੇ ਭਾਈ ਸ਼ਹਿਦੇਵ ਦੀ ਪਤਨੀ ਸੁੰਦਰੀ ਨੇ ਗਰਭ ਧਾਰਨ ਕੀਤਾ। ਉਸਦੇ ਘਰ ਸਮਾਂ ਪੂਰਾ ਹੋਣ ਤੇ ਨਰਮਦਾ ਸੁੰਦਰੀ ਨਾਂ ਦੀ ਲੜਕੀ ਪੈਦਾ ਹੋਈ। ਨਰਮਦਾ ਸੁੰਦਰੀ ਦੂਜ ਦੇ ਚੰਦ ਦੀ ਤਰ੍ਹਾਂ ਸੋਹਣੀ ਸੀ। ਸਮਾਂ ਪੈਣ ਤੇ ਉਹ ਯੁਵਤੀ ਬਣ ਗਈ। ਰਿਸਿਦੱਤਾ ਨੂੰ ਜਦੋਂ ਨਰਮਦਾ ਸੁੰਦਰੀ ਬਾਰੇ ਜਾਣਕਾਰੀ ਮਿਲੀ, ਤਾਂ ਉਸ ਨੇ ਨਰਮਦਾ ਸੁੰਦਰੀ ਨੂੰ ਆਪਣੀ ਨੂੰਹ ਬਣਾਉਣ ਦਾ ਫੈਸਲਾ ਕੀਤਾ। ਉਸ ਨੇ ਸੋਚਿਆ "ਹੁਣ ਮੈਂ ਇਕਲੀ ਹਾਂ ਪਰ ਨਰਮਦਾ ਸੁੰਦਰੀ ਦੇ ਆਉਣ ਨਾਲ ਮੈਂ ਧਰਮ ਵਿੱਚ ਦ੍ਰਿੜ ਰਹਿਕੇ ਉਲਟ ਹਾਲਾਤ ਦਾ ਚੰਗੀ ਤਰ੍ਹਾਂ ਨਾਲ ਮੁਕਾਬਲਾ ਕਰ ਸਕਾਂਗੀ"। ਪਰ ਰੁਦਰਦੱਤ ਪਹਿਲਾਂ ਕੀਤੇ ਧੋਖੇ ਕਾਰਨ ਵਰਧਮਾਨ ਨਗਰ ਨਾ ਜਾ ਸਕਿਆ। ਰਿਸਿਦੱਤਾ ਨੇ ਅਪਣੇ ਪੁੱਤਰ ਨੂੰ ਵਰਧਮਾਨ ਜਾਣ ਲਈ ਤਿਆਰ ਕੀਤਾ ਅਤੇ ਜਾਣ ਦਾ ਉਦੇਸ਼ ਦੱਸਿਆ। ਉਦੇਸ਼ ਸੁਣ ਕੇ ਉਹ ਵੀ ਮਾਮੇ ਦੀ ਪੁਤਰੀ ਨਰਮਦਾ ਨਾਲ ਵਿਆਹ ਕਰਵਾਉਣ ਲਈ ਤਿਆਰ ਹੋ ਗਿਆ। ਨਾਨਕੇ ਘਰ ਮਹੇਸ਼ਵਰਦਤ

ਦਾ ਚੰਗਾ ਸਵਾਗਤ ਹੋਇਆ, ਸਹਿਦੇਵ ਨੂੰ ਇਹ ਸੁਣ ਕੇ ਤਸੱਲੀ ਹੋਈ ਕਿ ਉਸ ਦਾ ਭਾਣਜਾ ਵੀ ਆਪਣੇ ਧਰਮ ਵਿੱਚ ਪੱਕਾ ਹੈ। ਸਹਿਦੇਵ ਨੇ ਮਹੇਸਵਰਦੱਤ ਨੂੰ ਯੋਗ ਜਾਣਕੇ ਆਪਣੀ ਪੁੱਤਰੀ ਦੀ ਸ਼ਾਦੀ ਉਸ ਨਾਲ ਕਰ ਦਿਤੀ। ਮਹੇਸ਼ਵਰਦੱਤ ਉਸਨੂੰ ਲੈਕੇ ਅਪਣੇ ਘਰ ਆਇਆ। ਉਹ ਵੀ ਨਰਮਦਾ ਦੇ ਸਮਝਾਉਣ ਤੇ ਪੱਕਾ ਜੈਨ ਧਰਮ ਨੂੰ ਮੰਨਣ ਵਾਲਾ ਬਣ ਗਿਆ ਅਤੇ ਕਪਟੀ ਜੀਵਨ ਨੂੰ ਛੱਡ ਦਿੱਤਾ। ਹੁਣ ਸਾਰਾ ਪਰਿਵਾਰ ਜੈਨ ਧਰਮ ਦੀ ਭਗਤੀ ਵਿੱਚ ਡੁੱਬਾ ਰਹਿੰਦਾ ਸੀ।

ਨਰਮਦਾ ਸੁੰਦਰੀ ਇੱਕ ਦਿਨ ਮਹਿਲ ਦੇ ਝਰੋਖੇ ਵਿੱਚ ਬੈਠੀ ਸਹੇਲੀਆਂ ਨਾਲ ਗੱਲਾਂ ਕਰ ਰਹੀ ਸੀ। ਉਸ ਦੇ ਮੂੰਹ ਵਿੱਚ ਪਾਨ ਦਾ ਬਿੜਾ ਸੀ। ਉਸੇ ਸਮੇਂ ਇੱਕ ਮਹੀਨੇ ਦੀ ਤੱਪਸਿਆ ਕਰਨ ਵਾਲੇ ਮੁਨੀ ਵਰਤ ਖੋਲ੍ਹਣ ਲਈ ਆਏ। ਸੂਰਜ ਦੀ ਭਿੰਅਕਰ ਗਰਮੀ ਵਿੱਚ ਉਸੇ ਝਰੋਖੇ ਹੇਠਾਂ ਆਰਾਮ ਕਰਨ ਲਈ ਖੜੇ ਹੋਏ। ਨਰਮਦਾ ਸੁੰਦਰੀ ਨੇ ਬੇ ਧਿਆਨੀ ਪਾਨ ਦੀ ਪੀਕ ਥੁੱਕੀ ਅਤੇ ਮੁਨੀ ਦੇ ਸਰੀਰ ਤੇ ਉਹ ਪੀਕ ਗਿਰ ਗਈ। ਤੱਪਸਵੀ ਮੁਨੀ ਨੇ ਉਪਰ ਵੇਖ ਕੇ ਕਿਹਾ, "ਤੈਨੂੰ ਧਨ ਸੰਪਤੀ ਦਾ ਅਹੰਕਾਰ ਹੈ। ਜਲਦੀ ਹੀ ਤੈਨੂੰ ਪਤੀ ਦਾ ਵਿਯੋਗ ਹੋਵੇਗਾ"। ਇਹ ਗੱਲ ਸੁਣ ਕੇ ਨਰਮਦਾ ਸੁੰਦਰੀ ਬਹੁਤ ਦੁਖੀ ਹੋਈ ਅਤੇ ਸ਼ਰਮਿੰਦਾ ਹੋਕੇ ਮੁਨੀ ਦੇ ਸਾਹਮਣੇ ਆਈ ਅਤੇ ਬੰਦਨਾ ਕਰਕੇ ਆਖਣ ਲੱਗੀ, "ਮਹਾਰਾਜ! ਇਹ ਦੋਸ਼ ਤਾਂ ਮੇਰੇ ਕੋਲੋ ਅਨਜਾਣ ਪੁਣੇ ਵਿੱਚ ਹੋਇਆ ਹੈ। ਮੈਂ ਤਾਂ ਖੁਦ ਜੈਨ ਧਰਮ ਦੀ ਉਪਾਸਕ ਹਾਂ ਮੈਨੂੰ ਸਰਾਪ ਨਾ ਦਿਉ। ਆਪ ਖਿਮਾ ਦੇ ਅਵਤਾਰ ਹੋ ਇਸ ਲਈ ਮੈਨੂੰ ਖਿਮਾ ਕਰੋ। ਮੁਨੀ ਨੇ ਸ਼ਾਂਤ ਹੋ ਕੇ ਗੰਭੀਰ ਹੋ ਕੇ ਕਿਹਾ, "ਭੈਣ! ਹੋਣੀ ਨੂੰ ਕੋਈ ਨਹੀਂ ਟਾਲ ਸਕਦਾ, ਹੋਣੀ ਨੇ ਹੀ ਇਹ ਵਾਕ ਮੇਰੇ ਮੂੰਹ ਵਿੱਚੋ ਕਢਵਾਇਆ ਹੈ। ਧੀਰਜ ਧਾਰਨ ਕਰਕੇ ਕਰਮ ਫਲ ਭੋਗ ਲੈਣਾ ਚੰਗਾ ਹੈ"। ਨਰਮਦਾ ਬਹੁਤ ਦੁਖੀ ਹੋਈ, ਮੁਨੀ ਅੱਗੇ ਚਲੇ ਗਏ, ਕੁੱਝ ਸਮੇਂ ਬਾਅਦ ਮਹੇਸ਼ਵਰਦਤ ਨੇ ਵਿਉਪਾਰ ਦੇ ਲਈ ਬਾਹਰ ਜਾਣ ਦਾ ਮਨ ਬਣਾ ਲਿਆ। ਨਰਮਦਾ ਸੁੰਦਰੀ

ਨੇ ਉਸ ਨਾਲ ਜਾਣ ਲਈ ਕਿਹਾ ਅਤੇ ਜਿਆਦਾ ਜੋਰ ਦੇਣ ਤੇ ਮਹੇਸਵਰਦਤ ਨੂੰ ਉਸ ਅੱਗੇ ਝੁਕਣਾ ਪਿਆ।

ਜਹਾਜ ਸ਼ੁਭ ਮਹੂਰਤ ਵਿੱਚ, ਸਮੁੰਦਰ ਯਾਤਰਾ ਲਈ ਰਵਾਨਾ ਹੋ ਗਿਆ। ਦੋਵੇਂ ਰਾਤ ਨੂੰ ਜਹਾਜ ਵਿੱਚ ਬੈਠੇ ਸਰਦੀ ਰੁੱਤ ਦੇ ਚੰਦਰਮਾਂ ਦੀ ਚਾਨਣੀ ਵੇਖ ਰਹੇ ਸਨ। ਇੱਕ ਪਾਸੇ ਵਿਣਾ ਬੱਜ ਰਹੀ ਸੀ। ਨਰਮਦਾ ਨੇ ਵਿਣਾ ਦੀ ਤਾਰੀਫ ਕੀਤੀ। ਉਸ ਸਮੇਂ ਮਹੇਸ਼ਵਰਦਤ ਦੇ ਮਨ ਵਿੱਚ ਨਰਮਦਾ ਦੇ ਸ਼ੀਲ ਪ੍ਰਤੀ ਸ਼ੱਕ ਪੈਦਾ ਹੋ ਗਿਆ। ਜਹਾਜ ਚੱਲਦੇ ਚੱਲਦੇ ਰਾਕਸ਼ਦੀਪ ਪਹੁੰਚਿਆ, ਲੋਕ ਲਕੜੀ, ਪਾਣੀ ਦੀ ਚਿੰਤਾ ਵਿੱਚ ਲੱਗ ਗਏ। ਮਹੇਸ਼ਵਰਦਤ ਨਰਮਦਾ ਸੁੰਦਰੀ ਤੋਂ ਪਿਛਾ ਛੁਡਾਉਣ ਲਈ ਸੋਚਣ ਵਿੱਚ ਲੱਗ ਗਿਆ। ਉਹ ਉਸ ਨੂੰ ਜੰਗਲ ਘੁਮਾਉਣ ਲਈ ਲੈ ਗਿਆ। ਨਰਮਦਾ ਨੂੰ ਨੀਂਦ ਆ ਗਈ ਮੌਕੇ ਦਾ ਫਾਇਦਾ ਉਠਾ ਕੇ, ਮਹੇਸ਼ਵਰਦਤ ਉਸ ਨੂੰ ਜੰਗਲ ਵਿੱਚ ਛੱਡ ਕੇ ਸਮੁੰਦਰ ਦੇ ਕਿਨਾਰੇ ਆਇਆ। ਮਹੇਸ਼ਵਰਦਤ ਨੂੰ ਜਦ ਜਹਾਜ ਦਿਖਾਈ ਨਾ ਦਿਤਾ ਤਾਂ ਉਹ ਭੁਖਾ ਪਿਆਸਾ ਜੰਗਲ ਵਿੱਚ ਭਟਕਣ ਲੱਗਾ। ਰਾਤ ਹੋ ਗਈ ਤਾਂ ਉਹ ਜੰਗਲ ਦੇ ਇਕ ਕੋਨੇ ਵਿੱਚ ਸੌਂ ਗਿਆ। ਅਚਾਨਕ ਹੀ ਬਣ ਦੇਵੀ, ਕੰਚਨ ਦੀਪ ਵੇਖਣ ਲਈ ਉਸੇ ਦਰਖਤ ਉਪਰ ਬੈਠ ਕੇ ਉੱਡ ਗਈ। ਮਹੇਸ਼ਵਰਦਤ ਦੀ ਨੀਂਦ ਖੁੱਲੀ। ਜਦ ਉਹ ਬਾਹਰ ਝਾਕਣ ਲੱਗਾ ਤਾਂ ਉਹ ਸਮੁੰਦਰ ਵਿੱਚ ਡਿੱਗ ਗਿਆ। ਗਿਰਦੇ ਹੀ ਇਕ ਮਗਰਮੱਛ ਨੇ ਉਸ ਨੂੰ ਨਿਗਲ ਲਿਆ। ਉਹ ਮਗਰਮੱਛ ਸਮੁੰਦਰੀ ਯਾਤਰਾ ਕਰਦਾ ਕਰਦਾ ਰੂਪਚੰਦਰ ਨਗਰ ਦੇ ਸਮੁੰਦਰ ਵਿੱਚ ਪਹੁੰਚਿਆ। ਮਛਿਆਰੇ ਨੇ ਉਸ ਮਗਰ ਨੂੰ ਫੜਕੇ ਕੱਟਿਆ। ਮਗਰਮੱਛ ਦੇ ਸਰੀਰ ਵਿਚੋਂ ਮਹੇਸ਼ਵਰਦੱਤ ਜਿਉਂਦਾ ਨਿਕਲ ਆਇਆ। ਉਹ ਅਪਣੇ ਮਾਂ ਬਾਪ ਕੋਲ ਆ ਕੇ ਫਿਰ ਰਹਿਣ ਲੱਗਾ। ਉਧਰ ਨਰਮਦਾ ਸੁੰਦਰੀ ਦੀ ਨੀਂਦ ਖੁਲੀ ਮਹੇਸ਼ਵਰਦੱਤ ਨੂੰ ਨਾ ਪਾ ਕੇ ਉਸ ਨੂੰ ਮੁਨੀ ਦਾ ਸਰਾਪ ਯਾਦ ਆ ਗਿਆ। ਫਿਰ ਉਹ ਅਪਣੇ ਭੱਵਿਖ ਬਾਰੇ ਸੋਚਣ ਲੱਗੀ, ਸੰਜੋਗ ਨਾਲ ਵਿਉਪਾਰ

ਯਾਤਰਾ ਕਰਦੇ ਹੋਏ ਉਸ ਦਾ ਪਿਤਾ ਸਹਿਦੇਵ ਮਿਲ ਗਿਆ। ਨਰਮਦਾ ਨੇ ਸਾਰੀ ਗੱਲ ਆਪਣੇ ਪਿਤਾ ਨੂੰ ਦੱਸੀ, ਪਿਤਾ ਨੇ ਹੌਂਸਲਾ ਦਿੱਤਾ। ਨਰਮਦਾ ਪਿਤਾ ਦਾ ਆਸਰਾ ਪਾ ਕੇ ਬਹੁਤ ਖੁਸ਼ ਸੀ। ਉਹ ਲੋਕ ਵਿਉਪਾਰ ਲਈ ਸਿੰਘਲ ਦੀਪ ਜਾ ਰਹੇ ਸਨ, ਉਲਟੀ ਹਵਾ ਚੱਲਣ ਕਾਰਨ ਉਹਨਾਂ ਦਾ ਜਹਾਜ ਬੱਬਰਕੁਲ ਜਾ ਪਹੁੰਚਿਆ।

ਸਮੁੰਦਰ ਦੇ ਕਿਨਾਰੇ ਸਭ ਨੇ ਡੇਰੇ ਲਗਾਏ ਅਤੇ ਭੋਜਨ ਪਕਾਉਣ ਲੱਗੇ, ਸਹਿਦੇਵ ਬੱਬਰਕੁਲ ਦੇ ਰਾਜੇ ਨੂੰ ਮਿਲਣ ਅਤੇ ਵਿਉਪਾਰ ਦਾ ਰੁਖ ਵੇਖਣ ਲਈ ਆਇਆ। ਠੀਕ ਬਾਜਾਰ ਵੇਖ ਕੇ ਉੱਥੇ ਹੀ ਲੰਬੇ ਸਮੇਂ ਲਈ ਰੁਕ ਗਿਆ। ਹੁਣ ਨਰਮਦਾ ਅਪਣੇ ਡੇਰੇ ਵਿੱਚ ਰਹਿੰਦੀ ਹੋਈ ਜਿਆਦਾ ਸਮਾਂ ਪ੍ਰਭੂ ਭਗਤੀ ਵਿੱਚ ਗੁਜਾਰਦੀ ਸੀ।

ਉੱਥੇ ਹਰਨੀ ਨਾਂ ਦੀ ਇੱਕ ਗਣਿਕਾ ਸੀ, ਰਾਜੇ ਨੇ ਖੁਸ਼ ਹੋ ਕੇ ਇੱਕ ਦਿਨ ਉਸ ਨੂੰ ਵਰ ਮੰਗਣ ਲਈ ਆਖਿਆ ਗਣਿਕਾ ਨੇ ਕਿਹਾ, "ਮਹਾਰਾਜ! ਜੇ ਆਪ ਖੁਸ਼ ਹੋ ਤਾਂ ਆਪ ਮੈਨੂੰ ਇਹ ਵਰ ਦਿਉ ਕਿ ਜੋ ਵਿਉਪਾਰੀ ਤੁਹਾਡੇ ਕੋਲ ਆਵੇ, ਉਹ ਮੈਨੂੰ ਵੀ 1008 ਮੋਹਰਾਂ ਦੇਕੇ ਜਾਵੇ ਅਤੇ ਮੇਰੇ ਘਰ ਠਹਿਰੇ। ਜੇ ਉਹ ਵਿਉਪਾਰੀ ਨਾ ਮੰਨੇ ਤਾਂ ਮੈਨੂੰ ਉਸ ਦੀ ਬੇਇਜਤੀ ਕਰਨ ਦਾ ਹੱਕ ਹੋਵੇਗਾ"। ਰਾਜੇ ਨੇ ਗਣਿਕਾ ਦੀ ਗੱਲ ਸਵੀਕਾਰ ਕਰ ਲਈ। ਗਣਿਕਾ ਨੇ ਅਪਣੀ ਨੌਕਰਾਣੀ ਸੇਠ ਕੋਲ ਭੇਜੀ। ਸਾਰੀਆਂ ਗੱਲਾਂ ਸੁਣ ਕੇ ਸੇਠ ਨੇ ਕਿਹਾ, "ਮੋਹਰਾਂ ਦੇਣ ਤੋਂ ਮੈਨੂੰ ਇਨਕਾਰ ਨਹੀਂ ਹੈ। ਪਰ ਮੈਂ ਉਸ ਦੇ ਘਰ ਨਹੀਂ ਜਾਵਾਂਗਾ ਕਿਉਂਕਿ ਮੈਂ ਪਰਇਸਤਰੀ ਦਾ ਤਿਆਗੀ ਹਾਂ"। ਰਾਜਾ ਦਾ ਹੁਕਮ ਹੋਣ ਕਾਰਨ ਸਾਰਥਵਾਹ ਮੁਸੀਬਤ ਵਿਚ ਫਸ ਗਿਆ ਅਤੇ ਜਾਨ ਛੁਡਾਉਣ ਲਈ ਮੋਹਰਾਂ ਲੈਕੇ ਗਿਆ। ਉਸ ਨੇ ਗਣਿਕਾ ਨੂੰ ਆਪਣੀ ਸਾਰੀ ਕਹਾਣੀ ਸੁਣਾਈ ਅਤੇ ਆਖਿਆ ਕਿ ਇਹ ਮੋਹਰਾਂ ਸਵੀਕਾਰ ਕਰੋ।

ਦਾਸੀ ਨੇ ਸਾਰਥਵਾਹ ਦੇ ਡੇਰੇ ਵਿੱਚ ਨਰਮਦਾ ਸੁੰਦਰੀ ਨੂੰ ਵੇਖਿਆ ਸੀ। ਉਸ ਨੇ ਗਣਿਕਾ ਕੋਲ ਨਰਮਦਾ ਸੁੰਦਰੀ ਦੀ ਸੁੰਦਰਤਾ ਦੀ ਤਾਰੀਫ ਕਰ ਦਿੱਤੀ। ਗਣਿਕਾ ਨੇ ਨਰਮਦਾ

ਨੂੰ ਛਲ ਰਾਹੀਂ ਪ੍ਰਾਪਤ ਕਰਨ ਦੀ ਕੋਸ਼ਿਸ ਕੀਤੀ। ਗੱਲਾ -2 ਨਾਲ ਸੇਠ ਦੀ ਅੰਗੂਠੀ ਪ੍ਰਾਪਤ ਕਰ ਲਈ ਅਤੇ ਅਪਣੀ ਦਾਸੀ ਨੂੰ ਦੇ ਕੇ ਕਿਹਾ ਕਿ ਨਰਮਦਾ ਸੁੰਦਰੀ ਨੂੰ ਆਖ, ਉਸ ਦੇ ਪਿਤਾ ਬੁਲਾ ਰਹੇ ਹਨ। ਦਾਸੀ ਨਰਮਦਾ ਸੁੰਦਰੀ ਨੂੰ ਗਣਿਕਾ ਦੇ ਘਰ ਲੈ ਆਈ। ਸਾਰਥਵਾਹ ਸਹਿਦੇਵ ਨੂੰ ਇਸ ਗੱਲ ਦਾ ਭੋਰਾ ਵੀ ਪਤਾ ਨਾ ਲੱਗਾ। ਜਦ ਸਾਰਥਵਾਹ ਡੇਰੇ ਵਿੱਚ ਆਇਆ ਤਾਂ ਨਰਮਦਾ ਸੁੰਦਰੀ ਨੂੰ ਨਾ ਪਾ ਕੇ ਬਹੁਤ ਦੁੱਖੀ ਹੋਇਆ ਅਤੇ ਉਸ ਨੇ ਸਾਰੇ ਦੇਸ਼ ਵਿੱਚ ਨਰਮਦਾ ਸੁੰਦਰੀ ਬਾਰੇ ਪਤਾ ਕੀਤਾ। ਪਰ ਨਰਮਦਾ ਸੁੰਦਰੀ ਨਾ ਮਿਲੀ। ਆਖਰ ਸਾਰਥਵਾਹ ਨਿਰਾਸ਼ ਹੋ ਗਿਆ। ਉਸ ਨੇ ਅਪਣਾ ਵਿਉਪਾਰ ਸਮੇਟ ਕੇ, ਉਹ ਦੇਸ਼ ਛੱਡਣ ਦੀ ਤਿਆਰੀ ਕੀਤੀ। ਵਿਉਪਾਰੀ ਭਰਿਗੂਕੱਛ ਨਾਂ ਦੇ ਨਗਰ ਵਿੱਚ ਪਹੁੰਚਿਆ। ਜਿੱਥੇ ਉਸ ਦਾ ਮਿੱਤਰ ਜਿਨਦਾਸ ਨਾਂ ਦਾ ਵਿਉਪਾਰੀ ਰਹਿੰਦਾ ਸੀ। ਵਿਉਪਾਰੀ ਨੇ ਅਪਣੀ ਪੁੱਤਰੀ ਦੇ ਗੁੰਮ ਹੋਣ ਦਾ ਸਾਰਾ ਹਾਲ ਜਿਨਦਾਸ ਨੂੰ ਸੁਣਾਉਂਦੇ ਹੋਏ ਕਿਹਾ, "ਜੇ ਕਦੇ ਆਪ ਬੱਬਰਕੁਲ ਦੇਸ਼ ਵਿੱਚ ਜਾਵੋ, ਤਾਂ ਮੇਰੀ ਪੁੱਤਰੀ ਦਾ ਪਤਾ ਜ਼ਰੂਰ ਕਰਨਾ"। ਜਿਨਦਾਸ ਨੇ ਵੀ ਵਿਉਪਾਰੀ ਨੂੰ ਵਿਸ਼ਵਾਸ ਦਿਲਾਇਆ ਅਤੇ ਪ੍ਰਤਿਗਿਆ ਪੂਰਣ ਕਿਹਾ, "ਹੁਣ ਮੈਂ ਨਰਮਦਾ ਸੁੰਦਰੀ ਨੂੰ ਢੂੰਡ ਕੇ ਹੀ ਤੁਹਾਨੂੰ ਮਿਲਾਂਗਾ"।

ਇੱਕ ਵਾਰ ਜਿਨਦਾਸ ਸਾਰਥਵਾਹ ਬੱਬਰਕੁਲ ਲਈ ਚਲਾ ਗਿਆ, ਤਾਂ ਉਹ ਨਿਯਮ ਅਨੁਸਾਰ ਹਰਨੀ ਨਾਂ ਦੀ ਗਣਿਕਾ ਦੇ ਘਰ ਗਿਆ। ਜਿੱਥੇ ਉਸ ਦੀ ਮੁਲਾਕਾਤ ਨਰਮਦਾ ਸੁੰਦਰੀ ਨਾਲ ਹੋਈ। ਫਿਰ ਉਸ ਗਣਿਕਾ ਨੇ ਨਰਮਦਾ ਸੁੰਦਰੀ ਨੂੰ ਆਖਿਆ, "ਪੁੱਤਰੀ ਤੇਰੇ ਪਿਤਾ ਨੇ ਤੈਨੂੰ ਮੇਰੇ ਪਾਸ ਵੇਚ ਦਿੱਤਾ ਹੈ ਪਰ ਤੈਨੂੰ ਇਸ ਦੀ ਖਬਰ ਨਹੀਂ ਹੈ"। ਨਰਮਦਾ ਸੁੰਦਰੀ ਇਹ ਗੱਲ ਸੁਣਕੇ ਬਹੁਤ ਦੁਖੀ ਹੋਈ ਅਤੇ ਅਪਣੇ ਮਾੜੇ ਭਾਗ ਨੂੰ ਦੋਸ਼ ਦੇਣ ਲੱਗੀ। ਪਰ ਉਸੇ ਸਮੇਂ ਇੱਕ ਚਮਤਕਾਰ ਹੋਇਆ ਗਣਿਕਾ ਹਰਨੀ ਦੇ ਪੇਟ ਵਿੱਚ ਭਿਅੰਕਰ ਦਰਦ ਹੋਇਆ ਅਤੇ ਉਹ ਮਰ ਗਈ। ਉਸ ਸਮੇਂ ਦੇ ਰਾਜ ਨਿਯਮ ਅਨੁਸਾਰ ਲਾਵਾਰਸ਼ ਦੀ ਸੰਪਤੀ

ਦਾ ਮਾਲਕ ਰਾਜਾ ਹੁੰਦਾ ਸੀ। ਉਸ ਨਿਯਮ ਅਨੁਸਾਰ ਰਾਜੇ ਦੇ ਸਿਪਾਹੀ, ਜਦੋਂ ਗਣਿਕਾ ਦੇ ਮਹਿਲ ਗਏ ਤਾਂ ਉਹਨਾਂ ਨੇ ਨਰਮਦਾ ਸੁੰਦਰੀ ਨੂੰ ਬੈਠੇ ਵੇਖਿਆ, ਉਹ ਬਿਨ੍ਹਾਂ ਕੁੱਝ ਆਖੇ ਅਤੇ ਸਾਮਾਨ ਲਏ ਵਗੈਰ ਵਾਪਸ ਚਲੇ ਗਏ। ਉਹ ਰਾਜਾ ਕੋਲ ਜਾ ਕੇ ਆਖਣ ਲੱਗੇ ਕਿ ਹਰਨੀ ਗਣਿਕਾ ਦੇ ਘਰ ਇੱਕ ਸੁੰਦਰ ਕੰਨਿਆ ਬੈਠੀ ਹੈ ਆਪ ਦਾ ਜਿਸ ਤਰ੍ਹਾਂ ਦਾ ਹੁਕਮ ਹੋਵੇ ਅਸੀਂ ਉਸੇ ਤਰ੍ਹਾਂ ਪਾਲਣ ਕਰਾਂਗੇ।

ਰਾਜੇ ਨੇ ਅਪਣੇ ਮੰਤਰੀ ਨੂੰ ਉਸ ਸੁੰਦਰ ਕੰਨਿਆ ਨੂੰ ਲਿਆਉਣ ਲਈ ਆਖਿਆ ਮੰਤਰੀ ਨਰਮਦਾ ਨੂੰ ਵੇਖਕੇ ਹੈਰਾਨ ਰਹਿ ਗਿਆ। ਉਸ ਨੇ ਸੋਚਿਆ ਇਸ ਸੁੰਦਰ ਕੰਨਿਆ ਨੂੰ ਪਾ ਕੇ ਰਾਜਾ ਧੰਨ ਹੋ ਜਾਵੇਗਾ। ਉਸ ਨੇ ਕੰਨਿਆ ਨੂੰ ਕਿਹਾ ਕਿ ਤੂੰ ਬੜੀ ਭਾਗ ਵਾਲੀ ਹੈਂ ਸਾਡੇ ਰਾਜਾ ਤੈਨੂੰ ਬਹੁਤ ਚਾਹੁੰਦੇ ਹਨ। ਮਹਿਲ ਵਿੱਚ ਚੱਲੋ, ਤੁਹਾਨੂੰ ਸਾਰੀ ਸੰਪਤੀ ਦੇ ਦੇਣਗੇ। ਨਰਮਦਾ ਨੇ ਸੋਚਿਆ ਕਿ ਹੁਣ ਤੱਕ ਤਾਂ ਧਰਮ ਮੇਰੀ ਮਦਦ ਕਰਦਾ ਰਿਹਾ ਹੈ ਪਰ ਇਸ ਵਾਰ ਸ਼ੀਲ ਦੀ ਰੱਖਿਆ ਕਰਨਾ ਬਹੁਤ ਮੁਸ਼ਕਲ ਹੈ। ਫਿਰ ਸੋਚਿਆ ਕਿ ਜਿਸ ਨੂੰ ਜਾਨ ਦੀ ਪ੍ਰਵਾਹ ਨਹੀਂ, ਉਸ ਲਈ ਸ਼ੀਲ ਦੀ ਰੱਖਿਆ ਕਰਨਾ ਕੋਈ ਔਖਾ ਨਹੀਂ। ਮੰਤਰੀ ਨਰਮਦਾ ਸੁੰਦਰੀ ਨੂੰ ਰੱਥ ਵਿੱਚ ਬੈਠਾ ਕੇ ਲੈ ਜਾ ਰਿਹਾ ਸੀ। ਰੱਥ ਵਿੱਚ ਬੈਠੀ ਉਹ ਧਰਮ ਅਰਾਧਨਾ ਕਰ ਰਹੀ ਸੀ। ਅਚਾਨਕ ਹੀ ਉਸ ਦੇ ਮਨ ਵਿੱਚ ਇੱਕ ਵਿਚਾਰ ਆਇਆ। ਉਸ ਨੇ ਆਪਣੇ ਸਾਰੇ ਕੱਪੜੇ ਫਾੜ ਲਏ ਅਤੇ ਸਿਰ ਦੇ ਵਾਲ ਖ੍ਹੋਲ ਕੇ ਭਿਅੰਕਰ ਹਰਕਤਾਂ ਨਾਲ ਲੋਕਾਂ ਨੂੰ ਡਰਾਉਣ ਲੱਗੀ। ਉਹ ਕਦੇ ਰੋਂਦੀ ਅਤੇ ਕਦੇ ਹੱਸਣ ਲੱਗਦੀ ਸੀ।

ਮੰਤਰੀ ਨੇ ਰਾਜਾ ਨੂੰ ਸਾਰੀ ਸੂਚਨਾ ਦਿੱਤੀ, ਰਾਜੇ ਨੇ ਘੋਸ਼ਣਾ ਕਰਵਾਈ ਕਿ ਜੋ ਨਰਮਦਾ ਸੁੰਦਰੀ ਨੂੰ ਠੀਕ ਕਰ ਦੇਵੇਗਾ ਉਸ ਨੂੰ ਇਕ ਲੱਖ ਦੀਨਾਰ ਇਨਾਮ ਵਿੱਚ ਦਿਤੇ ਜਾਣਗੇ। ਉਹ ਰੱਥ ਤੋਂ ਬਾਹਰ ਆ ਕੇ ਤੀਰਥੰਕਰਾਂ ਦੀ ਸਤੁਤੀ ਕਰਨ ਲੱਗੀ। ਉਸੇ ਸਮੇਂ ਅਚਾਨਕ ਹੀ ਜਿਨਦਾਸ ਵੀ ਉਧਰੋਂ ਲੰਘ ਰਿਹਾ ਸੀ। ਜਿਨਦਾਸ ਲਗਾਤਾਰ ਕੋਸ਼ਿਸ ਕਰ

ਰਿਹਾ ਸੀ ਕਿ ਉਹ ਆਪਣੇ ਬਾਰੇ ਜਾਣਕਾਰੀ ਦੇਵੇ। ਰਾਜੇ ਦੀਆਂ ਸਾਰੀਆਂ ਕੋਸ਼ਿਸਾਂ ਦੇ ਬਾਵਜੂਦ ਨਰਮਦਾ ਠੀਕ ਨਾ ਹੋਈ। ਇਕ ਦਿਨ ਨਗਰ ਵਿੱਚ ਕੌਮੁੰਦੀ ਮਹਾਂਉਤਸਵ ਬਣਾਇਆ ਜਾ ਰਿਹਾ ਸੀ। ਲੋਕ ਬਣ ਵਿਹਾਰ ਕਰਨ ਲਈ ਗਏ, ਨਰਮਦਾ ਸੁੰਦਰੀ ਇੱਕ ਧਰਮ ਸਥਾਨ ਤੇ ਜਾ ਕੇ ਪੂਜਾ ਪਾਠ ਕਰਨ ਲੱਗੀ। ਜਿਨਦਾਸ ਵੀ ਉਹਦੇ ਪਿੱਛੇ ਪਹੁੰਚਿਆ ਚੰਗਾ ਮੌਕਾ ਵੇਖਕੇ ਨਰਮਦਾ ਨੂੰ ਆਪਣੀ ਜਾਣਕਾਰੀ ਦਿੱਤੀ। ਜਿਨਦਾਸ ਖੁਸ਼ ਹੋਇਆ ਅਤੇ ਆਖਣ ਲੱਗਾ, "ਪੁੱਤਰੀ ਮੈਂ ਜਿਨਦਾਸ ਉਪਾਸਕ ਹਾਂ ਤੇਰੇ ਪਿਤਾ ਮੇਰੇ ਪਰਮ ਮਿੱਤਰ ਹਨ। ਭਰਿਗੁਕੱਛ ਵਿੱਚ ਉਹਨਾਂ ਮੈਨੂੰ ਤੇਰੀ ਖੋਜ ਕਰਨ ਲਈ ਆਖਿਆ ਸੀ। ਤੂੰ ਫਿਕਰ ਨਾ ਕਰ ਮੈਂ ਛੇਤੀ ਹੀ ਤੈਨੂੰ ਤੇਰੇ ਪਿਤਾ ਕੋਲ ਪਹੁੰਚਾ ਦੇਵਾਂਗਾ"।

ਇਸ ਪ੍ਰਕਾਰ ਉਹ ਨਰਮਦਾ ਸੁੰਦਰੀ ਨੂੰ ਨਾਲ ਲੈ ਕੇ ਅਪਣੇ ਦੇਸ਼ ਵੱਲ ਚੱਲਣ ਲੱਗਾ ਤਾਂ ਉਹ ਬੱਬਰਕੁਲ ਦੇ ਰਾਜੇ ਨੂੰ ਮਿਲਣ ਲਈ ਪਹੁੰਚਿਆ। ਰਾਜੇ ਨੇ ਆਗਿਆ ਦਿੰਦੇ ਨੇ ਆਖਿਆ, "ਸੇਠ ਜੀ ਸਾਡੇ ਸ਼ਹਿਰ ਵਿਚ ਇਕ ਪਾਗਲ ਲੜਕੀ ਘੁੰਮ ਰਹੀ ਹੈ। ਜਿਸ ਨੇ ਲੋਕਾਂ ਦਾ ਜਿਉਣਾ ਦੁੱਭਰ ਕਰ ਰੱਖਿਆ ਹੈ। ਤੁਸੀ ਉਸ ਨੂੰ ਅਪਣੇ ਜਹਾਜ ਵਿੱਚ ਬਿਠਾਕੇ ਲੈ ਜਾਵੋ ਰਾਹ ਵਿੱਚ ਕਿਧਰੇ ਛੱਡ ਦੇਣਾ"।

ਜਿਨਦਾਸ ਦਾ ਰਾਹ ਸਾਫ ਹੋ ਗਿਆ ਸੀ। ਉਸ ਨੇ ਰਾਜੇ ਦੀ ਆਗਿਆ ਨੂੰ ਧਾਰਨ ਕੀਤਾ ਅਤੇ ਜਹਾਜ ਚੱਲ ਪਿਆ। ਜਹਾਜ ਦੇ ਚੱਲਦੇ ਹੀ ਨਰਮਦਾ ਸ਼ੁੰਦਰੀ ਆਪਣੇ ਅਸਲ ਰੂਪ ਵਿੱਚ ਆ ਗਈ। ਨਰਮਦਾਪੁਰ ਪਹੁੰਚ ਕੇ, ਉਸ ਨੇ ਲੜਕੀ ਨੂੰ ਉਸ ਦੇ ਮਾਤਾ ਪਿਤਾ ਦੇ ਸਪੁਰਦ ਕਰ ਦਿਤਾ। ਇਕ ਦਿਨ ਪਿਤਾ ਨੇ ਨਰਮਦਾ ਸੁੰਦਰੀ ਨੂੰ ਪੁੱਛਿਆ, "ਜੇ ਤੂੰ ਆਖੇਂ ਮੈਂ ਤੇਰੇ ਪਤੀ ਨੂੰ ਬੁਲਵਾ ਦੇਵਾਂ"। ਇਹ ਗੱਲ ਸੁਣਕੇ ਸਤੀ ਚੁੱਪ ਰਹੀ। ਉਸ ਦੇ ਦਿਮਾਗ ਵਿੱਚ ਬੀਤੀਆਂ ਘਟਨਾਵਾਂ ਘੁੰਮਣ ਲੱਗੀਆਂ ਅਤੇ ਦੁੱਖ ਕਾਰਨ ਉਹ ਕੁੱਝ ਨਾ ਬੋਲ ਸਕੀ।

ਇੱਕ ਵਾਰ ਉਸ ਨਗਰ ਵਿੱਚ ਕੁੱਝ ਮੁਨੀ ਪਧਾਰੇ। ਉਹਨਾਂ ਨੇ ਧਰਮ ਦਾ ਉਪਦੇਸ਼ ਦਿਤਾ। ਉਪਦੇਸ਼ ਖਤਮ ਹੋਣ ਤੋਂ ਬਾਅਦ ਨਰਮਦਾ ਸੁੰਦਰੀ ਦੇ ਪਿਤਾ ਨੇ ਬਿਨੈ ਪੂਰਵਕ ਪ੍ਰਸ਼ਨ ਕੀਤਾ, "ਹੇ ਭਗਵਨ! ਕਿਸ ਪਿਛਲੇ ਜਨਮ ਦੇ ਕਰਮ ਕਾਰਨ ਮੇਰੀ ਪੁਤਰੀ ਨੂੰ ਪਤੀ ਵਿਯੋਗ ਦਾ ਕਸ਼ਟ ਝੱਲਣਾ ਪਿਆ"। ਮੁਨੀ ਰਾਜ ਨੇ ਨਰਮਦਾ ਸੁੰਦਰੀ ਦੇ ਸ਼ੀਲ ਦੀ ਪ੍ਰਸੰਸਾ ਕਰਦੇ ਹੋਏ ਆਖਿਆ, "ਕਿ ਪਿਛਲੇ ਜਨਮ ਦੇ ਕੀਤੇ ਕਰਮਾ ਦਾ ਫਲ ਕਰਮ ਦੇ ਪ੍ਰਗਟ ਹੋਣ ਤੇ ਹਰ ਜੀਵ ਨੂੰ ਭੋਗਣਾ ਪੈਂਦਾ ਹੈ। ਤੇਰਾ ਪਿਛਲਾ ਜਨਮ ਇਸ ਪ੍ਰਕਾਰ ਹੈ।

"ਭਰਤ ਦੇਸ਼ ਵਿੱਚ ਵੇਤਾਡਿਆ ਪਰਬਤ ਹੈ ਜੋ 50 ਯੋਜਣ ਉੱਚਾ ਹੈ। ਉਸ ਦੇ ਸਿਖਰ ਤੋਂ ਨਰਮਦਾ ਨਦੀ ਨਿਕਲੀ ਹੈ। ਉਸ ਨਦੀ ਦੀ ਦੇਵੀ ਨਰਮਦਾ ਦੇਵੀ ਹੈ। ਇਕ ਦਿਨ ਉਸ ਨਦੀ ਦੇ ਕਿਨਾਰੇ ਇਕ ਮੁਨੀ ਖੜੇ ਧਿਆਨ ਕਰ ਰਹੇ ਸਨ। ਉਸ ਮੁਨੀ ਨੂੰ ਵੇਖ ਕੇ ਦੇਵੀ ਗੁੱਸੇ ਵਿੱਚ ਆ ਗਈ। ਮੁਨੀ ਨੂੰ ਡਰਾਉਣ ਲਈ ਉਸ ਨੇ ਸ਼ੇਰ ਚੀਤੇ ਆਦਿ ਦੇ ਭਿੰਅਕਰ ਰੂਪ ਧਾਰਨ ਕੀਤੇ ਅਤੇ ਮੁਨੀ ਨੂੰ ਹਾਥੀ ਦਾ ਰੂਪ ਧਾਰਕੇ ਅਸਮਾਨ ਵਿੱਚ ਉਛਾਲਿਆ, ਪਰ ਮੁਨੀ ਦਾ ਧਿਆਨ ਖੰਡਤ ਨਹੀਂ ਹੋਇਆ। ਇਹ ਵੇਖ ਕੇ ਦੇਵੀ ਨੂੰ ਹੈਰਾਨੀ ਹੋਈ ਉਸ ਨੇ ਪੁੱਛਿਆ, "ਤੁਸੀ ਕੌਣ ਹੋ? ਧਿਆਨ ਨੂੰ ਸਮਾਪਤ ਕਰਕੇ ਮੁਨੀ ਨੇ ਆਖਿਆ ਅਸੀਂ ਜੈਨ ਮੁਨੀ ਹਾਂ ਅਸੀ ਕਿਸੇ ਤੇ ਕਰੋਧ ਨਹੀਂ ਕਰਦੇ"। ਇਹ ਸੁਣ ਕੇ ਨਰਮਦਾ ਪ੍ਰਸ਼ੰਨ ਹੋਈ ਅਤੇ ਮੁਨੀ ਨੇ ਉਸ ਨੂੰ ਧਰਮ ਉਪਦੇਸ਼ ਦਿਤਾ। ਉਪਦੇਸ਼ ਦੇ ਅੰਤ ਵਿੱਚ ਦੇਵੀ ਨੇ ਪ੍ਰਸ਼ਨ ਕੀਤਾ। ਮੁਨੀ ਦੀ ਆਗਿਆ ਦਾ ਉਲੰਘਣ ਕਰਨ ਦਾ ਕੀ ਫਲ ਹੈ? ਮੁਨੀ ਨੇ ਉੱਤਰ ਦਿਤਾ ਸਾਧੂ ਦੀ ਆਗਿਆ ਨਾ ਮੰਨਣ ਵਾਲਾ ਅਗਲੇ ਜਨਮ ਵਿੱਚ ਗਰੀਬ ਅਤੇ ਗੁਣਹੀਣ ਹੁੰਦਾ ਹੈ। ਉਸ ਨੂੰ ਅਪਣੇ ਪਿਆਰਿਆਂ ਦਾ ਵਿਛੋੜਾ ਸਹਿਣਾ ਪੈਂਦਾ ਹੈ"। ਇਹ ਉਪਦੇਸ਼ ਸੁਣ ਕੇ ਨਰਮਦਾ ਦੇਵੀ ਡਰ ਗਈ। ਇਹ ਹੀ ਨਰਮਦਾ ਦੇਵੀ ਨੇ ਅਪਣੀ ਉਮਰ ਪੂਰੀ ਕਰਕੇ ਮਨੁੱਖ

ਰੂਪ ਵਿੱਚ ਤੇਰੇ ਘਰ ਪੁਤਰੀ ਰੂਪ ਵਿੱਚ ਜਨਮ ਲਿਆ ਹੈ। ਪਿਛਲੇ ਕੀਤੇ ਕਰਮ ਦੇ ਉਦੇ ਹੋਣ ਕਾਰਨ ਇਸ ਨੂੰ ਪਤੀ ਦਾ ਵਿਯੋਗ ਸਹਿਣਾ ਪਿਆ।

ਨਰਮਦਾ ਇਹ ਸੁਣ ਕੇ ਬੇਹੋਸ਼ ਹੋ ਗਈ ਅਤੇ ਹੋਸ਼ ਵਿੱਚ ਆਉਣ ਤੇ ਉਸ ਨੇ ਪਿਤਾ ਤੋਂ ਸਾਧਵੀ ਬਣਨ ਦੀ ਆਗਿਆ ਮੰਗੀ। ਪਿਤਾ ਪੁੱਤਰੀ ਵਿੱਚਕਾਰ ਲੰਬੀ ਬਹਿਸ ਤਕਰਾਰ ਤੋਂ ਬਾਅਦ ਆਖਰ ਨਰਮਦਾ ਨੂੰ ਸਾਧਵੀ ਬਣਨ ਦੀ ਆਗਿਆ ਮਿਲ ਗਈ। ਉਸ ਦਾ ਦੀਖਿਆ ਮਹਾਂਉਤਸਵ ਮਣਾਇਆ ਗਿਆ। ਦੀਕਸ਼ਾ ਦੇਣ ਵਾਲੇ ਗੁਰੂ ਆਰਿਆ ਸੁਹੱਸਤੀ ਨੇ ਉਸ ਨੂੰ ਸੰਜਮ ਦੀ ਕਠੋਰਤਾ ਬਾਰੇ ਸਮਝਾਇਆ। ਨਰਮਦਾ ਸੁੰਦਰੀ ਨੇ ਗੁਰੂ ਨੂੰ ਆਖਿਆ, "ਤੁਹਾਡਾ ਆਸ਼ੀਰਵਾਦ ਹੀ ਮੈਨੂੰ ਸਾਧਨਾ ਵੱਲ ਅੱਗੇ ਵਧਾਵੇਗਾ ਕ੍ਰਿਪਾ ਕਰਕੇ ਮੈਨੂੰ ਸੰਜਮ ਪ੍ਰਦਾਨ ਕਰੋ। ਇਸ ਪ੍ਰਕਾਰ ਨਰਮਦਾ ਸੁੰਦਰੀ ਸਾਧਵੀ ਬਣ ਗਈ ਅਤੇ ਇਕ ਦਿਨ ਧਰਮ ਪ੍ਰਚਾਰ ਕਰਦੀ ਹੋਈ ਰੂਪਚੰਦਰ ਨਗਰ ਵਿੱਚ ਆਈ, ਉਸ ਨੇ ਬੰਧ ਤੱਤਵ ਬਾਰੇ ਸਮਝਾਇਆ ਅਤੇ ਅਪਣੀ ਗੱਲ ਨੂੰ ਸਪਸ਼ਟ ਕਰਨ ਲਈ ਇਕ ਉਦਾਹਰਨ ਦਿੱਤੀ ਜੋ ਇਸ ਪ੍ਰਕਾਰ ਸੀ।

ਸ੍ਰਾਵਸਤੀ ਨਗਰੀ ਵਿੱਚ ਪੂਨਪਾਲ ਨਾਂ ਦਾ ਇਕ ਵਿਉਪਾਰੀ ਸੀ। ਉਸ ਦੀ ਪਤਨੀ ਦਾ ਨਾਂ ਧਨਵਤੀ ਸੀ। ਪੂਨਪਾਲ ਇਕ ਵਾਰ ਵਿਦੇਸ਼ ਜਾਣ ਲੱਗਾ ਤਾਂ ਉਸ ਨੇ ਆਪਣੇ ਪਰਿਵਾਰ ਦੀ ਦੇਖ ਰੇਖ ਆਪਣੇ ਮਿੱਤਰ ਨੂੰ ਸੌਂਪ ਦਿਤੀ। ਥੋੜੇ ਦਿਨਾਂ ਬਾਅਦ ਉਹ ਮਿੱਤਰ ਧਨਵਤੀ ਨੂੰ ਚਾਹੁੰਣ ਲੱਗਾ। ਧਨਵਤੀ ਨੇ ਉਸ ਨੂੰ ਫਟਕਾਰ ਲਗਾਈ। ਉਸ ਨੇ ਗੁੱਸੇ ਵਿੱਚ ਧਨਵਤੀ ਨੂੰ ਸ਼ਾਕਨੀ ਕਹਿ ਕੇ ਬਦਨਾਮ ਕਰ ਦਿਤਾ। ਇਸ ਕਾਰਨ ਧਨਵਤੀ ਦਾ ਸ਼ਹਿਰ ਵਿੱਚ ਘੁੰਮਣਾ ਮੁਸ਼ਕਲ ਹੋ ਗਿਆ ਅਤੇ ਉਹ ਅਪਣੇ ਭਾਈ ਕੋਲ ਆ ਕੇ ਰਹਿਣ ਲੱਗੀ।

ਪਰ ਬਦਕਿਸਮਤੀ ਦੀ ਗੱਲ ਇਹ ਹੋਈ ਕੀ ਉੱਥੇ ਵੀ ਇਕ ਦਾਸ ਉਸ ਨੂੰ ਚਾਹੁਣ ਲੱਗਾ। ਸਤੀ ਨੇ ਉਸ ਨੂੰ ਫਟਕਾਰ ਲਗਾਈ ਤਾਂ ਉਹ ਨਾਰਾਜ ਹੋ ਕੇ ਇੱਕ ਬਾਲਕ ਨੂੰ ਮਾਰ ਦਿੱਤਾ ਅਤੇ ਇਹ ਕਹਿ ਦਿੱਤਾ ਕੀ ਧਨਵਤੀ ਸ਼ਾਕਨੀ ਹੈ। ਇਸ ਨੇ ਹੀ ਬੱਚੇ ਨੂੰ ਮਾਰਿਆ

ਹੈ। ਨਗਰ ਦੇ ਲੋਕਾਂ ਨੇ ਧਨਵਤੀ ਨੂੰ ਸ਼ਹਿਰ ਵਿਚੋਂ ਬਾਹਰ ਕੱਢ ਦਿੱਤਾ ਅਤੇ ਉਹ ਜੰਗਲ ਵਿੱਚ ਜਾ ਕੇ ਇੱਕ ਬਰੋਟੇ ਦੇ ਦਰਖਤ ਹੇਠਾਂ ਆਰਾਮ ਕਰਨ ਲੱਗੀ। ਉਸ ਦਰਖਤ ਪਰ ਗੁਹੜ ਪੰਛੀ ਅਪਣੇ ਪਰਿਵਾਰ ਨਾਲ ਨਿਵਾਸ ਕਰਦਾ ਸੀ। ਇਕ ਵਾਰ ਗੁਹੜ ਨੇ ਆਪਣੇ ਬੱਚੇ ਨੂੰ ਆਖਿਆ ਕਿ ਸਾਡੀ ਬਿੱਠ ਨਾਲ ਕੋਹੜ ਦਾ ਰੋਗ ਚਲਾ ਜਾਂਦਾ ਹੈ। ਧਨਵਤੀ ਨੇ ਇਹ ਜਾਣਕੇ ਕਾਫੀ ਬਿੱਠਾਂ ਇਕਠੀਆਂ ਕੀਤੀਆਂ। ਹੁਣ ਉਸ ਨੇ ਆਦਮੀ ਦਾ ਭੇਸ ਧਾਰਨ ਕਰਕੇ ਸ਼ਹਿਰ ਵਿੱਚ ਪ੍ਰਵੇਸ ਕੀਤਾ ਅਤੇ ਲੋਕਾਂ ਦੇ ਕੋਹੜ ਦਾ ਇਲਾਜ ਕਰਨਾ ਸ਼ੁਰੂ ਕਰ ਦਿਤਾ। ਥੋੜੇ ਹੀ ਦਿਨਾਂ ਵਿੱਚ ਉਸ ਦੀ ਮਸ਼ਹੂਰੀ ਹੋ ਗਈ ਅਤੇ ਉਸ ਨੇ ਪ੍ਰਾਪਤ ਧਨ ਨਾਲ ਇੱਕ ਆਲੀਸ਼ਾਨ ਮਹਿਲ ਖੜਾ ਕਰ ਲਿਆ।

ਕੁੱਝ ਸਮੇਂ ਬਾਅਦ ਉਸ ਦਾ ਪਤੀ ਵਾਪਸ ਆ ਗਿਆ ਅਤੇ ਪਤਨੀ ਦੇ ਘਰ ਨਾ ਮਿਲਣ ਤੇ ਉਸ ਨੂੰ ਸਾਰੀ ਕਹਾਣੀ ਦਾ ਪਤਾ ਲੱਗਾ। ਉਸ ਨੂੰ ਸਾਰਾ ਧੋਖਾ ਸਮਝ ਆ ਗਿਆ। ਪਰ ਇਸ ਸਮੇਂ ਉਸ ਨੇ ਕੋਹੜ ਦੂਰ ਕਰਨ ਵਾਲੇ ਵੈਦ ਦੀ ਚਰਚਾ ਵੀ ਸੁਣੀ ਮਿੱਤਰ ਨੂੰ ਲੈ ਕੇ ਉਹ ਵੈਦ ਕੋਲ ਆਇਆ। ਅਚਾਨਕ ਹੀ ਉਹ ਦਾਸ ਵੀ ਕੋਹੜੀ ਹੋ ਗਿਆ ਅਤੇ ਉੱਥੇ ਆ ਪਹੁੰਚਿਆ ਸਤੀ ਅਪਣੇ ਪਤੀ ਨੂੰ ਵੇਖ ਕੇ ਖੁਸ਼ ਹੋਈ ਪਰ ਉਸ ਨੇ ਕੋਈ ਗੱਲ ਨਹੀਂ ਆਖੀ।

ਪੂੰਨਪਾਲ ਨੇ ਵੈਦ ਨੂੰ ਕਿਹਾ ਤੁਸੀ ਸਾਨੂੰ ਦੋਹਾਂ ਨੂੰ ਕਸ਼ਟ ਤੋਂ ਮੁਕਤ ਕਰ ਦੇਵੋਂ, ਤਾਂ ਅਸੀਂ ਤੁਹਾਨੂੰ ਮੂੰਹ ਮੰਗਿਆ ਇਨਾਮ ਦੇਵਾਂਗੇ। ਵੈਦ ਨੇ ਆਖਿਆ ਸਾਨੂੰ ਇਸ ਪ੍ਰਕਾਰ ਦੀ ਕੋਈ ਚਾਹਤ ਨਹੀਂ ਹੈ। ਫਿਰ ਇਕਾਂਤ ਵਿੱਚ ਪੂੰਨਪਾਲ ਨੂੰ ਅੱਡ ਬੁਲਾ ਕੇ ਆਖਿਆ। ਤੁਸੀਂ ਇਹਨਾਂ ਦੇ ਧੋਖੇ ਦੀ ਕਹਾਣੀ ਧਿਆਨ ਨਾਲ ਸੁਣੋ। ਉਸ ਤੋਂ ਬਾਅਦ ਵੈਦ ਦਵਾਈ ਲੈ ਕੇ ਆਇਆ। ਪਰਦੇ ਦੇ ਪਿੱਛੇ ਲੈ ਜਾਕੇ ਉਸ ਨੇ ਆਖਿਆ। ਸੱਚ ਦੱਸਣਾ ਤੁਹਾਨੂੰ ਇਹ ਰੋਗ ਕਿਵੇਂ ਪੈਦਾ ਹੋਇਆ। ਦੋਹਾਂ ਰੋਗੀਆਂ ਨੇ ਦੱਸਿਆ ਕਿ ਉਹਨਾਂ ਪੂੰਨਪਾਲ ਦੀ ਪਤਨੀ ਵੱਲ

ਬੁਰੀ ਨਜਰ ਤੱਕੀ ਸੀ ਅਤੇ ਝੂਠਾ ਕਲੰਕ ਲਗਾਇਆ ਸੀ। ਇਸ ਕਾਰਨ ਉਹਨਾਂ ਨੂੰ ਕੋਹੜ ਹੋ ਗਿਆ। ਪੂਨਪਾਲ ਇਹ ਸੁਣ ਕੇ ਮਿੱਤਰ ਦੇ ਵਿਸ਼ਵਾਸਘਾਤ ਤੇ ਬਹੁਤ ਦੁਖੀ ਹੋਇਆ।

ਪੂਨਪਾਲ ਅਤੇ ਧਨਵਤੀ ਦਾ ਮਿਲਣ ਹੋਇਆ। ਇਸ ਉਦਾਹਰਨ ਨੂੰ ਸਪਸ਼ਟ ਕਰਦੇ ਹੋਏ ਸਾਧਵੀ ਨੇ ਆਖਿਆ ਕਿ ਕਰਮਾਂ ਦੀ ਗਤੀ ਬੜੀ ਵਿਚਿੱਤਰ ਹੈ। ਸੋ ਹਰ ਸਮੇਂ ਧਰਮ ਦੀ ਅਰਾਧਨਾ ਕਰਨੀ ਚਾਹੀਦੀ ਹੈ। ਸਤੀ ਦਾ ਉਪਦੇਸ਼ ਸੁਣ ਕੇ ਮਹੇਸ਼ਵਰਦਤ ਹੈਰਾਨ ਤੇ ਦੁੱਖੀ ਹੋ ਗਿਆ। ਸਤੀ ਦੇ ਪੁੱਛਣ ਤੇ ਉਸ ਨੇ ਅਪਣੀ ਪਤਨੀ ਦੇ ਤਿਆਗ ਅਤੇ ਕੀਤੇ ਪਸ਼ਚਾਤਾਪ ਦੀ ਗੱਲ ਆਖੀ। ਸਤੀ ਨੇ ਆਖਿਆ ਮੈਂ ਹੀ ਨਰਮਦਾ ਸੁੰਦਰੀ ਹਾਂ ਇਹ ਸੁਣ ਕੇ ਉਸ ਦੀ ਸ਼ਰਮ ਦੀ ਕੋਈ ਹੱਦ ਨਾ ਰਹੀ ਅਤੇ ਉਹ ਬਾਰ ਬਾਰ ਖਿਮਾ ਮੰਗਣ ਲੱਗਾ ਉਸ ਨੇ ਆਰਿਆ ਸਹੁਸਤੀ ਤੋਂ ਅਤੇ ਰਿਸ਼ਿਦੱਤਾ ਨੇ ਸਤੀ ਨਰਮਦਾ ਤੋਂ ਦੀਖਿਆ ਗ੍ਰਹਿਣ ਕੀਤੀ। ਸੰਜਮ ਪਾਲ ਕੇ ਸਵਰਗ ਦੇ ਅਧਿਕਾਰੀ ਬਣੇ, ਨਰਮਦਾ ਸੁੰਦਰੀ ਨੇ ਇਕ ਮਹੀਨੇ ਦਾ ਸਮਾਧੀ ਮਰਨ ਗ੍ਰਹਿਣ ਕਰਕੇ ਸਵਰਗ ਪ੍ਰਾਪਤ ਕੀਤਾ। ਅਗਲੇ ਜਨਮ ਵਿੱਚ ਫਿਰ ਉਹ ਮਨੁੱਖ ਬਣ ਕੇ ਮੋਕਸ਼ ਨੂੰ ਪ੍ਰਾਪਤ ਕਰੇਗੀ। ਇਹ ਅਪਣੇ ਸ਼ੀਲ ਦੀ ਰੱਖਿਆ ਦੇ ਲਈ ਕਠੋਰ ਕਸ਼ਟ ਸਹਿਣ ਵਾਲੀ ਮਹਾਂਸਤੀ ਨਰਮਦਾ ਸਤੀ ਧਨ ਹੈ[1]।

=================

1. ਇਹ ਕਹਾਣੀ ਤਪਾਗੱਛ ਦੇ ਮੁਨੀ ਸ਼੍ਰੀ ਮੋਹਨ ਵਿਜੈ ਜੀ ਰਾਹੀਂ ਲਿਖੀ ਰਚਨਾ ਤੇ ਆਧਾਰਤ ਹੈ। ਇਹ ਰਚਨਾ ਪੋਹ ਕ੍ਰਿਸ਼ਨਾ 13 ਸਮਤ 1755 ਵਿਚ ਮੁਕੰਮਲ ਹੋਈ।

13

## ਸਤੀ ਕਲਾਵਤੀ

ਸਤੀ ਕਲਾਵਤੀ ਦਾ ਜੀਵਨ ਕਾਫੀ ਉਤਾਰ ਚੜਾਓ ਵਾਲਾ ਜੀਵਨ ਰਿਹਾ ਹੈ। ਉਹ ਸੰਖਪੁਰ ਦੇ ਰਾਜੇ ਸੰਖ ਦੀ ਰਾਣੀ ਸੀ, ਜੋ ਕਿ ਸ਼ੀਲਵਤੀ ਅਤੇ ਪਤੀ ਦੇ ਹੁਕਮ ਵਿੱਚ ਰਹਿਣ ਵਾਲੀ ਇਸਤਰੀ ਸੀ। ਇੱਕ ਵਾਰ ਕਲਾਵਤੀ ਦੇ ਭਰਾ ਜੈ ਸੈਨ ਨੇ ਆਪਣੀ ਭੈਣ ਨੂੰ ਭੇਂਟ ਵਿੱਚ ਗਹਿਣੇ ਭੇਜੇ। ਭਾਈ ਦੀ ਭੇਂਟ ਨੂੰ ਰਾਣੀ ਨੇ ਸਵਿਕਾਰ ਕਰਦੇ ਹੋਏ ਪਹਿਨ ਲਿਆ। ਪਰ ਰਾਜੇ ਨੂੰ ਇਹ ਚੰਗਾ ਨਾ ਲੱਗਾ, ਸਗੋਂ ਰਾਣੀ ਪ੍ਰਤੀ ਸ਼ੱਕ ਪੈਦਾ ਹੋ ਗਿਆ।

ਰਾਜੇ ਨੇ ਨੌਕਰਾਂ ਨੂੰ ਬੁਲਾ ਕੇ ਹੁਕਮ ਦਿੱਤਾ, "ਰਾਣੀ ਨੂੰ ਜੰਗਲ ਵਿੱਚ ਲੈ ਜਾਓ ਅਤੇ ਇਸ ਦੇ ਹੱਥ, ਪੈਰ ਕੱਟ ਕੇ ਮੈਨੂੰ ਭੇਂਟ ਕਰੋ"। ਸੇਵਕਾਂ ਨੇ ਰਾਣੀ ਨੂੰ ਰਾਜੇ ਦਾ ਹੁਕਮ ਸੁਣਾਇਆ। ਰਾਣੀ ਨੇ ਹੌਂਸਲੇ ਨਾਲ ਰਾਜੇ ਦਾ ਹੁਕਮ ਮੰਨ ਲਿਆ। ਸਿਟੇ ਵਜੋਂ ਸੇਵਕਾਂ ਨੇ ਰਾਣੀ ਦੇ ਹੱਥ, ਪੈਰ ਕੱਟ ਕੇ ਰਾਜੇ ਨੂੰ ਭੇਂਟ ਕਰ ਦਿਤੇ। ਰਾਣੀ ਬੜੀ ਧਰਮਾਤਮਾ ਇਸਤਰੀ ਸੀ। ਘਟਨਾ ਸਮੇਂ ਉਹ ਗਰਭਵਤੀ ਸੀ। ਸਮਾਂ ਪੂਰਾ ਹੋਣ ਤੇ ਜੰਗਲ ਵਿੱਚ ਉਸ ਨੇ ਇਕ ਪੁਤਰ ਨੂੰ ਜਨਮ ਦਿਤਾ। ਹੱਥ ਨਾ ਹੋਣ ਕਾਰਨ ਉਹ ਪੁਤਰ ਦੀ ਸੰਭਾਲ ਕਰਨ ਵਿੱਚ ਅਸਮਰਥ ਸੀ। ਪਰ ਰਾਣੀ ਨੇ ਇਸ ਨੂੰ ਅਪਣੇ ਪਿਛਲੇ ਕਰਮਾਂ ਦਾ ਫਲ ਜਾਣ ਕੇ ਸਵੀਕਾਰ ਕੀਤਾ। ਉਸ ਨੇ ਨਵਕਾਰ ਮੰਤਰ ਦਾ ਜਾਪ ਕੀਤਾ। ਅਚਾਨਕ ਇੱਕ ਦੇਵਤੇ ਨੇ ਉਸ ਦੇ ਹੱਥ ਅਤੇ ਪੈਰ ਫਿਰ ਤੋਂ ਲਗਾ ਦਿਤੇ। ਰਾਣੀ ਨੇ ਬੱਚੇ ਨੂੰ ਦੁੱਧ ਪਿਲਾਉਂਦੇ ਹੋਏ, ਅਰਿਹੰਤ ਪ੍ਰਮਾਤਮਾ ਦਾ ਧੰਨਵਾਦ ਕੀਤਾ।

ਸ਼ੀਲ ਦੇ ਪ੍ਰਭਾਵ ਕਾਰਨ ਉਸ ਜੰਗਲ ਵਿੱਚ ਇਕ ਜੋਗਨ ਦਾ ਮੱਠ ਸੀ। ਜੋਗਨ ਰਾਣੀ ਅਤੇ ਬੱਚੇ ਨੂੰ ਆਪਣੇ ਮੱਠ ਵਿੱਚ ਲੈ ਆਈ ਅਤੇ ਉਹਨਾਂ ਦੀ ਦੇਖ ਭਾਲ ਕਰਨ ਲੱਗੀ। ਉਧਰ ਰਾਜੇ ਨੇ ਸੇਵਕਾਂ ਰਾਹੀਂ ਕੱਟੇ ਹੱਥ ਦੇ ਗਹਿਣੇ ਉਪਰ ਜਦ ਜੈ ਸੈਨ (ਰਾਣੀ ਦੇ

ਭਰਾ) ਦਾ ਨਾਂ ਪੜ੍ਹਿਆ ਤਾਂ ਉਹ ਹੈਰਾਨ ਹੋ ਗਿਆ। ਉਸ ਨੂੰ ਆਪਣੇ ਕੀਤੇ ਦਾ ਪਛਤਾਵਾ ਹੋਇਆ। ਰਾਜੇ ਨੇ ਮੰਤਰੀ ਨੂੰ ਰਾਣੀ ਦੀ ਖੋਜ ਵਿੱਚ ਭੇਜਿਆ। ਮੰਤਰੀ ਨੇ ਜੋਗਨ ਦੇ ਮੱਠ ਵਿੱਚ ਰਾਣੀ ਅਤੇ ਰਾਜਕੁਮਾਰ ਨੂੰ ਢੂੰਡ ਲਿਆ। ਮੰਤਰੀ ਦੋਹਾਂ ਨੂੰ ਪਾ ਕੇ ਬਹੁਤ ਖੁਸ਼ ਹੋਇਆ। ਰਾਣੀ ਦੇ ਮਿਲਣ ਦੀ ਗੱਲ ਸੁਣ ਕੇ, ਰਾਜੇ ਦਾ ਦੁੱਖ ਦੂਰ ਹੋ ਗਿਆ। ਉਸ ਨੇ ਪੁਤਰ ਸਮੇਤ ਰਾਣੀ ਨੂੰ ਬੜੀ ਸ਼ਾਨ ਨਾਲ ਮਹਿਲ ਵਿੱਚ ਪ੍ਰਵੇਸ਼ ਕਰਵਾਇਆ।

ਇਹ ਸਭ ਸ਼ੀਲ ਦੀ ਹੀ ਮਹਿਮਾਂ ਸੀ ਕਿ ਕਲਾਵਤੀ ਵੱਡੇ ਕੱਸ਼ਟ ਵਿੱਚ ਵੀ ਧਰਮ ਤੋਂ ਬੇਮੁੱਖ ਨਹੀਂ ਹੋਈ ਤੇ ਨਾਂ ਹੀ ਉਸ ਨੇ ਅਪਣੇ ਪਤੀ ਪ੍ਰੇਮ ਨੂੰ ਘੱਟ ਕੀਤਾ। ਇਸ ਪ੍ਰਕਾਰ ਜੀਵਨ ਦੇ ਅੰਤ ਵਿਚ ਉਸ ਨੇ ਸਮਾਧੀ ਮਰਨ ਪ੍ਰਾਪਤ ਕਰਕੇ ਆਤਮਾ ਦਾ ਕਲਿਆਣ ਕੀਤਾ। ਕਲਾਵਤੀ ਦਾ ਜੀਵਨ ਸ਼ੀਲ ਦੀ ਜਿੱਤ ਦਾ ਸਪਸ਼ਟ ਉਦਾਹਰਨ ਹੈ।

14

# ਸ਼ੀਲਵਤੀ

ਪੁਰਾਣੇ ਸਮੇਂ ਵਿੱਚ ਜੰਬੂ ਦੀਪ ਦੇ ਭਰਤ ਖੇਤਰ ਵਿੱਚ ਨੰਦਪੁਰ ਨਾਂ ਦਾ ਨਗਰ ਸੀ। ਜਿੱਥੇ ਰਾਜਾ ਅਰੀਦਮਨ ਰਾਜ ਕਰਦਾ ਸੀ, ਇਸੇ ਨਗਰ ਵਿੱਚ ਰਥਨਾਕਰ ਨਾਂ ਦਾ ਸੇਠ ਆਪਣੀ ਪਤਨੀ ਸ਼੍ਰੀ ਨਾਲ ਰਹਿੰਦਾ ਸੀ। ਦੋਹੇਂ ਪਤੀ ਪਤਨੀ ਪੁੱਤਰ ਦੀ ਘਾਟ ਕਾਰਨ ਅੰਦਰੋਂ ਦੁੱਖੀ ਰਹਿੰਦੇ ਸਨ। ਇਸ ਚਿੰਤਾ ਨੂੰ ਦੂਰ ਕਰਨ ਲਈ ਉਹਨਾਂ ਨਗਰ ਵਿੱਚ ਬਣੇ ਅਜਿਤਬਲਾ ਦੇ ਮੰਦਿਰ ਵਿੱਚ ਜਾ ਕੇ ਭਗਤੀ ਕੀਤੀ। ਦੇਵੀ ਨੇ ਖੁਸ਼ ਹੋ ਕੇ, ਉਸ ਨੂੰ ਪੁੱਤਰ ਹੋਣ ਦਾ ਵਰਦਾਨ ਦਿਤਾ। ਕੁੱਝ ਸਮੇਂ ਬਾਅਦ ਸੇਠਾਨੀ ਗਰਭਵਤੀ ਹੋਈ ਅਤੇ ਉਸ ਨੇ ਇੱਕ ਅਜਿਤ ਸੈਨ ਨਾਂ ਦੇ ਪੁਤਰ ਨੂੰ ਜਨਮ ਦਿਤਾ। ਅਜਿਤ ਸੈਨ ਦਾ ਪਾਲਣ ਪੋਸ਼ਣ ਇਸ ਢੰਗ ਨਾਲ ਹੋਇਆ ਕਿ ਉਹ ਥੋੜੀ ਉਮਰ ਵਿੱਚ ਹੀ ਵੱਡਾ ਜਾਪਨ ਲੱਗਾ। ਉਸ ਨੂੰ ਕਲਾਚਾਰਿਆ ਕੋਲ ਸਿੱਖਿਆ ਦੇਣ ਲਈ ਭੇਜਿਆ ਗਿਆ। ਨੌਜਵਾਨ ਹੋਣ ਤੇ ਉਸ ਦੀ ਸ਼ਾਦੀ ਦੀ ਚਰਚਾ ਸ਼ੁਰੂ ਹੋਈ ਅਤੇ ਤਲਾਸ਼ ਕਰਦੇ ਹੋਏ ਮੰਗਲਪੁਰੀ ਦੇ ਸੇਠ ਜਿਨਦਤ ਦੀ ਪੁੱਤਰੀ ਸ਼ੀਲਵਤੀ ਨਾਲ ਸ਼ਾਦੀ ਦੀ ਗਲਬਾਤ ਸ਼ੁਰੂ ਹੋਈ। ਜਿਨਦਤ ਨੇ ਆਪਣੇ ਪੁੱਤਰ ਜਿਨਸ਼ੇਖਰ ਨੂੰ ਭੇਜ ਕੇ ਸਾਰੀ ਗੱਲ ਦੀ ਤੱਸਲੀ ਕਰ ਲਈ ਅਤੇ ਸ਼ੁਭ ਮੱਹੂਰਤ ਵੇਖ ਕੇ ਅਪਣੀ ਪੁੱਤਰੀ ਸੀਲਵਤੀ ਦੀ ਸ਼ਾਦੀ ਅਜਿਤਸੈਨ ਨਾਲ ਕਰ ਦਿੱਤੀ।

ਸ਼ੀਲਵਤੀ ਖਾਲੀ ਸ਼ੀਲ ਸੰਪਨ ਹੀ ਨਹੀਂ ਸੀ, ਸਗੋਂ ਉਹ ਬੁੱਧੀਮਾਨ ਅਤੇ ਗੁਣਵਾਨ ਵੀ ਸੀ। ਇਕ ਦਿਨ ਦੋ ਪਹਿਰ ਰਾਤ ਬੀਤ ਜਾਣ ਤੇ ਗਿੱਦੜ ਦੀ ਆਵਾਜ ਸੁਣ ਕੇ, ਸ਼ੀਲਵਤੀ ਸਿਰ ਤੇ ਘੜਾ ਲੈ ਕੇ ਬਾਹਰ ਨਿਕਲੀ ਅਤੇ ਬੇਪਰਵਾਹ ਹੋ ਕੇ ਆਪਣਾ ਕੰਮ ਕਰਕੇ ਵਾਪਸ ਆ ਗਈ।

ਸਹੁਰੇ ਨੂੰ ਬਹੂ ਦੇ ਇਸ ਵਿਵਹਾਰ ਕਾਰਨ ਚਰਿੱਤਰ ਪ੍ਰਤੀ ਸ਼ੱਕ ਹੋਇਆ। ਉਸ ਨੇ ਆਪਣੀ ਪਤਨੀ ਨੂੰ ਬਹੂ ਦੇ ਚਰਿੱਤਰ ਬਾਰੇ ਪੁੱਛਿਆ ਤਾਂ ਸੱਸ ਨੇ ਆਖਿਆ, "ਮੈਨੂੰ ਬਹੂ ਵਿੱਚ ਕੋਈ ਦੋਸ਼ ਨਜਰ ਨਹੀਂ ਆਉਂਦਾ ਉਹ ਮਰਿਆਦਾ ਅਨੁਸਾਰ ਜੀਵਨ ਜਿਉਂਦੀ ਹੈ"। ਇਸ ਦੇ ਜਵਾਬ ਵਿੱਚ ਸੇਠ ਨੇ ਆਖਿਆ, "ਤੇਰੀ ਗੱਲ ਠੀਕ ਨਹੀਂ, ਕਿਉਂਕਿ ਅੱਜ ਹੀ ਮੈਂ ਅੱਧੀ ਰਾਤ ਨੂੰ ਉਸ ਨੂੰ ਬਾਹਰ ਜਾਂਦੇ ਵੇਖਿਆ ਹੈ"। ਸੇਠਾਨੀ ਸੇਠ ਦੀ ਗੱਲ ਤੋਂ ਸਹਿਮਤ ਨਹੀਂ ਹੋ ਰਹੀ ਸੀ ਇਸੇ ਵਿਚਕਾਰ ਅਜਿਤਸੈਨ ਅਪਣੇ ਮਾਂ, ਪਿਓ ਨੂੰ ਨਮਸ਼ਕਾਰ ਕਰਨ ਲਈ ਆਇਆ। ਸੇਠ ਨੇ ਉਦਾਸ ਮਨ ਨਾਲ ਆਖਿਆ, "ਪੁੱਤਰ! ਹੁਣ ਮੈਂ ਤੈਨੂੰ ਕੀ ਆਖਾਂ ਤੇਰੀ ਪਤਨੀ ਦਾ ਚਰਿੱਤਰ ਠੀਕ ਨਹੀਂ ਹੈ। ਉਹ ਤੇਰੇ ਨਾਲ ਧੋਖਾ ਕਰ ਰਹੀ ਹੈ, ਮੈਂ ਅੱਜ ਰਾਤ ਹੀ ਆਪਣੀਆਂ ਅੱਖਾਂ ਨਾਲ ਸਭ ਕੁੱਝ ਵੇਖਿਆ ਹੈ"। ਪੁੱਤਰ ਨੇ ਆਖਿਆ, "ਪਿਤਾ ਜੀ! ਜਿਸ ਪ੍ਰਕਾਰ ਤੁਹਾਨੂੰ ਠੀਕ ਲੱਗੇ ਉਸ ਪ੍ਰਕਾਰ ਕਰੋ" ਇਹ ਆਖ ਕੇ ਲੜਕਾ ਬਾਹਰ ਚਲਾ ਗਿਆ। ਸੇਠ ਨੇ ਝੂਠੇ ਮਨ ਨਾਲ ਆਖਿਆ, "ਤੈਨੂੰ ਤੇਰੇ ਪਿਤਾ ਨੇ ਯਾਦ ਕੀਤਾ ਹੈ। ਇਸ ਲਈ ਮੇਰੇ ਨਾਲ ਆਪਣੇ ਪੈਕੇ ਚੱਲੋ" ਨੂੰਹ ਨੇ ਇਸ ਗੱਲ ਨੂੰ ਸਵੀਕਾਰ ਕਰ ਲਿਆ। ਦੋਹੇਂ ਰੱਥ ਵਿੱਚ ਬੈਠ ਕੇ ਚੱਲ ਪਏ, ਰਾਹ ਵਿੱਚ ਇੱਕ ਨਦੀ ਆਈ। ਸੇਠ ਨੇ ਨੂੰਹ ਨੂੰ ਆਖਿਆ, "ਪੈਰ ਦੀ ਜੁੱਤੀ ਉਤਾਰ ਕੇ ਨਦੀ ਪਾਰ ਕਰਨਾ"। ਪਰ ਨੂੰਹ ਨੇ ਇਸ ਪ੍ਰਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਸੇਠ ਨੂੰ ਪੱਕਾ ਯਕੀਨ ਹੋ ਗਿਆ ਕਿ ਮੇਰੀ ਨੂੰਹ ਬਿਨੈਵਾਨ ਨਹੀਂ ਹੈ। ਕੁੱਝ ਦੂਰ ਅੱਗੇ ਚੱਲ ਕੇ ਇਕ ਮੂੰਗੀ ਦਾ ਖੇਤ ਆਇਆ। ਉਸ ਨੂੰ ਵੇਖ ਕੇ ਸੇਠ ਬੋਲਿਆ ਕਿ ਖੇਤ ਵਿੱਚੋਂ ਬਹੁਤ ਮੂੰਗੀ ਦੀ ਫਸਲ ਹੋਵੇਗੀ। ਪਰ ਨੂੰਹ ਨੇ ਆਖਿਆ, "ਜੇ ਇਸ ਨੂੰ ਕੋਈ ਖਾ ਨਾ ਜਾਵੇ ਤਾਂ ਹੀ ਆਪ ਦੀ ਗੱਲ ਸੱਚ ਹੋ ਸਕਦੀ ਹੈ"। ਫਿਰ ਸੇਠ ਨੇ ਇਸ ਗੱਲ ਦਾ ਵੀ ਉਲਟਾ ਅਰਥ ਲਿਆ। ਅੱਗੇ ਚੱਲ ਕੇ ਇਕ ਵਧੀਆ ਸ਼ਹਿਰ ਆਇਆ, ਜਿੱਥੇ ਸੇਠ ਨੇ ਇਕ ਬੁੱਢੇ ਸਿਪਾਹੀ ਨੂੰ ਵੇਖ ਕੇ ਉਸ ਦੀ ਬਹਾਦਰੀ ਪ੍ਰਸੰਸਾ ਕੀਤੀ। ਪਰ

ਸ਼ੀਲਵਤੀ ਨੇ ਆਖਿਆ, "ਇਹ ਸੂਰਵੀਰ ਨਹੀਂ ਬੁਜਦਿਲ ਹੈ, ਇਸ ਨੇ ਕਿਸੇ ਨੂੰ ਮਾਰਿਆ ਨਹੀਂ, ਸਗੋਂ ਮਾਰ ਖਾ ਕੇ ਆਇਆ ਹੈ"। ਸੇਠ ਨੇ ਸੋਚਿਆ ਕਿ ਮੇਰੀ ਨੂੰਹ ਲੋਕਾਂ ਦੇ ਦੋਸ਼ ਹੀ ਵੇਖਦੀ ਹੈ।

ਇਸ ਪ੍ਰਕਾਰ ਵਿਚਾਰ ਕਰਦੇ ਦੋਹੇਂ ਇਕ ਬੋਹੜ ਦੇ ਦਰਖਤ ਹੇਠ ਪਹੁੰਚੇ ਅਤੇ ਰੱਥ ਖੜਾ ਕਰਕੇ ਆਰਾਮ ਕਰਨ ਲੱਗੇ। ਸੇਠ ਤਾਂ ਛਾਂ ਵਿੱਚ ਬੈਠਾ ਰਿਹਾ ਪਰ ਨੂੰਹ ਧੁੱਪ ਵਿੱਚ ਖੜੀ ਰਹੀ। ਬੁਲਾਉਣ ਪਰ ਵੀ ਉਹ ਛਾਂ ਵਿੱਚ ਨਹੀਂ ਆਈ। ਅਚਾਨਕ ਹੀ ਸ਼ੀਲਵਤੀ ਦਾ ਮਾਮਾ ਉੱਥੇ ਆ ਪਹੁੰਚਿਆ ਅਤੇ ਦੋਹਾਂ ਨੂੰ ਬੜੇ ਸਨਮਾਨ ਨਾਲ ਘਰ ਲੈ ਗਿਆ। ਮਾਮੇ ਨੇ ਭੋਜਨ ਕਰਨ ਦੀ ਬੇਨਤੀ ਕੀਤੀ। ਸੇਠ ਨੇ ਉੱਥੇ ਭੋਜਨ ਨਹੀਂ ਕੀਤਾ, ਪਰ ਰਾਹ ਲਈ ਭੋਜਨ ਲੈ ਕੇ ਰੱਥ ਨਾਲ ਬੰਨ੍ਹ ਲਿਆ। ਸੇਠ ਚੱਲਦਾ ਚੱਲਦਾ ਇਕ ਕੈਰ ਦੇ ਦਰਖਤ ਹੇਠਾਂ ਜਾ ਕੇ ਸੌਂ ਗਿਆ। ਨੂੰਹ ਉਸ ਦਰਖਤ ਦੇ ਫਲ ਖਾਣ ਲੱਗੀ। ਇਤਨੇ ਨੂੰ ਇਕ ਕਾਂ ਦੀ ਆਵਾਜ ਸੁਣਾਈ ਦਿੱਤੀ। ਆਵਾਜ ਸੁਣ ਕੇ ਨੂੰਹ ਬੋਲੀ, "ਮੈਂ ਤੇਰੀ ਬੋਲੀ ਸਮਝਦੀ ਹਾਂ, ਪਰ ਇੱਕ ਵਾਰ ਦੀ ਗੱਲ ਨਾਲ ਪਤੀ ਦਾ ਵਿਯੋਗ ਹੋ ਗਿਆ। ਹੁਣ ਤੇਰੀ ਗੱਲ ਕਿਉਂ ਮੰਨਾਂ ਅਗਰ ਮੰਨਾਂਗੀ, ਤਾਂ ਮਾਂ ਬਾਪ ਨਾਲ ਕਿਵੇਂ ਭੇਂਟ ਹੋਵੇਗੀ?"

ਸੇਠ ਨੇ ਨੂੰਹ ਦੀ ਗੱਲ ਸੁਣੀ ਅਤੇ ਇਸ ਪ੍ਰਕਾਰ ਗੱਲ ਕਰਨ ਤੋਂ ਰੋਕਿਆ। ਇਸ ਦੇ ਉੱਤਰ ਵਿੱਚ ਨੂੰਹ ਨੇ ਆਖਿਆ, "ਪਿਤਾ ਜੀ! ਗਿਆਨੀਆਂ ਨੇ ਠੀਕ ਹੀ ਕਿਹਾ ਹੈ ਕਿ ਮਨੁੱਖ ਦੇ ਗੁਣ ਦੋਸ਼ ਦੇ ਲਈ ਹੁੰਦੇ ਹਨ। ਤੋਤਾ ਮੈਨਾ ਮਿਠੀ ਆਵਾਜ ਅਤੇ ਅਗਿਆਨ ਕਾਰਨ ਪਿੰਜਰੇ ਵਿੱਚ ਬੈਠੇ ਰਹਿੰਦੇ ਹਨ, ਮੇਰੀ ਵੀ ਇਹੋ ਹਾਲਤ ਹੈ। ਮੈਂ ਬਚਪਨ ਵਿੱਚ ਪਸ਼ੂ ਪੰਛੀਆਂ ਦੀ ਆਵਾਜ ਨੂੰ ਸਮਝਣ ਦਾ ਗਿਆਨ ਹਾਸਲ ਕੀਤਾ ਸੀ, ਜੋ ਮੇਰੇ ਦੁੱਖ ਦਾ ਕਾਰਨ ਬਣ ਗਿਆ ਹੈ"।

ਨੂੰਹ ਦੀ ਗੱਲ ਸੁਣ ਕੇ ਸੇਠ ਹੈਰਾਨ ਹੋਇਆ ਅਤੇ ਆਖਣ ਲੱਗਾ ਧੀਏ ਮੇਰੇ ਤੋਂ ਭੁੱਲ ਹੋਈ ਹੈ, ਮੇਰੀ ਗਲਤੀ ਮੁਆਫ ਕਰ। ਨੂੰਹ ਨੇ ਕਿਹਾ, "ਪਿਤਾ ਜੀ! ਜਿਸ ਰਾਤ ਆਪ ਨੂੰ ਮੇਰੇ ਤੇ ਸ਼ੱਕ ਹੋਇਆ ਸੀ। ਉਸ ਰਾਤ ਮੈਂ ਗਿਦੜ ਦੀ ਆਵਾਜ ਸੁਣ ਕੇ ਬਾਹਰ ਨਿਕਲੀ ਸੀ। ਗਿਦੜ ਆਖ ਰਿਹਾ ਸੀ ਕਿ ਨਦੀ ਵਿੱਚ ਇੱਕ ਮੁਰਦਾ ਤੈਰ ਰਿਹਾ ਹੈ। ਉਸ ਦੇ ਬਦਨ ਉਪਰ ਲੱਖਾਂ ਰੁਪਏ ਦੇ ਕੀਮਤੀ ਗਹਿਣੇ ਹਨ। ਮੈਂ ਲੋਭ ਕਾਰਨ ਨਦੀ ਦੇ ਕਿਨਾਰੇ ਗਈ ਅਤੇ ਉਹ ਗਹਿਣੇ ਉਤਾਰ ਕੇ ਨਦੀ ਦੇ ਕਿਨਾਰੇ ਹੀ ਛੱਡ ਦਿੱਤੇ ਅਤੇ ਵਾਪਸ ਆ ਕੇ ਘਰ ਸੌਂ ਗਈ। ਹੁਣ ਕਾਂ ਬੋਲ ਰਿਹਾ ਸੀ ਕਿ ਪੈਰ ਦੇ ਹੇਠਾ ਦਸ ਲੱਖ ਸੋਨੇ ਦੀਆਂ ਮੋਹਰਾਂ ਹਨ। ਪਰ ਤੁਹਾਡੀ ਨਾ ਪਸੰਦਗੀ ਦੇ ਕਾਰਨ ਮੈਂ ਉਸ ਨੂੰ ਜਵਾਬ ਦੇ ਦਿੱਤਾ ਕਿ ਤੇਰੀ ਗੱਲ ਤੇ ਚੱਲਣ ਨਾਲ ਮੇਰਾ ਘਰ ਵਿੱਚ ਰਹਿਣਾ ਮੁਸ਼ਕਿਲ ਹੋ ਜਾਵੇਗਾ"। ਸੇਠ ਨੇ ਇਮਤਿਹਾਨ ਵਜੋਂ ਜਦ ਪੈਰ ਦੇ ਹੇਠਾਂ ਜਦੋ ਭੂਮੀ ਨੂੰ ਖੋਦਿਆ ਤਾਂ ਉਸ ਦੇ ਵਿੱਚੋ ਚਾਰ ਸੋਨੇ ਦੇ ਕਲਸ ਪ੍ਰਾਪਤ ਹੋਏ। ਹੁਣ ਸੇਠ ਨੂੰ ਆਪਣੀ ਲਕਸ਼ਮੀ ਰੂਪੀ ਨੂੰਹ ਨੂੰ ਨਾ ਸਮਝਣ ਦਾ ਬਹੁਤ ਪਛਤਾਵਾ ਹੋਇਆ। ਨੂੰਹ ਨੇ ਆਪਣੀਆਂ ਪਹਿਲਾਂ ਆਖੀਆਂ ਗੱਲਾਂ ਦਾ ਅਰਥ ਸਮਝਾਇਆ। ਜਿਹਨਾਂ ਨੂੰ ਸੁਣ ਕੇ ਸੇਠ ਬਹੁਤ ਖੁਸ਼ ਹੋਇਆ ਅਤੇ ਨੂੰਹ ਨੂੰ ਅਪਣੇ ਘਰ ਦੀ ਮਾਲਕਣ ਬਣਾ ਦਿੱਤਾ।

ਉਧਰ ਮਹਾਰਾਜਾ ਅਰਿਦਮਨ ਨੇ ਅਜਿਤਸੈਨ ਦੀ ਬੁੱਧੀਮਾਨੀ ਤੋਂ ਪ੍ਰਭਾਵਤ ਹੋ ਕੇ ਉਸ ਨੂੰ ਅਪਣਾ ਮੁੱਖ ਮੰਤਰੀ ਬਣਾ ਲਿਆ। ਇਸ ਦੌਰਾਨ ਸੇਠ ਤੇ ਸੇਠਾਨੀ ਅਕਾਲ ਚਲਾਣਾ ਕਰ ਗਏ ਸਨ। ਅਜਿਤਸੈਨ, ਰਾਜ ਤੇ ਪਰਿਵਾਰ ਦੋਹਾਂ ਨੂੰ ਠੀਕ ਢੰਗ ਨਾਲ ਚਲਾਉਣ ਲੱਗਾ।

ਇਕ ਦਿਨ ਮਹਾਰਾਜਾ ਸਰਹਦੀ ਦੇਸ਼ਾਂ ਨੂੰ ਜਿੱਤਨ ਦੀ ਇੱਛਾ ਨਾਲ ਨਗਰ ਤੋਂ ਬਾਹਰ ਆਏ। ਉਹਨਾਂ ਅਜਿਤਸੈਨ ਨੂੰ ਵੀ ਨਾਲ ਚੱਲਣ ਲਈ ਕਿਹਾ। ਅਜਿਤਸੈਨ ਨੂੰ ਸ਼ੀਲਵਤੀ ਦੇ ਇਕਲੇ ਹੋਣ ਦਾ ਫਿਕਰ ਸਤਾ ਰਿਹਾ ਸੀ। ਸ਼ੀਲਵਤੀ ਨੇ ਇਹ ਜਾਣ ਕੇ ਅਪਣੇ ਪਤੀ ਨੂੰ ਕਿਹਾ, "ਆਪ ਮਹਾਰਾਜ ਦੇ ਹੁਕਮ ਦਾ ਪਾਲਣ ਕਰੋ ਮੇਰੀ ਫਿਕਰ ਨਾ ਕਰੋ, ਮੈਨੂੰ

ਕੋਈ ਦੇਵਤਾ, ਰਾਖਸ਼ਸ ਨਹੀਂ ਤੰਗ ਕਰ ਸਕਦਾ, ਸਧਾਰਨ ਮਨੁੱਖ ਦੀ ਹਿੰਮਤ ਕੀ ਹੈ ਜੋ ਮੇਰੇ ਵੱਲ ਝਾਕ ਸਕੇ, ਇਹ ਆਖ ਕੇ ਉਸ ਨੇ ਅਜਿਤਸੈਨ ਦੇ ਗਲ ਵਿੱਚ ਮਾਲਾ ਪਾ ਦਿੱਤੀ ਅਤੇ ਕਿਹਾ ਕਿ ਜਦ ਤੱਕ ਇਹ ਨਾ ਕਮਲਾਵੇ ਤਾਂ ਆਪ ਸਮਝਣਾ ਕੀ ਮੈਂ ਠੀਕ ਹਾਂ"।

ਸ਼ੀਲਵਤੀ ਦੀ ਗੱਲ ਸੁਣ ਕੇ ਅਜਿਤਸੈਨ ਖੁਸ਼ੀ ਖੁਸ਼ੀ ਰਾਜੇ ਦੇ ਨਾਲ ਚੱਲ ਪਿਆ ਰਾਹ ਵਿੱਚ ਸੁੱਕਾ ਮੈਦਾਨ ਆਇਆ ਅਜਿਤਸੈਨ ਦੇ ਗੱਲੇ ਵਿੱਚ ਪਾਈ ਮਾਲਾ ਨੂੰ ਵੇਖ ਕੇ ਰਾਜੇ ਨੇ ਆਖਿਆ, "ਕਿ ਕਾਰਨ ਹੈ ਤੇਰੇ ਗਲੇ ਦੀ ਮਾਲਾ ਹਮੇਸ਼ਾ ਤਾਜਾ ਰਹਿੰਦੀ ਹੈ?" ਅਜਿਤਸੈਨ ਨੇ ਸ਼ੀਲਵਤੀ ਦੇ ਸ਼ੀਲ ਦਾ ਪ੍ਰਭਾਵ ਦੱਸਿਆ, ਜਿਸ 'ਤੇ ਕਿਸੇ ਨੂੰ ਯਕੀਨ ਨਾ ਆਇਆ।

ਇਕ ਅਧਿਕਾਰੀ ਨੇ ਇਹ ਪ੍ਰਤਿਗਿਆ ਲਈ ਕਿ ਇਹ ਸ਼ੀਲ਼ਵਤੀ ਦੇ ਸ਼ੀਲ ਨੂੰ ਜ਼ਰੂਰ ਭੰਗ ਕਰੇਗਾ। ਰਾਜੇ ਨੇ ਵੀ ਉਸ ਨੂੰ ਧਨ ਦੇ ਕੇ ਵਿਦਾ ਕੀਤਾ। ਉਸ ਠੱਗ (ਅਸ਼ੋਕ) ਨੇ ਅਵਧੂਤ (ਸਨਿਆਸੀ) ਦਾ ਭੇਸ ਬਣਾਇਆ ਸੁੰਦਰ ਗੀਤ ਗਾ ਕੇ ਅਤੇ ਭੱਦੇ ਇਸ਼ਾਰੇ ਨਾਲ ਸ਼ੀਲਵਤੀ ਪ੍ਰਤੀ ਕਾਮ ਭਾਵਨਾ ਦਰਸਾਉਣ ਲੱਗਾ। ਸਤੀ ਨੇ ਉਸ ਦੇ ਮਨ ਦੇ ਭਾਵ ਨੂੰ ਸਮਝ ਲਿਆ। ਉਸ ਨੇ ਚਲਾਕੀ ਨਾਲ ਥੋੜੀ ਜਿਹੀ ਨਜਰ ਉਸ ਸਨਿਆਸੀ ਵੱਲ ਕੀਤੀ ਤਾਂ ਸਨਿਆਸੀ ਨੂੰ ਜਾਪਿਆ ਕਿ ਛੇਤੀ ਹੀ ਮੇਰਾ ਮਨੋਰਥ ਸਿੱਧ ਹੋਣ ਵਾਲਾ ਹੈ। ਉਸ ਨੇ ਸ਼ੀਲਵਤੀ ਕੋਲ ਇਕ ਦੂਤੀ ਨੂੰ ਭੇਜਿਆ। ਉਹ ਸ਼ੀਲਵਤੀ ਨੂੰ ਆ ਕੇ ਆਖਣ ਲੱਗੀ, "ਭੈਣ! ਤੇਰਾ ਪਤੀ ਤਾਂ ਰਾਜੇ ਦੇ ਨਾਲ ਗਿਆ ਹੈ ਕੀ ਪਤਾ ਕਦੋਂ ਆਵੇ। ਤੂੰ ਕਦੋ ਤੱਕ ਉਸ ਦੇ ਭਰੋਸੇ ਬੈਠੀ ਰਹੇਗੀ"। ਦੂਤੀ ਦੀ ਗੱਲ ਸੁਣ ਕੇ ਸ਼ੀਲਵਤੀ ਨੇ ਕਿਹਾ, "ਚੰਗੇ ਕੁਲ ਦੀਆਂ ਇਸਤਰੀਆਂ ਪਰਾਏ ਪੁਰਸ ਦਾ ਧਿਆਨ ਕਰਨਾ ਪਾਪ ਸਮਝਦੀਆਂ ਹਨ ਸੋ ਤੇਰੀ ਗੱਲ ਬੇਕਾਰ ਹੈ"।

ਹਾਰ ਕੇ ਦੂਤੀ ਵਾਪਸ ਆ ਗਈ, ਪਰ ਦੂਤੀ ਨੇ ਮਿਲਣ ਤੇ ਸਮਝਾਉਣ ਦਾ ਸਿਲਸਿਲਾ ਜਾਰੀ ਰੱਖਿਆ। ਇੱਕ ਦਿਨ ਸ਼ੀਲਵਤੀ ਨੇ ਦੂਤੀ ਨੂੰ ਕਿਹਾ, "ਤੂੰ ਅਪਣੇ ਪਿਆਰੇ ਤੋਂ ਇੱਕ ਲੱਖ ਸੋਨੇ ਦੀ ਮੋਹਰ ਲੈ ਕੇ ਪੰਜਵੇਂ ਦਿਨ ਮੇਰੇ ਪਾਸ ਭੇਜ ਦੇਣਾ"। ਦੂਤੀ ਨੇ ਆ ਕੇ ਅਸੋਕ ਅਵਧੂਤ ਨੂੰ ਸਾਰੀ ਗੱਲ ਦੱਸੀ, ਜਿਸ ਤੇ ਉਹ ਬਹੁਤ ਖੁਸ਼ ਹੋਇਆ। ਉਸ ਨੇ ਅੱਧੀਆਂ ਮੋਹਰਾਂ ਪਹਿਲਾਂ ਪਹੁੰਚਾ ਦਿਤੀਆਂ। ਇਧਰ ਸ਼ੀਲਵਤੀ ਨੇ ਘਰ ਵਿੱਚ ਟੋਆ ਪੁਟ ਕੇ ਉਸ ਉੱਪਰ ਸੂਤ ਦੇ ਧਾਗੇ ਦਾ ਪਲੰਗ ਬਣਾ ਦਿਤਾ ਤੇ ਉਸ ਨੂੰ ਚੱਦਰ ਨਾਲ ਢੱਕ ਦਿਤਾ। ਪੰਜਵੇਂ ਦਿਨ ਜਦ ਅਸ਼ੋਕ ਅਵਧੂਤ ਸੋਨੇ ਦੀਆਂ ਮੋਹਰਾਂ ਲੈ ਕੇ ਉਸ ਦੇ ਘਰ ਆਇਆ ਤਾਂ ਸ਼ੀਲਵਤੀ ਨੇ ਉਸ ਨੂੰ ਪਲੰਗ ਤੇ ਬੈਠਣ ਨੂੰ ਕਿਹਾ। ਉਹ ਆਪ ਸਵਾਗਤ ਦਾ ਸਾਮਾਨ ਲੈਣ ਚਲੀ ਗਈ ਤੱਦ ਤੱਕ ਪਲੰਗ ਅਸ਼ੋਕ ਦੇ ਬੈਠਣ ਕਾਰਨ ਟੁੱਟ ਗਿਆ, ਉਹ ਡੂੰਗੀ ਖੱਡ ਵਿੱਚ ਡਿੱਗ ਪਿਆ। ਹੁਣ ਸ਼ੀਲਵਤੀ ਡੋਲ ਰਾਹੀਂ ਖੁੱਡ ਵਿੱਚ ਉਸ ਨੂੰ ਭੋਜਨ ਪਹੁੰਚਾਉਂਦੀ ਸੀ। ਅਵਧੂਤ ਲਈ ਇਹ ਸਭ ਕੁੱਝ ਸਹਿਣਾ ਦੁੱਖ ਦਾ ਕਾਰਨ ਬਣ ਗਿਆ। ਇਕ ਮਹੀਨਾ ਬੀਤ ਗਿਆ ਰਾਜੇ ਨੇ ਸੋਚਿਆ ਕਿ ਅਸ਼ੋਕ ਦੀ ਖਬਰ ਲੈਣੀ ਚਾਹੀਦੀ ਹੈ। ਰਾਜੇ ਨੇ ਉਸ ਦੇ ਦੂਸਰੇ ਮਿੱਤਰ ਰਤੀਕੇਲੀ ਨੂੰ ਭੇਜਿਆ। ਉਸ ਦੀ ਵੀ ਉਹੀ ਹਾਲਤ ਹੋਈ ਜੋ ਅਸ਼ੋਕ ਦੀ ਹੋਈ ਸੀ। ਜਦ ਦੂਸਰਾ ਮਿੱਤਰ ਵਾਪਸ ਨਾ ਆਇਆ ਤਾਂ ਰਾਜੇ ਨੇ ਉਸ ਦਾ ਤੀਸਰਾ ਮਿੱਤਰ ਕਾਮਆਂਕਰ ਭੇਜਿਆ ਤਾਂ ਉਹ ਵੀ ਪਹਿਲੇ ਦੋ ਮਿਤਰਾਂ ਦੀ ਤਰ੍ਹਾਂ ਦੁੱਖ ਦੇ ਜਾਲ ਵਿੱਚ ਫਸ ਗਿਆ। ਆਖਰ ਵਿੱਚ ਰਾਜੇ ਨੇ ਲਲਿਤਾਂਗ ਕੁਮਾਰ ਨੂੰ ਭੇਜਿਆ, ਉਹ ਵੀ ਪਹਿਲੇ ਤਿੰਨ ਦੀ ਤਰ੍ਹਾਂ ਉਸ ਟੋਏ ਵਿੱਚ ਅਪਣੇ ਮਿਤਰਾਂ ਦੇ ਨਾਲ ਜਾ ਮਿਲਿਆ।

ਇੱਕ ਦਿਨ ਚਾਰਾਂ ਨੇ ਮਿਲਕੇ ਸ਼ੀਲਵਤੀ ਨੂੰ ਬੇਨਤੀ ਕੀਤੀ, "ਹੇ ਦੇਵੀ! ਅਸੀਂ ਆਪਣੀ ਮੂਰਖਤਾ ਦਾ ਫਲ ਪਾ ਲਿਆ ਹੈ। ਹੁਣ ਤੂੰ ਸਾਨੂੰ ਅੰਨੇ ਖੂਹ ਵਿੱਚੋ ਬਾਹਰ ਕੱਢ"। ਇਹ ਗੱਲ ਸੁਣ ਕੇ ਸ਼ੀਲਵਤੀ ਬੋਲੀ, "ਜੇ ਤੁਸੀਂ ਮੇਰੀ ਗੱਲ ਮੰਨੋ ਤਾਂ ਮੈਂ ਤੁਹਾਨੂੰ ਬਾਹਰ ਕੱਢ

ਸਕਦੀ ਹਾਂ"। ਸਤੀ ਜਿਸ ਸਮੇਂ ਗੱਲ ਕਰ ਰਹੀ ਸੀ ਉਸੇ ਸਮੇਂ ਅਜਿਤਸੈਨ ਵੀ ਉੱਥੇ ਆ ਗਿਆ। ਸਤੀ ਨੇ ਸਾਰੀਆਂ ਗੱਲਾਂ ਅਪਣੇ ਪਤੀ ਨੂੰ ਦੱਸੀਆਂ ਅਤੇ ਰਾਜੇ ਨੂੰ ਨਿਮੰਤਰਨ ਦੇਣ ਦਾ ਵਿਚਾਰ ਵੀ ਬਣਾਇਆ। ਅਜਿਤਸੈਨ ਦਾ ਨਿਮੰਤਰਨ ਪਾ ਕੇ ਰਾਜਾ ਪਰਿਵਾਰ ਅਤੇ ਮੰਤਰੀਆਂ ਸਮੇਤ ਅਜਿਤਸੈਨ ਦੇ ਘਰ ਆਇਆ। ਸ਼ੀਲਵਤੀ ਨੇ ਚਾਰਾਂ ਨੂੰ ਖੂਹ ਵਿੱਚੋਂ ਕੱਢ ਕੇ ਇਕ ਆਸਨ ਤੇ ਬਿਠਾਇਆ ਭੋਜਨ ਦੀ ਸਮਗਰੀ ਪਹਿਲਾਂ ਤੋਂ ਤਿਆਰ ਕਰਕੇ ਇੱਕ ਪਾਸੇ ਸੁਰੱਖਿਅਤ ਰੱਖੀ ਹੋਈ ਸੀ। ਰਾਜੇ ਦਾ ਸਤਿਕਾਰ ਕਰਨ ਤੋਂ ਬਾਅਦ ਰਾਜੇ ਨੇ ਅਜਿਤਸੈਨ ਮੰਤਰੀ ਨੂੰ ਆਖਿਆ, "ਤੇਰੇ ਇੱਥੇ ਭੋਜਨ ਤਿਆਰ ਵਿਖਾਈ ਨਹੀਂ ਦਿੰਦਾ ਫਿਰ ਸਾਨੂੰ ਕੀ ਖੁਆਉਗੇ"। ਮੰਤਰੀ ਅਜਿਤਸੈਨ ਨੇ ਆਖਿਆ, "ਰਾਜਨ! ਮੇਰੀ ਪਤਨੀ ਦੇ ਚਾਰ ਯਕਸ਼ ਅਧੀਨ ਹਨ। ਉਹ ਹਰ ਸਮੇਂ ਜ਼ਰੂਰਤ ਦੀ ਵਸਤੂ ਪੇਸ਼ ਕਰ ਦਿੰਦੇ ਹਨ। ਅਜਿਹਾ ਆਖ ਕੇ ਮੰਤਰੀ ਨੇ ਦੇਖਦੇ ਹੀ ਦੇਖਦੇ ਮਨ ਨੂੰ ਚੰਗੇ ਲੱਗਣ ਵਾਲੇ ਭੋਜਨ ਪਰੋਸ ਕੇ ਰਾਜ ਪਰਿਵਾਰ ਦਾ ਸੰਨਮਾਨ ਕੀਤਾ।

ਭੋਜਨ ਅਤੇ ਮਹਿਮਾਨ ਨਵਾਜ਼ੀ ਤੋਂ ਖੁਸ਼ ਹੋ ਕੇ ਰਾਜਾ ਆਖਣ ਲੱਗਾ, "ਅਜਿਹੇ ਯਕਸ਼ ਤਾਂ ਤੇਰੇ ਕੋਲ ਹੋਣੇ ਚਾਹੀਦੇ ਹਨ, ਜਿਸ ਨਾਲ ਫੌਜ ਦੀ ਭੋਜਨ ਪਾਣੀ ਦੀ ਜ਼ਰੂਰਤ ਪੂਰੀ ਹੋ ਸਕੇ"। ਸ਼ੀਲਵਤੀ ਨੇ ਰਾਜੇ ਦੀ ਮੰਗ ਪੂਰੀ ਕਰਨ ਲਈ ਉਹਨਾਂ ਚਾਰਾਂ ਕਪਟੀ ਮਿੱਤਰਾਂ ਨੂੰ ਇਕ ਪੇਟੀ ਵਿੱਚ ਬਿਠਾ ਦਿੱਤਾ ਅਤੇ ਆਖਿਆ, "ਦੁਪਿਹਰ ਨੂੰ ਜਦ ਰਾਜਾ ਭੋਜਨ ਮੰਗੇ ਤੱਦ ਤੱਕ ਤੁਸੀ ਕੁੱਝ ਬਿਨ੍ਹਾ ਬੋਲੇ ਰਹਿਨਾ ਜੇ ਬੋਲੋਗੇ ਤਾਂ ਤੁਹਾਡੀ ਜਾਨ ਨੂੰ ਖਤਰਾ ਹੈ"। ਚਾਰਾਂ ਨੇ ਬੇਵਸ਼ ਹੋ ਕੇ ਸ਼ੀਲਵਤੀ ਦੀ ਗਲ ਨੂੰ ਸਵੀਕਾਰ ਕੀਤਾ। ਰਾਜਾ ਪੇਟੀ ਲੈ ਕੇ ਜਾਣ ਲੱਗਾ ਰਾਹ ਵਿੱਚ ਪੜਾਉ ਤੇ ਪੇਟੀ ਖ੍ਹੋਲ ਕੇ ਯਕਸ਼ ਤੋਂ ਭੋਜਨ ਮੰਗਣ ਲੱਗਾ ਤਾਂ ਉਹ ਚਾਰੇ ਕਪਟੀ ਆਖਣ ਲੱਗੇ ਮਹਾਰਾਜ! ਅਸੀਂ ਤਾਂ ਖੁੱਦ ਹੀ ਭੁੱਖ ਕਾਰਨ ਤੜਪ ਰਹੇ ਹਾਂ, ਆਪ ਨੂੰ ਕੀ ਦੇ ਸਕਦੇ ਹਾਂ" ਰਾਜਾ ਨੇ ਚਾਰਾਂ ਦੀ ਆਵਾਜ ਪਹਿਚਾਨ ਲਈ। ਉਹ ਸ਼ੀਲਵਤੀ ਦੀ

ਧਰਮ ਦਰਿੜਤਾ ਤੇ ਇਨ੍ਹਾਂ ਖੁਸ ਹੋਇਆ। ਉਸ ਨੂੰ ਅਪਣੀ ਭੈਣ ਬਣਾ ਕੇ ਉਸ ਦਾ ਸਵਾਗਤ ਕੀਤਾ। ਸ਼ੀਲ ਦਾ ਇਹ ਸਪਸ਼ਟ ਸੁੰਦਰ ਉਦਾਹਰਨ ਹੈ।

ਸ਼ੀਲ ਦੇਵਤਿਆਂ ਰਾਹੀਂ ਬੰਦਨਾ ਕਰਨ ਯੋਗ ਹੈ। ਸ਼ੀਲ ਦਾ ਵਰਨਣ ਇੰਦਰ ਵੀ ਨਹੀਂ ਕਰ ਸਕਦੇ ਆਮ ਲੋਕ ਤਾਂ ਕੀ ਕਰ ਸਕਦੇ ਹਨ। ਰਾਜਾ ਨੇ ਸ਼ੀਲਵਤੀ ਦੇ ਸ਼ੀਲ ਦੀ ਪ੍ਰੀਖਿਆ ਲਈ ਚਾਰ ਕਾਮੀ ਮਨੁੱਖਾਂ ਨੂੰ ਨਿਯੁਕਤ ਕੀਤਾ, ਤਾਂ ਭਿੰਨ ਭਿੰਨ ਲੋਭ ਵੀ ਉਹਨਾਂ ਨੂੰ ਸ਼ੀਲ ਤੋਂ ਨਾ ਗਿਰਾ ਸਕੇ। ਉਹ ਚਾਰੇ ਆਪਣੀ ਹਰ ਕੋਸ਼ਿਸ ਵਿੱਚ ਅਸਫਲ ਰਹੇ। ਸ਼ੀਲਵਤੀ ਨੇ ਪੂਰਣ ਸਾਵਧਾਨੀ ਨਾਲ ਆਪਣੇ ਸ਼ੀਲ ਨੂੰ ਸੁਰੱਖਿਅਤ ਰੱਖਿਆ। ਲੰਬਾ ਸਮਾਂ ਸ਼ੀਲਵਤੀ ਨੇ ਸ਼ੀਲ ਧਰਮ ਦਾ ਪਾਲਣ ਕਰਕੇ ਜੈਨ ਧਰਮ ਦੀ ਸੇਵਾ ਕੀਤੀ ਅੰਤ ਸਮੇਂ ਸਮਾਧੀ ਮਰਨ ਰਾਹੀਂ ਉਮਰ ਪੂਰੀ ਕਰਕੇ। ਪਹਿਲਾਂ ਸਵਰਗ ਦੀ ਅਧਿਕਾਰੀ ਹੋਈ ਫਿਰ ਜਨਮ ਜਨਮਾਂਤਰ ਵਿੱਚ ਕਰਮਾਂ ਦਾ ਖਾਤਮਾ ਕਰਕੇ ਮੋਕਸ਼ ਨੂੰ ਪ੍ਰਾਪਤ ਹੋਈ। ਸ਼ੀਲ ਦਾ ਪ੍ਰਭਾਵ ਲੋਕ ਅਤੇ ਲੋਕਾਂਤਰ ਦੋਹਾਂ ਵਿੱਚ ਹਿਤਕਾਰੀ ਹੁੰਦਾ ਹੈ।

15

# ਉਪਾਸ਼ਕਾ ਸੁਲਸਾ

ਭਗਵਾਨ ਮਹਾਵੀਰ ਦੇ ਉਪਾਸ਼ਕਾਵਾਂ ਵਿੱਚੋਂ ਸੁਲਸਾ ਦਾ ਨਾਂ ਬੜੇ ਮਾਨ ਨਾਲ ਲਿਆ ਜਾਂਦਾ ਹੈ। ਜਿਸ ਦਾ ਕਾਰਨ ਉਸ ਦੀ ਜੈਨ ਧਰਮ ਪ੍ਰਤੀ ਸੱਚੀ ਸ਼ਰਧਾ ਅਤੇ ਭਗਵਾਨ ਮਹਾਂਵੀਰ ਪ੍ਰਤੀ ਸਮਰਪਨ ਸੀ।

ਪ੍ਰਾਚੀਨ ਸਮੇਂ ਵਿੱਚ ਰਾਜਗ੍ਰਹਿ ਨਗਰੀ ਮੱਗਧ ਦੇਸ਼ ਦੀ ਰਾਜਧਾਨੀ ਸੀ। ਜਿੱਥੇ ਦਾ ਰਾਜਾ ਸ਼੍ਰੇਣਿਕ ਬਿੰਬਸਾਰ ਸੀ। ਉਸ ਦਾ ਪੁੱਤਰ ਅਭੈ ਕੁਮਾਰ ਉਸ ਦਾ ਮੰਤਰੀ ਵੀ ਸੀ। ਅਭੈ ਕੁਮਾਰ ਦੀ ਮਾਂ ਨੰਦਾ ਬਾਣੀਆਂ ਦੀ ਲੜਕੀ ਸੀ। ਅਭੈ ਕੁਮਾਰ ਜੈਨ ਇਤਿਹਾਸ ਵਿੱਚ ਇੱਕ ਬੁੱਧੀਮਾਨ ਮੰਤਰੀ ਵਜੋਂ ਜਾਣਿਆ ਜਾਂਦਾ ਹੈ। ਜੋ ਰਾਜਾ ਸ਼੍ਰੇਣਿਕ ਦੀਆਂ ਅਨੇਕਾਂ ਰਾਜਨਿਤਿਕ, ਘਰੇਲੂ ਅਤੇ ਧਾਰਮਕ ਸਮੱਸਿਆਵਾਂ ਦਾ ਹੱਲ ਕਰਦਾ ਸੀ।

ਇਸੇ ਨਗਰ ਵਿੱਚ ਨਾਗ ਨਾਂ ਦਾ ਰੱਥਵਾਨ ਰਹਿੰਦਾ ਸੀ। ਜੋ ਕਿ ਰਾਜਾ ਸ਼੍ਰੇਣਿਕ ਦਾ ਰੱਥਵਾਨ ਸੀ। ਉਸ ਦੀ ਪਤਨੀ ਦਾ ਨਾਂ ਸੁਲਸਾ ਸੀ। ਸੁਲਸਾ ਭਗਵਾਨ ਮਹਾਵੀਰ ਪ੍ਰਤਿ ਪੂਰਨ ਸ਼ਰਧਾਵਾਨ ਸੀ। ਉਸ ਨੇ ਸ਼੍ਰਾਵਿਕਾ ਦੇ 12 ਵਰਤ ਵੀ ਧਾਰਨ ਕੀਤੇ ਸਨ। ਨਾਗ ਨੇ ਆਪਣੇ ਗੁਰੂ ਅੱਗੇ ਦੂਸਰਾ ਵਿਆਹ ਨਾ ਕਰਨ ਦਾ ਨਿਯਮ ਲਿਆ। ਸੁਲਸਾ ਨੇ ਮਿਥਿਆਤੱਵ ਦਾ ਤਿਆਗ ਕਰ ਦਿੱਤਾ। ਕੋਈ ਵੀ ਚਮਤਕਾਰ ਉਸ ਨੂੰ ਆਪਣੇ ਧਰਮ ਤੋਂ ਗਿਰਾ ਨਹੀਂ ਸਕਿਆ। ਕਿਸੇ ਸਮੇਂ ਰੱਥਵਾਨ ਨੇ ਵੇਹੜੇ ਵਿੱਚ ਖੇਲਦੇ ਇੱਕ ਸੁੰਦਰ ਬਾਲਕ ਨੂੰ ਵੇਖਿਆ। ਰੱਥਵਾਨ ਦੇ ਕੋਈ ਪੁੱਤਰ ਨਹੀਂ ਸੀ, ਉਸ ਦਾ ਘਰ ਸੁੰਨਾ ਜਾਪਦਾ ਸੀ। ਪੁੱਤਰ ਪ੍ਰਾਪਤੀ ਲਈ ਰੱਥਵਾਨ ਮਿੱਥਿਆਤੱਵੀ ਦੇਵੀ ਦੇਵਤੀਆਂ ਦੀ ਅਰਾਧਨਾ ਕਰਦਾ ਸੀ। ਸੁਲਸਾ ਨੇ ਆਪਣੇ ਪਤੀ ਨੂੰ ਸਮਝਾਇਆ ਕਿ ਸਵਾਮੀ ਪੁੱਤਰ ਆਦਿ ਦੀ ਪ੍ਰਾਪਤੀ ਤਾਂ ਕਰਮ ਅਨੁਸਾਰ ਹੁੰਦੀ ਹੈ, ਇਸ ਵਿੱਚ ਕੋਈ ਕੀ ਕਰ ਸਕਦਾ ਹੈ। ਜਾਪਦਾ ਹੈ ਕਿ ਮੇਰੇ ਭਾਗ ਵਿੱਚ ਔਲਾਦ ਨਹੀਂ ਹੈ,

ਆਪ ਦੂਸਰਾ ਵਿਆਹ ਕਰ ਲਓ। ਨਾਗ ਨੇ ਕਿਹਾ ਮੈਨੂੰ ਤੇਰੇ ਪਾਸੋਂ ਹੀ ਔਲਾਦ ਚਾਹੀਦੀ ਹੈ, ਮੈਂ ਹੋਰ ਵਿਆਹ ਨਹੀਂ ਕਰਵਾਉਣਾ। ਸੁਲਸਾ ਨੇ ਆਖਿਆ, "ਸੰਤਾਨ ਆਦਿ ਦੀ ਘਾਟ ਅੰਤਰਾਏ ਕਰਮ ਦੇ ਪ੍ਰਗਟ ਹੋਣ ਤੇ ਹੁੰਦੀ ਹੈ, ਉਸ ਕਰਮ ਨੂੰ ਖਤਮ ਕਰਨ ਲਈ ਧਰਮ ਕਰਮ ਕਰਨਾ ਚਾਹੀਦਾ ਹੈ। ਕਿਉਂਕਿ ਸੰਸਾਰ ਵਿੱਚ ਧਰਮ ਹੀ ਕਲੱਪ ਦਰਖਤ, ਕਾਮਧੇਨੂੰ ਗਾਂ ਅਤੇ ਚਿੰਤਾਮਨੀ ਦੇ ਸਮਾਨ ਹੈ। ਸੰਸਾਰ ਦੀ ਹਰ ਵਸਤੂ ਧਰਮ ਰਾਹੀਂ ਪ੍ਰਾਪਤ ਕੀਤੀ ਜਾ ਸਕਦੀ ਹੈ। ਅਨਜਾਨ ਪ੍ਰਾਣੀ ਇਧਰ ਉਧਰ ਭਟਕਦੇ ਫਿਰਦੇ ਹਨ। ਵਸਤੂ ਦੇ ਨਾ ਮਿਲਣ ਤੇ ਨਿਰਾਸ਼ ਨਹੀਂ ਹੋਣਾ ਚਾਹੀਦਾ। ਉਸ ਦੀ ਪ੍ਰਾਪਤੀ ਲਈ ਸ਼ੁਭ ਕਰਮ ਕਰਨਾ ਚਾਹੀਦਾ ਹੈ"। ਸੁਲਸਾ ਦੀਆਂ ਇਹ ਗੱਲਾਂ ਸੁਣ ਕੇ ਨਾਗ ਸਾਰਥੀ ਦਾ ਮੱਨ ਧਰਮ ਵੱਲ ਮੁੱੜ ਗਿਆ ਉਹ ਸ਼ੁਭ ਧਰਮ ਕਰਨ ਲੱਗਾ।

ਇੱਕ ਵਾਰ ਸਵਰਗ ਵਿੱਚ ਇੰਦਰ ਨੇ ਸੁਲਸਾ ਦੇ ਧਰਮ ਵਿੱਚ ਦ੍ਰਿੜਤਾ ਦੀ ਪ੍ਰਸੰਸਾ ਕਰਦੇ ਹੋਏ ਆਖਿਆ ਕਿ ਸੰਸਾਰ ਵਿੱਚ ਕੋਈ ਵੀ ਮਨੁੱਖ ਜਾਂ ਦੇਵਤਾ ਉਸ ਨੂੰ ਅਪਣੇ ਧਰਮ ਪ੍ਰਤੀ ਵਿਸ਼ਵਾਸ ਤੋਂ ਨਹੀਂ ਗਿਰਾ ਸਕਦਾ। ਇਹ ਸੁਣ ਕੇ ਹਰਿਨਗਮੇਸ਼ੀ ਦੇਵਤਾ ਸੁਲਸਾ ਦੀ ਪ੍ਰੀਖਿਆ ਲੈਣ ਲਈ ਮ੍ਰਿਤ ਲੋਕ ਵਿੱਚ ਆਇਆ। ਉਸ ਨੇ ਦੋ ਸਾਧੂਆਂ ਦਾ ਰੂਪ ਬਣਾਇਆ ਅਤੇ ਸੁਲਸਾ ਦੇ ਘਰ ਵੱਲ ਚੱਲ ਪਿਆ। ਸਾਧੂਆਂ ਨੂੰ ਵੇਖ ਕੇ ਸੁਲਸਾ ਬਹੁਤ ਖੁਸ਼ ਹੋਈ ਅਤੇ ਅਪਣੇ ਭਾਗ ਦੀ ਪ੍ਰਸ਼ੰਸਾ ਕਰਨ ਲੱਗੀ ਅਤੇ ਫਿਰ ਹੱਥ ਜੋੜ ਕੇ ਆਖਿਆ, "ਮਹਾਰਾਜ! ਤੁਸੀਂ ਧਨ ਹੋ ਜੋ ਮੇਰਾ ਘਰ ਪਵਿੱਤਰ ਕੀਤਾ ਹੈ"। ਇਹ ਗੱਲ ਸੁਣ ਕੇ ਉਹ ਸਾਧੂ ਬੋਲੇ, ਤੇਰੇ ਘਰ ਵਿੱਚ ਲਕਸ਼ਪਾਕ ਤੇਲ (ਲੱਖ ਜੜੀ ਬੁਟੀਆਂ ਨਾਲ ਤਿਆਰ ਹੋਈਆ ਤੇਲ) ਹੈ। ਲੰਬਾ ਸਫਰ ਕਰਦੇ ਹੋਏ ਥਕਾਵਟ ਕਾਰਨ ਸਾਨੂੰ ਇਸ ਤੇਲ ਦੀ ਜ਼ਰੂਰਤ ਹੈ। ਮੁਨੀਆਂ ਦੀ ਗੱਲ ਸੁਣ ਕੇ ਸੁਲਸਾ ਖੁਸ਼ ਹੋਈ ਅਤੇ ਤੇਲ ਲੈਣ ਲਈ ਘਰ ਦੇ ਅੰਦਰ ਗਈ। ਜਿਉਂ ਹੀ ਉਹ ਤੇਲ ਦੇ ਬਰਤਨ ਨੂੰ ਹੱਥ ਲਾਉਣ ਲੱਗੀ ਬਰਤਨ ਹੱਥ ਤੋਂ ਫਿਸਲ ਕੇ ਹੇਠਾਂ ਗਿਰ ਗਿਆ। ਦੇਵ

ਮਾਇਆ ਕਾਰਨ ਇਸੇ ਪ੍ਰਕਾਰ ਦੂਸਰਾ ਅਤੇ ਤੀਸਰਾ ਬਰਤਨ ਵੀ ਗਿਰ ਕੇ ਟੁੱਟ ਗਏ। ਏਨਾਂ ਨੁਕਸਾਨ ਝੱਲ ਕੇ ਵੀ ਸੁਲਸਾ ਦੇ ਮਨ ਨੂੰ ਕੋਈ ਤਕਲੀਫ ਨਾ ਹੋਈ। ਉਸ ਨੇ ਬਾਹਰ ਖੜ੍ਹੇ ਮੁਨੀਆਂ ਤੋਂ ਤੇਲ ਢੁਲਣ ਦਾ ਕਾਰਨ ਦੱਸਿਆ ਅਤੇ ਖਿਮਾ ਮੰਗੀ।

ਇਹ ਵੇਖ ਕੇ ਸਾਧੂ ਭੇਸ਼ ਧਾਰੀ ਦੇਵਤਾ ਖੁਸ਼ ਹੋ ਗਿਆ ਅਤੇ ਅਸਲੀ ਰੂਪ ਵਿੱਚ ਆ ਕੇ ਆਖਣ ਲੱਗਾ, "ਸੁਲਸਾ! ਮੈਂ ਤਾਂ ਤੇਰੀ ਪ੍ਰੀਖਿਆ ਲੈਣ ਲਈ ਆਇਆ ਸੀ। ਕਿਉਂਕਿ ਤੇਰੀ ਧਰਮ ਪ੍ਰਤੀ ਸ਼ਰਧਾ ਦੀ ਤਾਰੀਫ ਇੰਦਰ ਨੇ ਵੀ ਕੀਤੀ ਸੀ। ਮੈਨੂੰ ਇੰਦਰ ਦੀ ਗੱਲ ਠੀਕ ਨਾ ਜਾਪੀ, ਪਰ ਤੂੰ ਤਾਂ ਇੰਦਰ ਦੇ ਆਖੇ ਅਨੁਸਾਰ ਧਰਮ ਪ੍ਰਤੀ ਪੂਰਨ ਦ੍ਰਿੜ ਹੈਂ, ਮੈਂ ਤੇਰੇ ਤੇ ਖੁਸ਼ ਹਾਂ। ਤੈਨੂੰ ਪਤਾ ਹੈ ਕਿ ਦੇਵਤਾ ਦਾ ਦਰਸ਼ਨ ਕਦੀ ਖਾਲੀ ਨਹੀਂ ਜਾਂਦਾ। ਹੁਣ ਤੂੰ ਜੋ ਕੁੱਝ ਮੰਗਣਾ ਹੈ ਮੰਗ ਲੈ"। ਇਹ ਸੁਣ ਕੇ ਸੁਲਸਾ ਨੇ ਆਖਿਆ, "ਤੁਸੀਂ ਮੇਰੇ ਮੱਨ ਦੀ ਗੱਲ ਜਾਣਦੇ ਹੋ ਹੁਣ ਮੈਂ ਤੁਹਾਨੂੰ ਕੀ ਆਖਾਂ"। ਦੇਵਤੇ ਨੇ ਅਪਣੇ ਗਿਆਨ ਰਾਹੀਂ ਉਸ ਦੇ ਪੁੱਤਰ ਪ੍ਰਾਪਤੀ ਦੇ ਮਨੋਰਥ ਨੂੰ ਜਾਣ ਕੇ, ਉਸ ਨੂੰ 32 ਗੋਲੀਆਂ ਦਿੰਦੇ ਹੋਏ ਆਖਿਆ, "ਇੱਕ ਇੱਕ ਗੋਲੀ ਹਰ ਰੋਜ ਖਾਵੀਂ, ਇੱਕ ਗੋਲੀ ਖਾਣ ਨਾਲ ਤੂੰ ਇੱਕ ਪੁੱਤਰ ਦੀ ਮਾਂ ਬਣੇਗੀ। ਜ਼ਰੂਰਤ ਪੈਣ ਤੇ ਤੂੰ ਜਦੋਂ ਵੀ ਮੈਨੂੰ ਯਾਦ ਕਰੇਂਗੀ, ਮੈਂ ਹਾਜ਼ਰ ਹੋਵਾਂਗਾ, ਇਹ ਆਖ ਕੇ ਦੇਵਤਾ ਚਲਾ ਗਿਆ।

ਸੁਲਸਾ ਨੇ ਸੋਚਿਆ 32 ਪੁੱਤਰ ਪੈਦਾ ਹੋਣ ਨਾਲ ਮੇਰੇ ਧਰਮ ਕਰਮ ਵਿੱਚ ਰੁਕਾਵਟ ਪੈਦਾ ਹੋਵੇਗੀ। ਜੇ ਮੇਰੇ 32 ਲੱਛਣਾਂ ਵਾਲਾ ਇੱਕ ਹੀ ਪੁੱਤਰ ਪੈਦਾ ਹੋ ਜਾਵੇ ਤਾਂ ਚੰਗਾ ਹੈ। ਇਹ ਸੋਚ ਕੇ ਉਸ ਨੇ 32 ਗੋਲੀਆਂ ਇੱਕਠੀਆਂ ਹੀ ਖਾ ਲਈਆਂ। ਗੋਲੀਆਂ ਦੇ ਅਸਰ ਨਾਲ ਸੁਲਸਾ ਨੂੰ ਇਕੋ ਸਮੇਂ 32 ਗਰਭ ਠਹਿਰ ਗਏ ਅਤੇ ਪੇਟ ਵਿੱਚ ਭਿਅੰਕਰ ਪੀੜਾ ਹੋਣ ਲੱਗੀ। ਪੀੜ ਨੂੰ ਸ਼ਾਂਤ ਕਰਨ ਲਈ ਸੁਲਸਾ ਨੇ ਦੇਵਤੇ ਨੂੰ ਯਾਦ ਕੀਤਾ।

ਦੇਵਤੇ ਨੇ ਆਖਿਆ, "ਸੁਲਸਾ! ਤੂੰ ਇਹ ਚੰਗਾ ਨਹੀਂ ਕੀਤਾ ਹੁਣ ਤੇਰੇ 32 ਪੁੱਤਰ ਹੀ ਪੈਦਾ ਹੋਣਗੇ। ਜੇ ਇਹਨਾਂ ਵਿੱਚੋਂ ਇੱਕ ਵੀ ਮਰ ਜਾਵੇਗਾ ਤਾਂ ਸਾਰੇ ਹੀ ਮਰ ਜਾਣਗੇ"। ਇਹ ਸੁਣ ਕੇ ਸੁਲਸਾ ਨੇ ਆਖਿਆ, "ਹਰ ਪ੍ਰਾਣੀ ਨੂੰ ਆਪਣੇ ਕੀਤੇ ਕਰਮ ਦਾ ਫਲ ਭੋਗਣਾ ਪੈਂਦਾ ਹੈ। ਮੇਰੇ ਲਈ ਇਹੋ ਚੰਗਾ ਹੈ ਕਿ ਜੋ ਮੈਂ ਅਸ਼ੁਭ ਕਰਮ ਕਰਕੇ ਗਲਤੀ ਕੀਤੀ ਹੈ। ਜੇ ਤੁਸੀਂ ਮੇਰੀ ਪੀੜ ਨੂੰ ਕੁੱਝ ਘੱਟ ਕਰ ਸਕਦੇ ਹੋ ਤਾਂ ਘੱਟ ਕਰ ਦਿਉ" ਦੇਵਤੇ ਨੇ ਆਪਣੀ ਸ਼ਕਤੀ ਨਾਲ ਉਸ ਦੀ ਪੀੜਾ ਨੂੰ ਘੱਟ ਕਰ ਦਿੱਤਾ।

ਗਰਭ ਦਾ ਸਮਾਂ ਪੂਰਾ ਹੋਣ ਤੇ ਸੁਲਸਾ ਨੇ ਸ਼ੁਭ ਲੱਛਣਾਂ ਵਾਲੇ 32 ਪੁੱਤਰਾਂ ਨੂੰ ਜਨਮ ਦਿੱਤਾ। ਬੜੀ ਧੂਮ ਧਾਮ ਨਾਲ ਪੁੱਤਰਾਂ ਦਾ ਜਨਮ ਉਤਸਵ ਬਣਾਇਆ ਗਿਆ। ਸਭ ਦੇ 12ਵੇਂ ਦਿਨ ਅੱਡ ਅੱਡ ਨਾਂ ਰੱਖੇ ਗਏ। ਨਾਗ ਰਥਵਾਨ ਪੁੱਤਰਾਂ ਨੂੰ ਪਾ ਕੇ ਬਹੁਤ ਖੁਸ਼ ਹੋਇਆ। ਉਸ ਨੇ ਸਮਾਂ ਆਉਣ 'ਤੇ ਸ਼ਭ ਨੂੰ ਧਰਮ ਅਤੇ ਦੁਨੀਆਂ ਦੇ ਕਾਰ ਵਿਹਾਰ ਦੀ ਸਿੱਖਿਆ ਦਿੱਤੀ। ਸਾਰੇ ਆਪਣੇ ਆਪਣੇ ਵਿਸ਼ਿਆਂ ਦੇ ਮਾਹਰ ਬਣ ਗਏ। ਨੌਜਵਾਨੀ ਵਿੱਚ ਸਾਰਿਆਂ ਦੀਆਂ ਸ਼ਾਦੀਆਂ ਕਰ ਦਿਤੀਆਂ ਗਈਆਂ।

ਇੱਕ ਵਾਰ ਰਾਜਾ ਸ਼੍ਰੇਣਿਕ ਕੋਲ, ਇੱਕ ਸਨਿਆਸੀ ਵੇਸ਼ਾਲੀ ਦੇ ਰਾਜਾ ਚੇਟਕ ਦੀ ਪੁੱਤਰੀ ਸੁਜੇਸ਼ਠਾ ਦਾ ਚਿੱਤਰ ਲੈ ਕੇ ਆਇਆ। ਚਿੱਤਰ ਨੂੰ ਵੇਖਦੇ ਹੀ ਰਾਜਾ ਉਸ ਲੜਕੀ ਤੇ ਮੋਹਤ ਹੋ ਗਿਆ ਅਤੇ ਉਸ ਨੂੰ ਪਾਉਣ ਲਈ ਉਸ ਦਾ ਮਨ ਮਚਲਣ ਲੱਗਾ। ਮੰਤਰੀ ਅਭੈ ਕੁਮਾਰ ਨੇ ਅਪਣੇ ਪਿਤਾ ਦੀ ਇੱਛਾ ਪੂਰੀ ਕਰਨ ਲਈ ਇੱਕ ਗੁਪਤ ਯੋਜਨਾ ਬਣਾਈ। ਉਸ ਨੇ ਵਿਉਪਾਰੀ ਦਾ ਭੇਸ ਬਣਾ ਕੇ ਵੇਸ਼ਾਲੀ ਦੇ ਰਾਜ ਮਹਿਲ ਹੇਠਾਂ ਦੁਕਾਨ ਖੋਲ੍ਹ ਲਈ। ਦੁਕਾਨ ਵਿੱਚ ਉਸ ਨੇ ਰਾਜਾ ਸ਼੍ਰੇਣਿਕ ਦਾ ਇੱਕ ਚਿੱਤਰ ਲਗਾ ਲਿਆ। ਰਾਜਕੁਮਾਰੀ ਦੀ ਦਾਸੀ ਹਰ ਰੋਜ ਨਿੱਤ ਵਰਤੋਂ ਦਾ ਸਮਾਨ ਲੈਣ ਲਈ ਉਸ ਦੁਕਾਨ ਵਿੱਚ ਆਉਂਦੀ ਅਤੇ ਉਸ ਚਿੱਤਰ ਨੂੰ ਵੇਖਦੀ, ਇੱਕ ਵਾਰ ਦਾਸੀ ਨੇ ਉਸ ਚਿੱਤਰ ਬਾਰੇ ਪੁਛਿਆ ਤਾਂ ਅਭੈ ਕੁਮਾਰ ਨੇ ਬਿਨ੍ਹਾਂ ਕਿਸੇ

ਰੁਕਾਵਟ ਇਹ ਦਸ ਦਿੱਤਾ ਕਿ ਇਹ ਚਿੱਤਰ ਰਾਜਾ ਸ਼੍ਰੇਣਿਕ ਦਾ ਹੈ। ਦਾਸੀ ਨੇ ਚਿੱਤਰ ਦੀ ਪ੍ਰਸੰਸਾ ਆਪਣੀ ਮਾਲਕਣ ਸੁਜੇਸ਼ਠਾ ਕੋਲ ਕੀਤੀ। ਤਾਰੀਫ ਸੁਣਦਿਆਂ ਹੀ ਰਾਜਕੁਮਾਰੀ ਉਸ ਨਾਲ ਸ਼ਾਦੀ ਕਰਨ ਲਈ ਤਿਆਰ ਹੋ ਗਈ।

ਅਭੈ ਕੁਮਾਰ ਨੇ ਵੇਸ਼ਾਲੀ ਤੋਂ ਲੈ ਕੇ ਰਾਜਗ੍ਰਹਿ ਤੱਕ ਇੱਕ ਸੁਰੰਗ ਦਾ ਨਿਰਮਾਨ ਕੀਤਾ, ਜਿਸ ਵਿੱਚ ਰੱਥ ਆਰਾਮ ਨਾਲ ਆ ਜਾ ਸਕੇ। ਫਿਰ ਰਾਜਾ ਸ਼੍ਰੇਣਿਕ ਨੇ ਸੁਨੇਹਾ ਭਿਜਵਾਇਆ ਕਿ ਚੇਤਰ ਸ਼ੁਕਲਾ 12 ਦੇ ਦਿਨ ਤੁਸੀਂ ਸੁਰੰਗ ਦੇ ਦਰਵਾਜੇ ਤੇ ਆ ਜਾਣਾ। ਰਾਜਕੁਮਾਰੀ ਸੁਜੇਸ਼ਠਾ ਨੂੰ ਇਹ ਸੁਨੇਹਾ ਪ੍ਰਾਪਤ ਹੋਇਆ ਤਾਂ ਉਹ ਬਹੁਤ ਖੁਸ਼ ਹੋਈ। ਪਰ ਉਸ ਨੂੰ ਇਹ ਗੱਲ ਦਾ ਪਤਾ ਨਹੀਂ ਸੀ ਕੀ ਉਸ ਦੀ ਛੋਟੀ ਭੈਣ ਚੇਲਨਾ ਵੀ ਰਾਜਾ ਸ਼੍ਰੇਣਿਕ ਨੂੰ ਚਾਹੁੰਦੀ ਹੈ। ਨਿਸ਼ਚਿਤ ਦਿਨ ਦੋਹੇ ਭੈਣਾਂ ਇੱਕ ਦੂਸਰੀ ਤੋਂ ਅਨਜਾਣ ਹੋ ਕੇ ਤਿਆਰ ਹੋਣ ਲੱਗੀਆਂ, ਛੋਟੀ ਭੈਣ ਰੱਥ ਤੇ ਸਵਾਰ ਹੋ ਕੇ ਪਹਿਲਾਂ ਸੁਰੰਗ ਦੇ ਦਰਵਾਜੇ 'ਤੇ ਚਲੀ ਗਈ। ਉਧਰੋਂ ਰਾਜਾ ਸ਼੍ਰੇਣਿਕ ਵੀ ਨਿਸ਼ਚਤ ਸਮੇਂ 'ਤੇ ਸੁਰੰਗ ਦੇ ਦਰਵਾਜੇ 'ਤੇ ਪਹੁੰਚ ਗਿਆ। ਹਨੇਰੇ ਵਿੱਚ ਰਾਜਾ ਸ਼੍ਰੇਣਿਕ ਸੁਜੇਸ਼ਠਾ ਦੀ ਜਗ੍ਹਾ ਉਸ ਦੀ ਛੋਟੀ ਭੈਣ ਚੇਲਨਾ ਨੂੰ ਰੱਥ ਵਿੱਚ ਬੈਠਾ ਕੇ ਲੈ ਗਿਆ। ਸੁਜੇਸ਼ਠਾ ਸੁਰੰਗ ਦੇ ਨੇੜੇ ਪਹੁੰਚੀ ਤਾਂ ਰਾਜਾ ਸ਼੍ਰੇਣਿਕ ਉਸ ਦੀ ਛੋਟੀ ਭੈਣ ਨੂੰ ਲੈ ਕੇ ਜਾ ਚੁੱਕਾ ਸੀ। ਸੁਜੇਸ਼ਠਾ ਨੇ ਘਰ ਜਾਣਾ ਠੀਕ ਨਾ ਸਮਝਿਆ ਅਤੇ ਉਹ ਸਾਧਵੀ ਬਣ ਗਈ। ਪੁੱਤਰੀ ਦੇ ਹਰਨ ਦੀ ਗੱਲ ਸੁਣ ਕੇ ਰਾਜਾ ਚੇਟਕ ਨੇ ਰਾਜਾ ਸ਼੍ਰੇਣਿਕ ਦਾ ਪਿੱਛਾ ਕੀਤਾ ਅਤੇ ਸੁਲਸਾ ਦੇ ਪੁੱਤਰਾਂ ਨੇ ਰਾਜਾ ਚੇਟਕ ਨੂੰ ਰਾਹ ਵਿੱਚ ਰੋਕ ਲਿਆ ਅਤੇ ਯੁੱਧ ਕੀਤਾ। ਇਸੇ ਯੁੱਧ ਦੌਰਾਨ ਸੁਲਸਾ ਦੇ ਇੱਕ ਪੁੱਤਰ ਮਰਨ ਕਾਰਨ 32 ਪੁੱਤਰ ਮਾਰੇ ਗਏ। ਸੁਲਸਾ ਅਪਣੇ ਪੁੱਤਰਾਂ ਦੀ ਮੌਤ ਤੋਂ ਬਹੁਤ ਦੁੱਖੀ ਹੋਈ।

ਮੰਤਰੀ ਅਭੈ ਕੁਮਾਰ ਨਾਗ ਰੱਥਵਾਨ ਦੇ ਘਰ ਆਇਆ। ਉਸ ਨੇ ਸੁਲਸਾ ਨੂੰ ਸਮਝਾਇਆ ਕਿ ਸੰਸਾਰ ਵਿੱਚ ਜੋ ਪੈਦਾ ਹੋਇਆ ਹੈ, ਉਸ ਨੇ ਮਰ ਜਾਣਾ ਹੈ। ਨਸ਼ਟ ਹੋ

ਜਾਣ ਵਾਲੀ ਚੀਜ ਲਈ ਸੋਗ ਕਰਨਾ ਬੇਕਾਰ ਹੈ। ਰੋਣ ਪਿਟਨ ਨਾਲ ਤੇਰੇ ਪੁੱਤਰ ਵਾਪਸ ਨਹੀਂ ਆਉਣਗੇ। ਤੇਰੇ ਲਈ ਧਰਮ ਵਿੱਚ ਸ਼ਰਧਾ ਰੱਖਣਾ ਹੀ ਠੀਕ ਹੈ। ਅਭੈ ਕੁਮਾਰ ਦੀਆਂ ਗੱਲਾਂ ਦਾ ਅਸਰ ਸੁਲਸਾ 'ਤੇ ਬਹੁਤ ਹੋਇਆ।

ਕੁੱਝ ਦਿਨਾਂ ਬਾਅਦ ਭਗਵਾਨ ਮਹਾਵੀਰ ਚੰਪਾ ਨਗਰੀ ਪਧਾਰੇ ਧਰਮ ਸਭਾ ਲੱਗੀ ਧਰਮ ਉਪਦੇਸ਼ ਤੋਂ ਬਾਅਦ ਇੱਕ ਵਿਦਿਆ ਧਾਰੀ ਅੰਬੜ ਨਾ ਦਾ ਸੰਨਿਆਸੀ, ਜੋ ਕਿ ਉਪਾਸ਼ਕ ਦੇ 12 ਵਰਤਾਂ ਦਾ ਧਾਰਨੀ ਸੀ। ਭਗਵਾਨ ਮਹਾਵੀਰ ਦਾ ਉਪਦੇਸ਼ ਸੁਣ ਕੇ ਖੁਸ਼ ਹੋਇਆ। ਉਸ ਨੇ ਆਖਿਆ, "ਪ੍ਰਭੂ ਮੈਂ ਆਪ ਦੇ ਦਰਸ਼ਨ ਅਤੇ ਉਪਦੇਸ਼ ਤੋਂ ਮੇਰੀ ਆਤਮਾ ਬਹੁਤ ਆਨੰਦ ਦੀ ਪ੍ਰਾਪਤੀ ਹੋਈ ਹੈ। ਹੁਣ ਮੈਂ ਅਪਣੇ ਸ਼ਹਿਰ ਰਾਜਗ੍ਰਹਿ ਜਾਂਦਾ ਹਾਂ"।

ਭਗਵਾਨ ਮਹਾਵੀਰ ਨੇ ਆਖਿਆ, "ਹੇ ਅੰਬੜ! ਰਾਜਗ੍ਰਹਿ ਨਗਰੀ ਵਿੱਚ ਸਾਡੀ ਉਪਾਸ਼ਕਾ ਸੁਲਸਾ ਰਹਿੰਦੀ ਹੈ। ਉਸ ਨੂੰ ਮੇਰਾ ਆਸ਼ੀਰਵਾਦ (ਧਰਮ ਲਾਭ) ਆਖਣਾ। ਭਗਵਾਨ ਮਹਾਵੀਰ ਦੀ ਗੱਲ ਸੁਣ ਕੇ ਅੰਬੜ ਹੈਰਾਨ ਹੋਇਆ। ਉਸ ਨੇ ਸੋਚਿਆ ਕਿ ਭਗਵਾਨ ਮਹਾਵੀਰ ਨੇ ਕਿਸੇ ਰਾਜੇ, ਮੰਤਰੀ ਜਾਂ ਸੇਠ ਨੂੰ ਧਰਮ ਲਾਭ ਨਹੀਂ ਆਖਿਆ ਸਗੋਂ ਇਕ ਮਾਮੂਲੀ ਇਸਤਰੀ ਨੂੰ ਇਹ ਆਸ਼ੀਰਵਾਦ ਦਿੱਤਾ ਹੈ। ਇਸ ਦਾ ਕੋਈ ਨਾ ਕੋਈ ਡੂੰਗਾ ਅਰਥ ਜ਼ਰੂਰ ਹੈ। ਅੰਬੜ ਕਿਉਂਕਿ ਵਿਦਿਆ ਧਾਰੀ ਸੀ, ਇਸ ਲਈ ਉਹ ਭਿੰਨ ਭਿੰਨ ਰੂਪ ਬਦਲਣ ਦੀ ਸ਼ਕਤੀ ਰੱਖਦਾ ਸੀ।

ਅੰਬੜ ਸ਼ਹਿਰ ਵਿਚੋਂ ਬਾਹਰ ਆਇਆ, ਉਸ ਨੇ ਅਸਮਾਨ ਵਿੱਚ ਪਦਮ ਆਸਨ ਲਗਾਇਆ। ਫਿਰ ਉਸ ਨੂੰ ਰੂਪ ਪਰਿਵਰਤਨੀ ਵਿਦਿਆ ਰਾਹੀਂ ਬ੍ਰਹਮਾ, ਵਿਸ਼ਨੂੰ, ਸ਼ਿਵ ਅਤੇ ਤੀਰਥੰਕਰ ਦੀ ਧਰਮ ਸਭਾ ਦੀ ਰਚਨਾ ਕੀਤੀ। ਪਰ ਉਸਦਾ ਕੋਈ ਵੀ ਭੇਸ ਸੁਲਸਾ ਨੂੰ ਉਸ ਦੀ ਧਰਮ ਪ੍ਰਤੀ ਸੱਚੀ ਸ਼ਰਧਾ ਤੋਂ ਗਿਰਾ ਨਾ ਸਕਿਆ। ਸੁਲਸਾ ਵੀਤਰਾਗ ਧਰਮ ਵਿੱਚ ਦ੍ਰਿੜ ਰਹੀ। ਲੋਕ ਅੰਬੜ ਦੇ ਭੇਸ ਤੋਂ ਪ੍ਰਭਾਵਤ ਹੋ ਕੇ ਭੋਜਨ ਲਈ ਬੇਨਤੀ ਕਰਦੇ, ਪਰ ਅੰਬੜ

ਆਖਦਾ ਹੈ ਕਿ ਮੈਂ ਤਾਂ ਸੁਲਸਾ ਦੇ ਘਰ ਤੋਂ ਹੀ ਭੋਜਨ ਗ੍ਰਹਿਣ ਕਰਨਾ ਹੈ। ਇਹ ਸੁਣ ਕੇ ਲੋਕ ਸੁਲਸਾ ਦੇ ਘਰ ਆਏ ਅਤੇ ਆਖਣ ਲੱਗੇ, "ਤੇਰੇ ਕਰਮ ਚੰਗੇ ਹਨ ਕਿ ਤੇਰੇ ਘਰ ਇਕੋ ਸਮੇਂ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਆਏ ਹਨ"। ਇਹ ਸੁਣ ਕੇ ਸੁਲਸਾ ਨੇ ਆਖਿਆ, "ਇਹ ਕੋਈ ਬ੍ਰਹਮਾ, ਵਿਸ਼ਨੂੰ ਮਹੇਸ਼ ਨਹੀਂ ਹਨ। ਇਹ ਤਾਂ ਢੋਂਗੀ ਸੰਨਿਆਸੀ ਦਾ ਇੰਦਰ ਜਾਲ ਹੈ, ਜੋ ਮੈਨੂੰ ਆਪਣੇ ਢੋਂਗ ਨਾਲ ਧਰਮ ਤੋਂ ਗਿਰਾਉਣ ਦੀ ਸਾਜਿਸ਼ ਰਚ ਰਿਹਾ ਹੈ"।

ਲੋਕਾਂ ਨੇ ਸੁਲਸਾ ਦੀ ਆਖੀ ਗੱਲ ਅੰਬੜ ਸੰਨਿਆਸੀ ਨੂੰ ਆਖੀ। ਅੰਬੜ ਨੇ ਸੋਚਿਆ ਕਿ ਸੁਲਸਾ ਦੀ ਧਰਮ ਪ੍ਰਤੀ ਸ਼ਰਧਾ ਸੱਚਮੁੱਚ ਮਹਾਨ ਹੈ। ਜੋ ਮੇਰੇ ਚਮਤਕਾਰਾਂ ਤੋਂ ਪ੍ਰਭਾਵਤ ਨਹੀਂ ਹੋਈ ਨਾ ਹੀ ਉਸ ਦਾ ਮਨ ਡਾਵਾਂਡੋਲ ਹੋਇਆ ਹੈ। ਭਗਵਾਨ ਮਹਾਵੀਰ ਨੇ ਸੁਲਸਾ ਦੀ ਜੋ ਪ੍ਰਸੰਸਾ ਕੀਤੀ ਸੀ। ਉਹ ਸੱਚਮੁਚ ਹੀ ਇਸ ਪ੍ਰਸ਼ੰਸਾ ਦੇ ਯੋਗ ਹੈ, ਨਹੀਂ ਤਾਂ ਰਾਗ ਦਵੇਸ ਤੋਂ ਮੁਕਤ ਭਗਵਾਨ ਮਹਾਵੀਰ ਨੂੰ ਕਿਸੇ ਨੂੰ ਧਰਮ ਲਾਭ ਆਖਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਪ੍ਰਕਾਰ ਸੁਲਸਾ ਨੇ ਸ਼ੀਲ ਧਰਮ ਦਾ ਪਾਲਣ ਕਰਦੇ ਹੋਏ ਲੰਬਾ ਸਮਾਂ ਧਰਮ ਅਰਾਧਨਾ ਵਿੱਚ ਗੁਜਾਰਿਆ ਤੇ ਅੰਤ ਸਮੇਂ ਵੀ ਧਰਮ ਅਰਾਧਨਾ ਵਿੱਚ ਗੁਜਾਰਿਆ। ਇਹ ਸ਼ੀਲ ਦੇ ਚਮਤਕਾਰ ਕਾਰਨ ਹੀ ਉਹ ਧਰਮ ਵਿੱਚ ਦ੍ਰਿੜ ਰਹੀ ਅਤੇ ਭਗਵਾਨ ਮਹਾਂਵੀਰ ਦੇ ਧਰਮ ਲਾਭ ਦੀ ਇਕ ਮਾਤਰ ਪਾਤਰ ਬਣੀ। ਭਗਵਾਨ ਮਹਾਵੀਰ ਨੇ ਆਪਣੀਆਂ ਲੱਖਾਂ ਉਪਾਸ਼ਕਾਂ ਵਿੱਚੋਂ ਸੁਲਸਾ ਨੂੰ ਪਹਿਲਾ ਸਥਾਨ ਦਿਤਾ। ਸੁਲਸਾ ਦੀ ਧਰਮ ਪ੍ਰਤੀ ਸੱਚੀ ਸ਼ਰਧਾ ਅਤੇ ਸ਼ੀਲ ਕਾਰਨ ਹੀ ਸੰਭਵ ਹੋਇਆ।

16

# ਅਚਾਰਿਆ ਸਥੁਲੀਭੱਦਰ

ਜੈਨ ਇਤਿਹਾਸ ਵਿੱਚ ਅਚਾਰਿਆ ਸਥੁਲੀਭੱਦਰ ਇੱਕ ਕ੍ਰਾਂਤੀਕਾਰੀ ਅਚਾਰਿਆ ਹੋਏ ਹਨ। ਜੈਨ ਸਵੈਤਾਂਵਰ ਫਿਰਕੇ ਵਿੱਚ ਤਾਂ ਭਗਵਾਨ ਮਹਾਵੀਰ, ਗਨਧਰ ਇੰਦਰਭੂਤੀ ਗੌਤਮ ਤੋਂ ਬਾਅਦ ਅਚਾਰਿਆ ਸਥੁਲੀਭੱਦਰ ਨੂੰ ਮੰਗਲ ਆਖਿਆ ਗਿਆ ਹੈ। ਆਪ ਦਾ ਜਨਮ ਮਗਧ ਦੇਸ਼ ਦੀ ਰਾਜਧਾਨੀ ਪਾਟਲੀਪੁਤਰ ਵਿੱਚ ਹੋਇਆ। ਆਪ ਦੇ ਸਮੇਂ ਅੰਤਿਮ ਨੰਦ ਰਾਜੇ ਦਾ ਰਾਜ ਸੀ। ਜਿਸ ਨੂੰ ਪਛਾੜ ਕੇ ਚੰਦਰਗੁਪਤ ਨੇ ਅਪਣਾ ਰਾਜ ਸਥਾਪਤ ਕੀਤਾ। ਇਹ ਰਾਜਾ ਬਹੁਤ ਕਮਜੋਰ ਰਾਜਾ ਸੀ। ਉਸ ਸਮੇਂ ਸਾਰਾ ਰਾਜ ਸਾਜਿਸ਼ਾਂ ਦਾ ਕੇਂਦਰ ਬਣ ਗਿਆ ਸੀ। ਆਪ ਦੇ ਪਿਤਾ ਸ਼ਕਡਾਲ ਨੰਦ ਰਾਜਾ ਦੇ ਮਹਾਂ ਮੰਤਰੀ ਸਨ। ਸ਼ਕਡਾਲ ਦੇ ਦੋ ਪੁੱਤਰ ਅਤੇ 7 ਪੁੱਤਰੀਆਂ ਸਨ। ਸ਼ਕਡਾਲ ਇੱਕ ਸਾਜਿਸ਼ ਦੇ ਅਧੀਨ ਮਾਰਿਆ ਗਿਆ ਹੁਣ ਮੰਤਰੀ ਪੱਦ ਛੋਟੇ ਪੁੱਤਰ ਕੋਲ ਆਇਆ। ਵੱਡੇ ਭਰਾ ਸਥੁਲੀਭੱਦਰ ਪਾਟਲੀਪੁਤਰ ਦੀ ਰਾਜ ਵੇਸ਼ਿਆ ਕੋਸ਼ਾ ਦੇ ਘਰ 12 ਸਾਲ ਕਾਮ ਕਲਾ ਅਤੇ ਸੰਗੀਤ ਦਾ ਗਿਆਨ ਸਿੱਖਣ ਲਈ ਗਿਆ ਹੋਇਆ ਸੀ। ਉਹ ਘਰ ਨੂੰ ਭੁੱਲ ਚੁਕਾ ਸੀ। ਸਥੁਲੀਭੱਦਰ ਪਿਤਾ ਦੀ ਮੌਤ ਦੀ ਖਬਰ ਸੁਣ ਕੇ ਘਰ ਆਇਆ। ਪਰ ਹੁਣ ਉਸ ਨੂੰ ਸੰਸਾਰ ਦੇ ਕਾਮ ਭੋਗਾਂ ਤੋਂ ਨਫਰਤ ਹੋ ਚੁੱਕੀ ਸੀ।

ਉਸ ਸਮੇਂ ਅਚਾਰਿਆ ਸੰਭੂਤਵਿਜੇ ਮਗਧ ਦੇਸ਼ ਵਿੱਚ ਧਰਮ ਪ੍ਰਚਾਰ ਕਰਦੇ ਸਨ। ਉਹਨਾਂ ਦੇ ਧਰਮ ਉਪਦੇਸ਼ ਤੋਂ ਪ੍ਰਭਾਵਤ ਹੋ ਕੇ ਸਥੁਲੀਭੱਦਰ ਮੁੱਨੀ ਬਣ ਗਿਆ ਅਤੇ ਆਪਣੇ ਛੋਟੇ ਭਰਾ ਸ਼ਰੀਅੰਕ ਨੂੰ ਮੰਤਰੀ ਦਾ ਪੱਦ ਦੇ ਦਿੱਤਾ। ਕਿਉਂਕਿ ਸਾਜਿਸ਼ਾਂ ਨੂੰ ਵੇਖ ਕੇ ਉਸ ਨੇ ਅਪਣੀਆਂ 7 ਭੈਣਾਂ ਸਮੇਤ ਜੈਨ ਸਾਧੂ ਦਾ ਜੀਵਨ ਗ੍ਰਹਿਣ ਕਰ ਲਿਆ। ਸਾਧੂ ਬਣਨ

ਉਪਰਾਂਤ ਸਥੂਲੀਭੱਦਰ ਨੇ ਆਪਣੇ ਗੁਰੂ ਚਰਨਾਂ ਵਿੱਚ ਰਹਿਕੇ ਲੰਬੀ ਤੱਪਸਿਆ ਕੀਤੀ ਅਤੇ ਆਗਮਾਂ ਤੇ ਪੂਰਵਾਂ ਦਾ ਵਿਸਥਾਰ ਨਾਲ ਅਧਿਐਨ ਕੀਤਾ।

ਇੱਕ ਵਾਰ ਘੁੰਮਦੇ ਹੋਏ ਪਾਟਲੀਪੁਤਰ ਪਹੁੰਚੇ, ਉਸ ਸਮੇਂ ਚੋਮਾਸਾ ਨੇੜੇ ਸੀ ਆਪ ਨੇ ਆਪਣੇ ਗੁਰੂ ਤੋਂ ਕੋਸ਼ਾ ਵੇਸ਼ਿਆ ਦੇ ਘਰ ਚੋਮਾਸਾ ਕਰਨ ਦੀ ਆਗਿਆ ਮੰਗੀ। ਗਿਆਨੀ ਗੁਰੂ ਨੇ ਖੁਸ਼ੀ ਨਾਲ ਇਹ ਆਗਿਆ ਪ੍ਰਦਾਨ ਕੀਤੀ। ਮੁੱਨੀ ਸਥੂਲੀਭੱਦਰ ਨੇ ਚਾਰ ਮਹੀਨੇ ਵੇਸਿਆ ਦੀ ਚਿੱਤਰਸ਼ਾਲਾ ਵਿੱਚ ਚੋਮਾਸਾ ਕਰਕੇ ਉਸ ਕੋਸ਼ਾ ਦਾ ਜੀਵਨ ਵੀ ਪਰਿਵਰਤਨ ਕਰ ਦਿਤਾ। ਉਸ ਨੂੰ ਜੈਨ ਧਰਮ ਦੀ ਉਪਾਸ਼ਕਾ ਬਣਾ ਦਿੱਤਾ। ਇਹ ਸਥੂਲੀਭੱਦਰ ਮੁਨੀ ਦੇ ਸੰਕਲਪ ਦੀ ਸ਼ਕਤੀ ਹੀ ਸੀ, ਕਿ ਉਹਨਾਂ ਸਾਧੂ ਜੀਵਨ ਦੇ ਨਿਯਮਾਂ ਦਾ ਸਖਤੀ ਨਾਲ ਪਾਲਣ ਕੀਤਾ। ਸ਼ੁਰੂ ਸ਼ੁਰੂ ਵਿੱਚ ਕੋਸ਼ਾ ਨੇ ਆਪਣਾ ਜਾਲ ਬਿਛਾਉਣ ਦੀ ਅਸਫਲ ਕੋਸ਼ਿਸ ਕੀਤੀ ਪਰ ਸੰਜਮ ਦੀ ਸ਼ਕਤੀ ਅੱਗੇ ਭੋਗ ਹਾਰ ਗਿਆ।

ਚੋਮਾਸਾ ਪੂਰਾ ਹੋਣ ਤੇ ਗੁਰੂ ਨੇ ਅਪਣੇ ਚੇਲੇ ਨੂੰ ਅਜਿਹੀ ਜਗ੍ਹਾ ਚੋਮਾਸਾ ਕਰਨ ਲਈ ਸ਼ਾਬਾਸੀ ਦਿਤੀ ਅਤੇ ਉਸ ਦੇ ਤੱਪ ਨੂੰ ਸਾਰੇ ਚੇਲਿਆਂ ਤੋਂ ਮਹਾਨ ਦੱਸਿਆ। ਇਸ ਦਾ ਕਾਰਨ ਇਹ ਸੀ ਕੀ ਚੋਮਾਸੇ ਵੇਲੇ ਇੱਕ ਮੁਨੀ ਨੇ ਸ਼ੇਰ ਦੀ ਗੁਫਾ ਦੇ ਬਾਹਰ ਚੋਮਾਸਾ ਕੀਤਾ ਸੀ ਅਤੇ ਇਕ ਹੋਰ ਨੇ ਖੂਹ ਦੀ ਮੰਡੇਰ ‘ਤੇ ਬੈਠ ਕੇ ਚੋਮਾਸਾ ਕੀਤਾ ਸੀ। ਪਰ ਸਥੂਲੀਭੱਦਰ ਨੇ ਤਾਂ ਵੇਸਿਆ ਦੇ ਘਰ ਆਰਾਮ ਨਾਲ ਚਾਰ ਮਹੀਨੇ ਗੁਜਾਰੇ ਸਨ। ਇਹ ਆਮ ਮੁਨੀਆਂ ਦਾ ਖਿਆਲ ਸੀ, ਪਰ ਗੁਰੂ ਦੀ ਸ਼ਾਬਾਸੀ ਤੋਂ ਬਾਅਦ ਸਾਰੇ ਮੁਨੀਆਂ ਨੇ ਸਥੂਲੀਭੱਦਰ ਨੂੰ ਮਹਾਨ ਮੁਨੀ ਮੰਨੀਆਂ। ਆਪਦੀ ਪ੍ਰੇਰਣਾ ਨਾਲ ਆਪ ਦੀਆਂ ਸਾਰੀਆਂ ਭੈਣਾਂ ਅਤੇ ਇੱਕ ਮੰਤਰੀ ਨੇ ਸਾਧੂ ਜੀਵਨ ਅੰਗੀਕਾਰ ਕਰ ਲਿਆ।

ਕੁੱਝ ਸਮੇਂ ਬਾਅਦ ਬਿਹਾਰ ਵਿੱਚ 12 ਸਾਲ ਦਾ ਕਾਲ ਪਿਆ। ਸਾਧੂਆਂ ਨੂੰ ਭੋਜਨ ਮਿਲਣਾ ਬੰਦ ਹੋ ਗਿਆ, ਸੰਜਮ ਪਾਲਣ ਵਿੱਚ ਕਮਜੋਰੀ ਆ ਗਈ। ਕਾਲ ਦੇ ਖਤਮ ਹੋਣ ਤੋਂ

ਬਾਅਦ ਸਥੂਲੀਭੱਦਰ ਮੁਨੀ ਨੇ ਪਾਟਲੀਪੁਤਰ ਵਿਖੇ ਆਗਮਾਂ ਦਾ ਸੰਪਾਦਨ ਕਰਵਾਇਆ। ਜਿਸ ਵਿੱਚ ਜਿਸ ਨੂੰ ਜਿਨ੍ਹਾਂ ਯਾਦ ਸੀ ਉਨ੍ਹਾਂ ਉਸ ਦਾ ਸੰਪਾਦਨ ਕੀਤਾ ਗਿਆ। ਪਰ 12ਵੇਂ ਅੰਗ ਦ੍ਰਿਸ਼ਟੀਵਾਦ ਕਿਸੇ ਨੂੰ ਯਾਦ ਨਹੀਂ ਸੀ। ਉਸ ਸਮੇਂ ਜੈਨ ਧਰਮ ਸੰਘ ਨੂੰ ਪਤਾ ਚੱਲਿਆ ਕਿ ਨੇਪਾਲ ਵਿੱਚ ਆਚਾਰਿਆ ਭੱਦਰਵਾਹੂ ਇਸ ਗ੍ਰੰਥ ਦੇ ਜਾਣਕਾਰ ਹਨ। ਸੰਘ ਨੇ ਕੁੱਝ ਸਾਧੂ ਨੇਪਾਲ ਭੇਜੇ ਉਸ ਸਮੇਂ ਅਚਾਰਿਆ ਭੱਦਰਵਾਹੂ ਮਹਾਂ ਪ੍ਰਾਣ ਨਾਂ ਦੀ ਸਾਧਨਾ ਵਿੱਚ ਲੀਣ ਸਨ। ਇਸ ਲਈ ਬਾਹਰ ਆਉਣ ਲਈ ਤਿਆਰ ਨਾ ਹੋਏ। ਉਹਨਾਂ ਸੰਘ ਨੂੰ ਸੰਦੇਸ਼ ਭੇਜਿਆ ਕਿ ਯੋਗ ਸਾਧੂ ਮੇਰੇ ਪਾਸ ਭੇਜੋ ਤਾਂ ਜੋ ਮੈਂ ਉਹਨਾਂ ਨੂੰ ਦ੍ਰਿਸ਼ਟੀਵਾਦ ਜਿਹੇ ਵਿਸ਼ਾਲ ਅੰਗ ਦਾ ਗਿਆਨ ਦੇ ਸਕਾਂ। ਸੰਘ ਨੇ 500 ਸਾਧੂ ਨੇਪਾਲ ਦੇਸ਼ ਵਿੱਚ ਅਚਾਰਿਆ ਸਥੂਲੀਭੱਦਰ ਦੀ ਪ੍ਰਧਾਨਗੀ ਹੇਠ ਭੇਜੇ। ਕਠਿਨ ਰਸਤੇ ਅਤੇ ਕਠੋਰ ਵਿਸ਼ੇ ਕਾਰਨ ਬਹੁਤ ਸਾਰੇ ਸਾਧੂ ਵਿੱਚੋ ਹੀ ਮੁੜ ਆਏ, ਪਰ ਅਚਾਰਿਆ ਸਥੂਲੀਭੱਦਰ ਡੱਟੇ ਰਹੇ। 10 ਪੂਰਵਾਂ ਦਾ ਗਿਆਨ ਹੋਣ ਤੇ ਉਹ ਪਾਟਲੀਪੁੱਤਰ ਵਾਪਸ ਆਏ। ਨੇਪਾਲ ਵਿੱਚ ਸਥੂਲਭੱਦਰ ਦੀਆਂ 7 ਭੈਣਾਂ ਆਪਣੇ ਭਰਾ ਦੇ ਦਰਸ਼ਨ ਕਰਨ ਆਇਆਂ। ਅਚਾਰਿਆ ਭੱਦਰਬਾਹੂ ਦੇ ਦਰਸ਼ਨ ਕਰਨ ਤੋਂ ਬਾਅਦ ਉਹਨਾਂ ਆਪਣੇ ਭਰਾ ਸਥੂਲੀਭੱਦਰ ਬਾਰੇ ਪੁੱਛਿਆ, ਅਚਾਰਿਆ ਨੇ ਆਖਿਆ, “ਉਹ ਅੰਦਰ ਧਿਆਨ ਕਰ ਰਿਹਾ ਹੈ”। ਜਦ ਸਾਧਵੀਆਂ ਅੰਦਰ ਗਈਆਂ ਤਾਂ ਉਹ ਇੱਕ ਸ਼ੇਰ ਵੇਖ ਕੇ ਬਾਹਰ ਆ ਗਈਆਂ ਅਤੇ ਆਖਿਆ, “ਗੁਰੂ ਦੇਵ! ਅੰਦਰ ਸਾਡਾ ਭਰਾ ਤਾਂ ਨਹੀਂ ਹੈ ਪਰ ਇੱਕ ਸ਼ੇਰ ਗੁਫਾ ਦੇ ਦਰਵਾਜੇ ਤੇ ਬੈਠਾ ਹੈ”। ਅਚਾਰਿਆ ਭੱਦਰਬਾਹੂ ਸਮਝ ਗਏ ਕੀ ਗਿਆਨ ਦਾ ਚਮਤਕਾਰ ਦਿਖਾਂਉਨ ਲਈ ਇਹ ਕਾਰਨਾਮਾ ਕੀਤਾ ਹੈ। ਅਚਾਰਿਆ ਭੱਦਰਬਾਹੂ ਨੇ ਅਗਲੇ ਚਾਰ ਪੂਰਵਾਂ ਦਾ ਗਿਆਨ ਦੇਣਾ ਬੰਦ ਕਰ ਦਿੱਤਾ। ਪਰ ਜੈਨ ਸੰਘ ਦੀ ਬੇਨਤੀ ਤੇ ਉਹਨਾਂ ਮੂਲ਼ ਰੂਪ ਵਿੱਚ ਹੀ ਚਾਰ ਪੂਰਵਾਂ ਦਾ ਗਿਆਨ ਦਿੱਤਾ, ਉਹਨਾਂ ਦਾ ਅਰਥ

ਨਹੀਂ ਸਮਝਾਇਆ, ਤਾਂ ਕੀ ਭੱਵਿਖ ਵਿੱਚ ਕੋਈ ਇਸ ਗਿਆਨ ਦਾ ਗਲਤ ਇਸਤਮਾਲ ਨਾ ਕਰ ਸਕੇ।

ਇਸ ਪ੍ਰਕਾਰ ਅਚਾਰਿਆ ਸਥੂਲੀਭੱਦਰ 10 ਪੂਰਵ ਦੇ ਗਿਆਨੀ ਸਨ। ਸਥੂਲੀਭੱਦਰ ਦੀ ਸ਼ੀਲ ਸਾਧਨਾ ਦੇਵਿੰਦਰ ਦੇ ਮਨ ਨੂੰ ਝੁਕਾਉਣ ਵਾਲੀ ਸੀ। ਅਚਾਰਿਆ ਸਥੂਲੀਭੱਦਰ ਮਹਾਂਨ ਯੋਗੀ ਅਤੇ ਸ਼ੀਲ ਪਾਲਣ ਵਾਲੇ ਸਾਧਕ ਸਨ। ਅਕਸਰ ਲੋਕ ਕਾਮ ਭੋਗਾਂ ਵਿੱਚ ਉਲਝ ਜਾਂਦੇ ਹਨ। ਪਰ ਸਥੂਲੀਭੱਦਰ ਮੁੱਨੀ ਨੇ ਕਾਮ ਭੋਗ ਨੂੰ ਇਸ ਪ੍ਰਕਾਰ ਆਪਣੀ ਸਾਧਨਾ ਨਾਲ ਹਰਾ ਦਿੱਤਾ। ਆਚਾਰਿਆ ਸਥੂਲੀਭੱਦਰ ਦੇ ਜੀਵਨ ਤੋਂ ਸਾਨੂੰ ਇਹ ਪ੍ਰੇਰਣਾ ਮਿਲਦੀ ਹੈ ਕਿ ਗਿਆਨ ਦਾ ਅਹੰਕਾਰ ਚਮਤਕਾਰ ਨੂੰ ਜਨਮ ਦਿੰਦਾ ਹੈ। ਇਸੇ ਕਾਰਨ ਹੀ ਉਹ ਚਾਰ ਪੂਰਵਾਂ ਦੇ ਗਿਆਨ ਤੋਂ ਵਾਂਝੇ ਰਹੇ। ਫਿਰ ਵੀ ਕਾਲ ਦੇ ਬੀਤਨ ਤੋਂ ਬਾਅਦ ਜੋ ਉਹਨਾਂ ਨੇ ਜੈਨ ਸਾਹਿਤ ਨੂੰ ਬਚਾਉਣ ਲਈ ਪਾਟਲੀਪੁਤਰ ਵਿੱਚ ਵਿਸ਼ਾਲ ਧਰਮ ਸਭਾ ਬੁਲਾਈ, ਉਸ ਦਾ ਸਬੂਤ ਇਤਿਹਾਸ ਵਿੱਚ ਬਹੁਤ ਘੱਟ ਮਿਲਦਾ ਹੈ।

17

# ਅਚਾਰਿਆ ਵੱਜ਼ਰਸਵਾਮੀ

ਅਵੰਤੀ ਦੇਸ਼ ਵਿੱਚ ਤੁੰਬ-ਬਨ ਨਾਂ ਦਾ ਇੱਕ ਇਲਾਕਾ ਸੀ। ਜਿੱਥੇ ਧਨਗਿਰੀ ਨਾਂ ਦਾ ਇੱਕ ਸੇਠ ਰਹਿੰਦਾ ਸੀ। ਪਰ ਉਹ ਬਚਪਨ ਤੋਂ ਹੀ ਸੰਸਾਰ ਦੇ ਕਾਮ ਭੋਗਾਂ ਤੋਂ ਵਿਰਕਤ ਸੀ। ਮਾਂ ਬਾਪ ਉਸਦੀ ਸ਼ਾਦੀ ਕਰਨਾ ਚਾਹੁੰਦੇ ਸਨ, ਪਰ ਉਹ ਮਾਂ ਬਾਪ ਨੂੰ ਸਾਧੂ ਬਣਨ ਦੀ ਭਾਵਨਾ ਦੱਸਕੇ ਉਹਨਾਂ ਨੂੰ ਚੁੱਪ ਕਰਵਾ ਦਿੰਦਾ ਸੀ।

ਸੰਜੋਗ ਵੱਸ ਧਨਪਾਲ ਸੇਠ ਦੀ ਪੁੱਤਰੀ ਸੁੰਨਦਾ ਦੇ ਨਾਲ ਉਸ ਲੜਕੇ ਦੀ ਸ਼ਾਦੀ ਹੋ ਗਈ। ਕੁੱਝ ਹੀ ਦਿਨਾਂ ਬਾਅਦ ਸੁੰਨਦਾ ਗਰਭਵਤੀ ਹੋ ਗਈ, ਤਾਂ ਧਨਗਿਰੀ ਨੇ ਅਪਣੀ ਪਤਨੀ ਨੂੰ ਆਖਿਆ, “ਇਹ ਪੈਦਾ ਹੋਣ ਵਾਲਾ ਬਾਲਕ ਤੇਰੇ ਭੱਵਿਖ ਦਾ ਸਹਾਰਾ ਬਣੇਗਾ”। ਇਹ ਆਖ ਕੇ ਉਸ ਨੇ ਵਿਰਕਤ ਭਾਵ ਨਾਲ ਸਾਧੂ ਜੀਵਨ ਗ੍ਰਹਿਣ ਕਰ ਲਿਆ। ਆਪ ਨੇ ਆਰਿਆ ਸਿੰਘਗਿਰੀ ਤੋਂ ਸਾਧੂ ਜੀਵਨ ਗ੍ਰਹਿਣ ਕੀਤਾ, ਜਿੱਥੇ ਸੁੰਨਦਾ ਦਾ ਭਾਈ ਵੀ ਉਹਨਾਂ ਕੋਲ ਸਾਧੂ ਬਣ ਚੁੱਕਾ ਸੀ।

ਗਰਭ ਦਾ ਸਮਾਂ ਪੂਰਾ ਹੋਣ ਤੇ ਸੁੰਨਦਾ ਨੇ ਇੱਕ ਪੁੱਤਰ ਨੂੰ ਜਨਮ ਦਿੱਤਾ। ਬੱਚਾ ਬਹੁਤ ਪਿਆਰਾ ਸੀ। ਕਿਸੇ ਕਾਰਨ ਵਸ ਉਸ ਨੂੰ ਪਿਛਲੇ ਜਨਮ ਦਾ ਗਿਆਨ ਸੀ, ਹੁਣ ਉਹ ਹਰ ਸਮੇਂ ਦਿਨ ਰਾਤ ਰੋਂਦਾ ਰਹਿੰਦਾ ਸੀ। ਇਕ ਤਰ੍ਹਾਂ ਛੇ ਮਹਿਨੇ ਵੀ ਨਹੀਂ ਬੀਤੇ ਸਨ ਕਿ ਸੁੰਨਦਾ ਇਸ ਬਾਲਕ ਕਾਰਨ ਪਰੇਸ਼ਾਨ ਹੋ ਗਈ। ਉਹ ਇਸ ਬਾਲਕ ਤੋਂ ਛੁਟਕਾਰਾ ਪਾਉਣ ਲਈ ਉਪਾਅ ਸੋਚਣ ਲੱਗੀ। ਸੁਭਾਗ ਵੱਸ ਉਸ ਨਗਰ ਵਿੱਚ ਅਚਾਰਿਆ ਸਿੰਘਗਿਰੀ ਅਪਣੇ ਚੇਲਿਆਂ ਨਾਲ ਪਧਾਰੇ। ਉਹਨਾਂ ਨਾਲ ਉਸ ਦਾ ਪੂਰਵ ਪਤੀ ਅਤੇ ਵਰਤਮਾਨ ਰੂਪ ਵਿੱਚ ਧਨਗਿਰੀ ਨਾਂ ਦਾ ਮੁਨੀ ਵੀ ਸ਼ਾਮਲ ਸੀ। ਜੈਨ ਪ੍ਰੰਪਰਾ ਅਨੁਸਾਰ ਧਨਗਿਰੀ ਨੇ ਅਚਾਰਿਆ ਤੋਂ ਭਿੱਖਿਆ ਦੀ ਆਗਿਆ ਮੰਗੀ। ਗੁਰੂ ਨੇ ਆਖਿਆ, “ਅੱਜ ਭਿੱਖਿਆ ਵਿੱਚ ਤੇਰੀ ਝੋਲੀ

ਵਿੱਚ ਜੋ ਵੀ ਪਦਾਰਥ ਆਵੇ ਉਸ ਨੂੰ ਸਵਿਕਾਰ ਕਰ ਲੈਣਾ ਚਾਹੇ ਉਹ ਪਦਾਰਥ ਲੈਣ ਯੋਗ ਹੋਵੇ ਚਾਹੇ ਨਾ ਲੈਣ ਯੋਗ ਹੋਵੇ"। ਗੁਰੂ ਗਿਆਨੀ ਸਨ ਆਪਣੇ ਗਿਆਨ ਦੀ ਸ਼ਕਤੀ ਨਾਲ ਉਹਨਾਂ ਆਪਣੇ ਚੇਲੇ ਨੂੰ ਇਹ ਆਗਿਆ ਦੇ ਦਿੱਤੀ। ਭਿੱਖਿਆ ਲਈ ਘੁੰਮਦੇ ਘੁੰਮਦੇ ਉਹ ਅਪਣੇ ਸੰਸਾਰਿਕ ਘਰ ਵਿੱਚ ਪਹੁੰਚੇ, ਤਾਂ ਸੁੰਨਦਾ ਨੇ ਆਖਿਆ, "ਅੱਜ ਤੱਕ ਮੈਂ ਤੁਹਾਡੇ ਬਾਲਕ ਦਾ ਪਾਲਣ ਪੋਸ਼ਣ ਕੀਤਾ ਹੈ, ਹੁਣ ਤੁਸੀਂ ਇਸ ਬਾਲਕ ਨੂੰ ਖੁਦ ਸੰਭਾਲੋ" ਅਜਿਹਾ ਆਖ ਕੇ ਉਸ ਨੇ ਭਿੱਖਿਆ ਦੇ ਪਾਤਰ ਵਿੱਚ ਬਾਲਕ ਨੂੰ ਪਾ ਦਿੱਤਾ। ਧਨਗਿਰੀ ਮੁਨੀ ਬਾਲਕ ਨੂੰ ਲੈ ਕੇ ਅਚਾਰਿਆ ਕੋਲ ਆਏ। ਅਚਾਰਿਆ ਬਾਲਕ ਨੂੰ ਵੇਖ ਕੇ ਬਹੁਤ ਖੁਸ਼ ਹੋਏ ਅਤੇ ਆਖਣ ਲੱਗੇ, "ਫੁੱਲ ਤੋਂ ਕੋਮਲ ਅਤੇ ਪੱਥਰ ਤੋਂ ਜ਼ਿਆਦਾ ਵਜਨੀ ਇਹ ਬਾਲਕ ਤੁਸੀਂ ਕਿੱਥੋਂ ਲਿਆਏ ਹੋ" ਅਚਾਰਿਆ ਨੇ ਝੋਲੀ ਭਾਰੀ ਵੇਖ ਕੇ ਉਸ ਬਾਲਕ ਦਾ ਨਾਂ ਬੱਜ਼ਰ ਰੱਖ ਦਿੱਤਾ। ਉਸ ਦੇ ਪਾਲਣ ਪੋਸ਼ਣ ਦੀ ਜੁੰਮੇਵਾਰੀ ਸਾਧਵੀਆਂ ਦੇ ਜੁੰਮੇ ਲਗਾ ਦਿੱਤੀ। ਸਾਧਵੀਆਂ ਨੇ ਕੁੱਝ ਗ੍ਰਹਿਸਥੀ ਭੈਣਾਂ ਨੂੰ ਇਹ ਕੰਮ ਸਪੁਰਦ ਕਰ ਦਿੱਤਾ। ਸਾਧਵੀਆਂ ਦੇ ਠਿਕਾਣੇ ਤੇ ਉਹ ਪਾਲਨੇ ਵਿੱਚ ਹੀ ਗ੍ਰੰਥ ਸੁਣਨ ਲੱਗਾ।

ਕੁੱਝ ਹੀ ਦਿਨਾਂ ਬਾਅਦ ਸੁੰਨਦਾ ਨੂੰ ਅਪਣੇ ਪੁੱਤਰ ਦੀ ਯਾਦ ਸਤਾਉਣ ਲੱਗੀ। ਉਸ ਨੇ ਆਪਣਾ ਪੁੱਤਰ ਲੈਣਾ ਚਾਹਿਆ। ਉਹ ਜੈਨ ਸਾਧਵੀਆਂ ਦੇ ਠਿਕਾਣੇ 'ਤੇ ਆਈ ਅਤੇ ਪੁੱਤਰ ਦੀ ਮੰਗ ਕੀਤੀ। ਰਾਖੀ ਕਰ ਰਹੀ ਭੈਣ ਨੇ ਆਖਿਆ, "ਤੂੰ ਅਪਣੀ ਮਰਜੀ ਨਾਲ ਇਹ ਪੁੱਤਰ ਅਚਾਰਿਆ ਨੂੰ ਭੇਂਟ ਕੀਤਾ ਹੈ, ਹੁਣ ਅਚਾਰਿਆ ਦੇ ਹੁਕਮ ਮੁਤਾਬਿਕ ਮੈਂ ਇਸ ਦੀ ਪਾਲਣਾ ਅਮਾਨਤ ਦੇ ਤੌਰ 'ਤੇ ਕਰ ਰਹੀ ਹਾਂ। ਇਸ ਲਈ ਤੈਨੂੰ ਇਹ ਪੁੱਤਰ ਨਹੀਂ ਮਿਲ ਸਕਦਾ"। ਝਗੜਾ ਵੱਧਦਾ ਵੱਧਦਾ ਰਾਜ ਦਰਬਾਰ ਵਿੱਚ ਆ ਗਿਆ। ਸੁੰਨਦਾ ਨੇ ਰਾਜੇ ਕੋਲ ਪੁੱਤਰ ਦੀ ਵਾਪਸੀ ਲਈ ਅਰਜ ਕੀਤੀ। ਰਾਜੇ ਨੇ ਆਖਿਆ, "ਤੂੰ ਕੱਲ ਨੂੰ ਦਰਬਾਰ

ਵਿੱਚ ਆ ਜਾਵੀ, ਮੈਂ ਦੂਜੀ ਧਿਰ ਨੂੰ ਬੁਲਾਵਾਂਗਾ ਅਤੇ ਬਾਲਕ ਤੋਂ ਪੁੱਛ ਕੇ ਬਾਲਕ ਨੂੰ ਉਸ ਦੀ ਮਰਜ਼ੀ ਦੇ ਮੁਤਾਬਿਕ ਦੀ ਧਿਰ ਨਾਲ ਉਸ ਨੂੰ ਭੇਜ ਦਿੱਤਾ ਜਾਵੇਗਾ"।

ਅਗਲੇ ਦਿਨ ਜੈਨ ਧਰਮ ਸੰਘ ਅਪਣੇ ਅਚਾਰਿਆ ਨੂੰ ਨਾਲ ਲੈ ਕੇ ਰਾਜ ਦਰਬਾਰ ਵਿੱਚ ਆਇਆ। ਦੂਸਰੇ ਪਾਸੇ ਸ਼ਹਿਰ ਦੇ ਆਮ ਲੋਕਾਂ ਨੂੰ ਲੈ ਕੇ ਸੁੰਨਦਾ ਆਈ। ਵਿੱਚਕਾਰ ਬਾਲਕ ਨੂੰ ਬਿਠਾਇਆ ਗਿਆ। ਰਾਜੇ ਨੇ ਸੁੰਨਦਾ ਨੂੰ ਆਖਿਆ, "ਤੂੰ ਬਾਲਕ ਨੂੰ ਪੁਕਾਰ, ਜੇ ਬਾਲਕ ਤੇਰਾ ਕਿਹਾ ਮੰਨੇਗਾ ਤਾਂ ਤੂੰ ਬਾਲਕ ਨੂੰ ਲੈ ਜਾਵੀਂ"। ਸੁੰਨਦਾ ਨੇ ਬਾਲਕ ਨੂੰ ਬੜੇ ਪਿਆਰ ਨਾਲ ਬੁਲਾਇਆ, ਉਸ ਨੂੰ ਖਿਡੌਨੇ ਵਿਖਾ ਕੇ ਲਾਲਚ ਦਿੱਤਾ ਪਰ ਬਾਲਕ ਟੱਸ ਤੋਂ ਮੱਸ ਨਾ ਹੋਇਆ। ਦੂਜੇ ਪਾਸੇ ਰਾਜਾ ਦੇ ਹੁਕਮ ਨਾਲ ਜਦ ਬਾਲਕ ਦੀ ਰੱਖਿਆ ਕਰਨ ਵਾਲੀ ਭੈਣ ਨੇ ਆਖਿਆ, "ਬੱਜ਼ਰ ਜੇ ਤੂੰ ਮੇਰੇ ਕੋਲ ਆਉਂਣਾ ਚਾਹੁੰਦਾ ਹੈਂ ਤਾਂ ਕਰਮ ਰੂਪੀ ਧੂੜ ਨੂੰ ਖਤਮ ਕਰਨ ਵਾਲਾ ਇਹ ਰਜੋਹਰਨ (ਔਘਾ) ਸਵੀਕਾਰ ਕਰ"। ਭੈਣ ਦੇ ਇਸ ਪ੍ਰਕਾਰ ਆਖਣ 'ਤੇ ਬਾਲਕ ਨੇ ਰਜੋਹਰਨ ਕਸ ਕੇ ਫੜ ਲਿਆ, ਇਸ 'ਤੇ ਰਾਜੇ ਨੇ ਜੈਨ ਸੰਘ ਦੇ ਹੱਕ ਵਿੱਚ ਫੈਸਲਾ ਦਿੱਤਾ ਅਤੇ ਕੁੱਝ ਸਮਾਂ ਬੀਤਣ ਤੇ ਉਸ ਨੂੰ ਸਾਧੂ ਬਣਾ ਦਿੱਤਾ।

ਜਦ ਬੱਜ਼ਰ ਮੁਨੀ ਸਾਧੂ ਬਣਿਆ ਤਾਂ ਉਸ ਦੀ ਉਮਰ 8 ਸਾਲ ਸੀ। ਉਹ ਅਚਾਰਿਆ ਨਾਲ ਧਰਮ ਯਾਤਰਾ ਕਰਨ ਲੱਗਾ। ਰਾਹ ਵਿੱਚ ਉਸ ਦੇ ਪਿਛਲੇ ਜਨਮ ਦੇ ਮਿੱਤਰ ਜੂੰਬਕਦੇਵ ਜਾ ਰਹੇ ਸਨ। ਜੂੰਬਕਦੇਵ ਨੇ ਬੱਜ਼ਰ ਮੁਨੀ ਨੂੰ ਭੋਜਣ ਲਈ ਬੁਲਾਵਾ ਦਿਤਾ ਪਰ ਬੱਜ਼ਰ ਮੁਨੀ ਸਮਝ ਗਏ ਸਨ, ਕਿ ਇਹ ਭੋਜਣ ਦੇਵਤੇ ਰਾਹੀਂ ਦਿੱਤਾ ਭੋਜਣ ਹੈ। ਸਾਧੂ ਨੂੰ ਰਾਜਾ ਅਤੇ ਦੇਵਤੇ ਰਾਹੀਂ ਦਿੱਤਾ ਭੋਜਣ ਗ੍ਰਹਿਣ ਕਰਨਾ ਮਨ੍ਹਾਂ ਹੈ। ਦੇਵਤੇ ਨੇ ਖੁਸ਼ ਹੋ ਕੇ ਮੁਨੀ ਨੂੰ ਵੇਕਰਿਆ (ਰੂਪ ਬਦਲਣ ਦੀ ਸ਼ਕਤੀ) ਪ੍ਰਦਾਨ ਕੀਤੀ। ਦੂਜੀ ਵਾਰ ਜਦੋਂ ਅਵੰਤੀ ਨਗਰੀ ਪਧਾਰੇ ਤਾਂ ਫਿਰ ਦੇਵਤੇ ਨੇ ਪ੍ਰੀਖਿਆ ਲਈ, ਜਿਸ ਵਿੱਚ ਬੱਜ਼ਰ ਮੁਨੀ ਸਫਲ ਹੋਏ। ਦੇਵਤੇ ਨੇ ਖੁਸ਼ ਹੋ ਕੇ ਆਕਾਸ਼ ਗਾਮਣੀ (ਆਸਮਾਨ ਵਿੱਚ ਉੱਡਨ ਦੀ ਸ਼ਕਤੀ) ਪ੍ਰਦਾਨ

ਕੀਤੀ। ਬੱਜ਼ਰ ਮੁਨੀ ਦਾ ਦਿਮਾਗ ਇੰਨਾ ਤੇਜ਼ ਸੀ ਕਿ ਜਦੋਂ ਹੋਰ ਮੁਨੀ ਪੜ੍ਹ ਰਹੇ ਹੁੰਦੇ ਤਾਂ ਉਹਨਾਂ ਦੀ ਪੜ੍ਹਾਈ ਸੁਣ ਕੇ ਹੀ ਉਹਨਾਂ ਨੂੰ ਸਾਰੇ ਆਗਮਾਂ ਦਾ ਗਿਆਨ ਪ੍ਰਾਪਤ ਹੋ ਜਾਂਦਾ। ਉਹਨਾਂ ਨੇ ਉਸ ਸਮੇਂ ਪ੍ਰਾਪਤ ਕੁੱਝ ਪੂਰਵਾਂ ਦਾ ਗਿਆਨ ਵੀ ਹਾਸਲ ਕੀਤਾ।

ਇੱਕ ਵਾਰ ਅਚਾਰਿਆ ਬਾਹਰ ਜੰਗਲ ਪਾਣੀ ਲਈ ਗਏ ਸਨ ਅਤੇ ਦੂਸਰੇ ਸਾਧੂ ਵੀ ਭੋਜਣ ਮੰਗਣ ਲਈ ਧਰਮ ਸਥਾਨ ਤੋਂ ਬਾਹਰ ਸਨ। ਇਸੇ ਵਿੱਚਕਾਰ ਬੱਜ਼ਰ ਸਵਾਮੀ ਨੇ ਛੋਟੇ ਸਾਧੂਆਂ ਨੂੰ ਆਪਣਾ ਸਿੱਖਿਆ ਗਿਆਨ ਦੇਣਾ ਸ਼ੁਰੂ ਕਰ ਦਿੱਤਾ। ਜਦ ਅਚਾਰਿਆ ਨੇ ਉਹਨਾਂ ਨੂੰ ਇਸ ਪ੍ਰਕਾਰ ਆਗਮ ਵਾਚਨਾ ਦਿੰਦੇ ਵੇਖਿਆ ਤਾਂ ਉਹ ਬਹੁਤ ਖੁਸ਼ ਹੋਏ ਅਤੇ ਉਹਨਾਂ ਨੂੰ ਭੱਵਿਖ ਵਿੱਚ ਵਾਚਨਾ ਦੇਣ ਲਈ ਨਿਯੁੱਕਤ ਕਰ ਦਿਤਾ। ਇਸ ਪ੍ਰਕਾਰ ਨਿਯੁੱਕਤੀ ਤੋਂ ਬਾਅਦ ਆਪ ਉੱਥੋਂ ਚਲੇ ਗਏ। ਸਾਰੇ ਸਾਧੂ ਉਹਨਾਂ ਦੇ ਪੜ੍ਹਾਉਣ ਦੇ ਤਰੀਕੇ ਤੋਂ ਬਹੁਤ ਖੁਸ਼ ਹੋਏ ਅਤੇ ਸੋਚਨ ਲੱਗੇ ਜੇ ਕੁੱਝ ਦਿਨ ਅਚਾਰਿਆ ਨਾ ਆਉਣ ਅਤੇ ਅਸੀਂ ਬੱਜ਼ਰ ਮੁਨੀ ਤੋਂ ਵਾਚਨਾ ਲੈਂਦੇ ਰਹੀਏ। ਹੋਲੀ ਹੋਲੀ ਬੱਜ਼ਰ ਮੁਨੀ ਨੇ ਦਸ ਪੂਰਵਾਂ ਦਾ ਗਿਆਨ ਪੂਰਾ ਕਰ ਲਿਆ।

ਅਚਾਰਿਆ ਦੇ ਸਵਰਗਵਾਸ ਤੋਂ ਬਾਅਦ ਆਪ ਨੂੰ ਜੈਨ ਧਰਮ ਸੰਘ ਦਾ ਅਚਾਰਿਆ ਬਣਾਇਆ ਗਿਆ। ਅਨੇਕਾਂ ਸਾਧੂ ਸਾਧਵੀਆਂ ਨੇ ਆਪ ਦੇ ਉਪਦੇਸ਼ ਤੋਂ ਪ੍ਰਭਾਵਤ ਹੋ ਕੇ ਸਾਧੂ ਜੀਵਨ ਗ੍ਰਹਿਣ ਕੀਤਾ। ਸ਼ਾਸਤਰਾਂ ਦੇ ਗਿਆਨ ਅਤੇ ਅਲੌਕਿਕ ਰਿਧੀਆਂ ਕਾਰਨ ਆਪ ਦਾ ਪ੍ਰਭਾਵ ਦੂਰ ਦੂਰ ਤੱਕ ਫੈਲ ਗਿਆ। ਮਨੁੱਖਾਂ ਤੋਂ ਛੁੱਟ ਦੇਵਤੇ ਵੀ ਆਪ ਦੀ ਸੇਵਾ ਵਿੱਚ ਰਹਿਣ ਲੱਗੇ। ਅਨੇਕਾਂ ਬਾਰ ਸੁੰਦਰ ਇਸਤਰੀਆਂ ਦੇ ਹਾਉਭਾਵ ਵੀ ਆਪ ਦੇ ਨਿਰਮਲ ਜੀਵਨ ਨੂੰ ਪ੍ਰਭਾਵਤ ਨਹੀਂ ਕਰ ਸਕੇ। ਆਪ ਨੇ ਅਖੰਡ ਸ਼ੀਲ ਦਾ ਪਾਲਣ ਕੀਤਾ।

ਇੱਕ ਤਾਂ ਜਵਾਨੀ ਦੀ ਉੱਮਰ ਉਂਝ ਹੀ ਪਾਗਲ ਕਰਨ ਵਾਲੀ ਹੁੰਦੀ ਹੈ। ਉਸ ਉੱਪਰ ਜੇ ਨੌਜਵਾਨ ਇਸਤਰੀਆਂ ਦੀ ਬੇਨਤੀ ਪ੍ਰਾਪਤ ਹੋਵੇ ਤਾਂ ਅਜਿਹੀ ਦਿਸ਼ਾ ਵਿੱਚ ਮਨ ਨੂੰ ਸਥਿਰ ਰੱਖਣਾ ਅਸੰਭਵ ਹੈ। ਪਰ ਕਾਮ ਨੂੰ ਜਿੱਤਨ ਵਾਲੇ ਪੁਰਸ਼ ਲਈ ਕਿਸੇ ਤਰ੍ਹਾਂ ਦਾ ਆਕਰਸ਼ਨ ਅਤੇ ਸੁੰਦਰਤਾ ਉਸ ਦੇ ਪੱਥਰ ਮਨ ਨੂੰ ਪਿਘਲਾ ਨਹੀਂ ਸਕਦੀ। ਮਹਾਂ ਰਿਸ਼ਿ ਬੱਜ਼ਰ ਸਵਾਮੀ ਨੇ ਬਚਪਨ ਵਿੱਚ ਦਿੱਖਿਆ ਗ੍ਰਹਿਣ ਕੀਤੀ, ਕਠੋਰ ਹਾਲਤਾਂ ਵਿੱਚ ਵੀ ਉਹ ਮੇਰੂ ਪਰਬਤ ਦੀ ਤਰ੍ਹਾਂ ਅਡੋਲ ਰਹੇ। ਇਸ ਤੋਂ ਵੱਧ ਕੀ ਅਚੰਬਾ ਹੋ ਸਕਦਾ ਹੈ। ਇਸ ਸਭ ਸ਼ੀਲ ਕਾਰਨ ਸੰਭਵ ਹੋ ਸਕਿਆ।

18

# ਸੇਠ ਸੁਦਰਸ਼ਨ

ਭਗਵਾਨ ਮਹਾਵੀਰ ਦੇ ਸਮੇਂ ਦੀ ਘਟਨਾ ਹੈ ਕਿ ਚੰਪਾ ਨਾਂ ਦੀ ਨਗਰੀ ਵਿੱਚ ਸੁਦਰਸ਼ਨ ਨਾਂ ਦਾ ਸੇਠ ਰਹਿੰਦਾ ਸੀ ਜੋ ਅਪਣੇ ਸ਼ੀਲ ਧਰਮ ਪਾਲਣ ਵਿੱਚ ਪ੍ਰਸਿੱਧ ਸੀ। ਸੁਦਰਸ਼ਨ ਆਪਣੇ ਨਾਂ ਅਨੁਸਾਰ ਬਹੁਤ ਹੀ ਸੁੰਦਰ ਅਤੇ ਅਨੇਕਾਂ ਗੁਣਾਂ ਦਾ ਭੰਡਾਰ ਸੀ। ਨੌਜਵਾਨ ਅਵੱਸਥਾ ਵਿੱਚ ਉਸ ਦੀ ਸੁੰਦਰਤਾ ਤੇ ਆਕਰਸ਼ਨ ਵਿੱਚ ਬਹੁਤ ਵਾਧਾ ਹੋਇਆ। ਉਹ ਕਾਮਦੇਵ ਦੇ ਸਮਾਨ ਮਨ ਨੂੰ ਚੰਗਾ ਲੱਗਣ ਵਾਲਾ ਸੀ। ਸ਼ਹਿਰ ਦੀਆਂ ਅਨੇਕਾਂ ਕੰਨਿਆਵਾਂ ਉਸ 'ਤੇ ਜਾਨ ਛਿੜਕਦੀਆਂ ਸਨ। ਪਰ ਸੇਠ ਸੁਦਰਸ਼ਨ ਅਪਣੇ ਗੁਣਾਂ ਅਤੇ ਚੰਗੇ ਆਚਰਣ ਦਾ ਧਾਰਕ ਸੀ। ਉਹ ਅਪਣਾ ਜੀਵਨ ਸੰਜਮ ਪੂਰਵਕ ਗੁਜਾਰਦਾ ਸੀ। ਉਸ ਨੇ ਜੈਨ ਉਪਾਸਕ ਦੇ 12 ਵਰਤ ਗ੍ਰਹਿਣ ਕਰਕੇ ਉਸ ਦੀ ਅਰਾਧਨਾ ਸ਼ੁਰੂ ਕੀਤੀ ਹੋਈ ਸੀ। ਉਸ ਦੇ ਚੰਗੇ ਵਿਵਹਾਰ ਅਤੇ ਧਾਰਮਕ ਜੀਵਨ ਤੋਂ ਚੰਪਾ ਵਾਸੀ ਪ੍ਰਭਾਵਤ ਸਨ ਅਤੇ ਦਿਲੋਂ ਉਸ ਦੀ ਕਦਰ ਕਰਦੇ ਸਨ।

ਸੇਠ ਸੁਦਰਸ਼ਨ ਦੇ ਇਹਨਾਂ ਗੁਣਾਂ ਕਾਰਨ ਨਗਰ ਦੇ ਰਾਜਪਰੋਹਿਤ ਨਾਲ ਉਸ ਦੀ ਦੋਸਤੀ ਹੋ ਗਈ। ਪਰੋਹਿਤ ਸਮੇਂ ਸਮੇਂ ਸੁਦਰਸ਼ਨ ਤੋਂ ਸਮਾਜਿਕ ਵਿਵਹਾਰਕ ਅਤੇ ਅਧਿਆਤਮਿਕ ਮਾਮਲਿਆਂ ਵਿੱਚ ਰਾਏ ਮਸ਼ਵਰਾ ਕਰਕੇ ਖੁਸ਼ੀ ਅਨੁਭਵ ਕਰਦਾ ਸੀ। ਕਦੇ ਕਦੇ ਉਹਨਾਂ ਦੀ ਚਰਚਾ ਇੰਨੀ ਹੋ ਜਾਂਦੀ ਕਿ ਉਹਨਾਂ ਨੂੰ ਸੌਣ ਦਾ ਧਿਆਨ ਵੀ ਨਾ ਰਹਿੰਦਾ।

ਇੱਕ ਦਿਨ ਪਰੋਹਿਤ ਦੀ ਪਤਨੀ ਨੇ ਪਤੀ ਤੋਂ ਦੇਰ ਨਾਲ ਆਉਣ ਦਾ ਕਾਰਨ ਪੁਛਿਆ ਤਾਂ ਪਰੋਹਿਤ ਨੇ ਆਖਿਆ, "ਮੈਂ ਅਪਣੇ ਪਿਆਰੇ ਮਿੱਤਰ ਸੇਠ ਸੁਦਰਸ਼ਨ ਨਾਲ ਵਿਚਾਰ ਵਟਾਂਦਰਾ ਕਰ ਰਿਹਾ ਸੀ। ਇਸ ਲਈ ਮੈਨੂੰ ਸਮੇਂ ਦਾ ਧਿਆਨ ਹੀ ਨਹੀਂ ਰਿਹਾ ਅਤੇ ਨਾ ਹੀ ਮੇਰਾ ਉਸ ਪਾਸੋਂ ਆਉਣ ਨੂੰ ਮਨ ਕੀਤਾ ਸੇਠ ਸੁਦਰਸ਼ਨ ਬੜਾ ਹੀ ਗੁਣਵਾਨ,

ਵਿਦਵਾਨ ਅਤੇ ਰੂਪਵਾਨ ਹੈ। ਜੋ ਉਸ ਦੀ ਇੱਕ ਵਾਰ ਸੰਗਤ ਕਰ ਲੈਂਦਾ ਹੈ ਉਹ ਉਸ ਦਾ ਹੋ ਜਾਂਦਾ ਹੈ"।

ਪਰੋਹਿਤਨੀ ਕਪਲਾ ਨੇ ਸੁਦਰਸ਼ਨ ਸੇਠ ਦੀ ਸੁੰਦਰਤਾ ਦੀ ਗੱਲ ਸੁਣੀ, ਤਾਂ ਉਸ ਦੇ ਮਨ ਵਿੱਚ ਉਸ ਨੂੰ ਮਿਲਣ ਦੀ ਇੱਛਾ ਪੈਦਾ ਹੋਈ। ਇੱਕ ਦਿਨ ਪਰੋਹਿਤਨੀ ਨੇ ਪਰੋਹਿਤ ਦੀ ਬਿਮਾਰੀ ਦਾ ਬਹਾਨਾ ਕਰਕੇ, ਸੇਠ ਸੁਦਰਸ਼ਨ ਨੂੰ ਘਰ ਬੁਲਾ ਲਿਆ। ਘਰ ਵਿੱਚ ਉਹ ਇਕਲੀ ਸੀ, ਕਾਮਵੱਸ ਉਸ ਨੇ ਸੁਦਰਸ਼ਨ 'ਤੇ ਤ੍ਰਿਆ ਚਰਿਤਰ ਖੇਡਣਾ ਸ਼ੁਰੂ ਕੀਤਾ ਅਤੇ ਉਸ ਨੂੰ ਹਰ ਢੰਗ ਨਾਲ ਆਪਣੇ ਜਾਲ ਵਿੱਚ ਫਸਾਉਣਾ ਚਾਹਿਆ। ਸੁਦਰਸ਼ਨ ਨੇ ਇਸ ਜਾਲ ਵਿੱਚੋਂ ਨਿਕਲਣ ਲਈ ਇਕ ਜੁਗਤ ਦਾ ਸਹਾਰਾ ਲਿਆ। ਉਸ ਨੇ ਆਖਿਆ, "ਮੈਂ ਤਾਂ ਨਾਮਰਦ ਹਾਂ" ਇਸ ਪ੍ਰਕਾਰ ਆਖ ਕੇ ਉਹ ਤ੍ਰਿਆ ਜਾਲ ਵਿੱਚੋਂ ਬਾਹਰ ਨਿਕਲ ਗਿਆ।

ਇੱਕ ਵਾਰ ਸ਼ਹਿਰ ਵਿੱਚ ਕੋਈ ਮਹੋਤਸਵ ਬਣਾਇਆ ਜਾ ਰਿਹਾ ਸੀ। ਪਰੋਹਿਤਨੀ ਕਪਿਲਾ, ਮਹਾਰਾਨੀ ਅਭੈ, ਨਾਲ ਉੱਥੇ ਗਈ ਹੋਈ ਸੀ, ਕਪਿਲਾ ਦੀ ਨਜਰ ਇੱਕ ਰੱਥ ਉੱਪਰ ਬੈਠੀ ਸੁੰਦਰ ਇਸਤਰੀ ਅਤੇ ਉਸ ਦੇ ਪੰਜ ਪੁੱਤਰਾਂ ਵੱਲ ਗਈ। ਉਹਨਾਂ ਬੱਚਿਆਂ ਨੂੰ ਵੇਖ ਕੇ ਕਪਿਲਾ ਨੇ ਪੁੱਛਿਆ, "ਇਹ ਦੇਵਤਿਆਂ ਦੇ ਸਮਾਨ ਇਹ ਪੰਜੋ ਪੁੱਤਰ ਕਿਸ ਦੇ ਹਨ?" ਇਹ ਸੁਣਕੇ ਰਾਣੀ ਨੇ ਆਖਿਆ, "ਤੂੰ ਨਹੀਂ ਜਾਣਦੀ ਇਹ ਸੇਠ ਸੁਦਰਸ਼ਨ ਦੇ ਪੰਜ ਪੁਤਰ ਹਨ ਅਤੇ ਇਸਤਰੀ ਸੇਠ ਸੁਦਰਸ਼ਨ ਦੀ ਪਤਨੀ ਮਨੋਰਮਾ ਹੈ"। ਇਹ ਸੁਣਕੇ ਕਪਿਲਾ ਨੇ ਘ੍ਰਿਣਾ ਵੱਸ ਆਖਿਆ, "ਕਿਸੇ ਨਿਪੁੰਸਕ ਦੇ ਵੀ ਪੁੱਤਰ ਹੁੰਦੇ ਹਨ?"

ਇਹ ਗੱਲ ਸੁਣਕੇ ਰਾਣੀ ਨੇ ਆਖਿਆ, "ਤੂੰ ਕਿਵੇਂ ਜਾਣਦੀ ਹੈ ਕਿ ਸੇਠ ਸੁਦਰਸ਼ਨ ਨਿਪੁੰਸਕ ਹੈ?" ਇਸ ਦੇ ਜਵਾਬ ਵਿੱਚ ਕਪਿਲਾ ਨੇ ਅਪਣੀ ਸਾਰੀ ਆਪਬੀਤੀ ਰਾਣੀ ਨੂੰ ਸੁਣਾਈ। ਰਾਣੀ ਨੇ ਆਖਿਆ, "ਕਪਿਲਾ ਤੇਰੇ ਨਾਲ ਠੱਗੀ ਹੋਈ ਹੈ ਸੇਠ ਤਾਂ ਕਾਮਦੇਵ ਦਾ

ਅਵਤਾਰ ਹੈ। ਤੇਰੇ ਤੋਂ ਪਿਛਾ ਛੁਡਾਉਣ ਲਈ ਉਸ ਨੇ ਅਪਣੇ ਆਪ ਨੂੰ ਨਾਮਰਦ ਆਖਿਆ ਹੈ, ਤੂੰ ਉਸ ਦੇ ਧੋਖੇ ਵਿੱਚ ਆ ਗਈ। ਉਸ ਵਰਗਾ ਸੁੰਦਰ ਸਾਰੇ ਸ਼ਹਿਰ ਵਿੱਚ ਨਹੀਂ ਹੈ"।

ਕਪਿਲਾ ਨੇ ਆਖਿਆ ਜੇ ਅਜਿਹੀ ਗੱਲ ਹੈ ਤਾਂ ਤੁਸੀ ਖੁਦ ਹੀ ਸੇਠ ਨੂੰ ਕਿਸੇ ਢੰਗ ਨਾਲ ਵੱਸ ਵਿੱਚ ਕਰਕੇ ਆਪਣੀ ਚੰਗੀ ਅਕਲ ਦਾ ਸਬੂਤ ਦੇਵੋ। ਜੇ ਤੁਸੀਂ ਸੁਦਰਸ਼ਨ ਨੂੰ ਵੱਸ ਵਿੱਚ ਕਰ ਲਿਆ, ਤਾਂ ਮੈਂ ਸਮਝਾਂਗੀ ਕਿ ਤੁਸੀਂ ਕਾਮ ਕਲਾ ਵਿੱਚ ਵਿਦਵਾਨ ਹੋ। ਕਪਿਲਾ ਦੀ ਗਲਤ ਪ੍ਰੇਰਨਾ ਨੇ ਅਭੈ ਮਹਾਰਾਣੀ ਨੂੰ ਇਹ ਕੰਮ ਕਰਨ ਲਈ ਮਜਬੂਰ ਕਰ ਦਿੱਤਾ। ਹੁਣ ਮਹਾਰਾਣੀ ਸੇਠ ਸੁਦਰਸ਼ਨ ਨੂੰ ਅਪਣੇ ਜਾਲ ਵਿੱਚ ਫਸਾਉਣ ਲਈ ਤਰਕੀਬ ਸੋਚਨ ਲੱਗੀ।

ਸੰਜੋਗ ਵੱਸ ਇੱਕ ਵਾਰ ਸ਼ਹਿਰ ਵਿੱਚ ਕੋਮੁੰਦੀ ਮਹੋਤਸਵ ਮਨਾਇਆ ਜਾ ਰਿਹਾ ਸੀ। ਰਾਜ ਵੱਲੋਂ ਇਹ ਘੋਸ਼ਣਾ ਹੋਈ ਕਿ ਸਾਰੇ ਨਾਗਰਿਕ ਮਹੋਤਸਵ ਵਾਲੀ ਜਗ੍ਹਾ ਸ਼ਾਮਲ ਹੋਣ ਕੋਈ ਘਰ ਨਾ ਰਹੇ। ਸੁਦਰਸ਼ਨ ਹਰ ਮਹੀਨੇ ਦੀ ਪਰਵ ਤਿੱਥੀ ਨੂੰ ਪੋਸ਼ਧ ਵਰਤ ਦੀ ਅਰਾਧਨਾ ਕਰਦਾ ਸੀ। ਇਹ ਵਰਤ ਦੀ ਅਰਾਧਨਾ ਧਰਮ ਸਥਾਨ ਜਾ ਕੇ ਹੀ ਕੀਤੀ ਜਾਂਦੀ ਹੈ। ਉਸ ਨੇ ਰਾਜੇ ਤੋਂ ਆਗਿਆ ਲੈ ਕੇ ਕਤਕ ਸ਼ੁਕਲਾ 14 ਅਤੇ ਪੂਰਨਮਾਸੀ ਨੂੰ ਪੋਸ਼ਧ ਵਰਤ ਗ੍ਰਹਿਣ ਕੀਤਾ। ਸ਼ਹਿਰ ਦੇ ਲੋਕ ਮਹੋਤਸਵ ਵਿੱਚ ਗਏ ਹੋਏ ਸਨ, ਸੇਠਾਨੀ ਮਨੋਰਮਾ ਵੀ ਅਪਣੇ ਪੁੱਤਰਾਂ ਨਾਲ ਸਮਾਰੋਹ ਵਿੱਚ ਸ਼ਾਮਲ ਹੋਈ, ਸਾਰਾ ਸ਼ਹਿਰ ਸੁੰਨਾ ਸੀ। ਮਹਾਰਾਣੀ ਅਭੈ ਨੇ ਇਹ ਮੌਕਾ ਚੰਗਾ ਸਮਝ ਕੇ, ਇਸ ਦਾ ਫਾਇਦਾ ਉਠਾਉਣਾ ਠੀਕ ਸਮਝਿਆ। ਉਸ ਨੇ ਪੇਟ ਦਰਦ ਦਾ ਬਹਾਨਾ ਬਣਾ ਕੇ ਮਹਾਰਾਜ ਦੇ ਮਹਿਲ ਚੋਂ ਬਾਹਰ ਜਾਣ ਦੀ ਆਗਿਆ ਲੈ ਲਈ।

ਇਧਰ ਸੇਠ ਸੁਦਰਸ਼ਨ ਧਰਮ ਸਥਾਨ 'ਤੇ ਬੈਠਾ ਧਰਮ ਕ੍ਰਿਆ ਵਿੱਚ ਮਗਨ ਸੀ। ਮਹਾਰਾਣੀ ਨੇ ਆਪਣੀ ਵਿਸ਼ਵਾਸਪਾਤਰ ਨੌਕਰਾਨੀ ਨੂੰ ਦੋ ਦਾਸਾਂ ਨਾਲ ਭੇਜ ਕੇ ਧਰਮ ਸਥਾਨ ਤੋਂ ਸੇਠ ਸੁਦਰਸ਼ਨ ਨੂੰ ਚੁਕਵਾ ਕੇ ਮਹਿਲਾਂ ਵਿੱਚ ਮੰਗਵਾਇਆ। ਅਭੈ ਰਾਣੀ ਦੇ ਸੌਣ ਦੇ

ਕਮਰੇ ਵਿੱਚ ਜਦੋਂ ਸੇਠ ਸੁਦਰਸ਼ਨ ਦਾ ਧਿਆਨ ਖੁੱਲਿਆ ਤਾਂ ਮਹਾਰਾਣੀ ਨੇ ਆਪਣੀ ਇੱਛਾ ਅਤੇ ਇੱਥੇ ਚੁੱਕ ਕੇ ਲਿਆਉਣ ਦਾ ਉਦੇਸ਼ ਦੱਸ ਦਿੱਤਾ। ਮਹਿਲ ਦੇ ਇਕਾਂਤ ਵਾਤਾਵਰਨ ਵਿੱਚ ਰਾਣੀ ਨੇ ਹਰ ਤਰ੍ਹਾਂ ਦੇ ਤ੍ਰਿਆ ਚਰਿਤਰ ਰਾਹੀਂ ਸੇਠ ਸੁਦਰਸ਼ਨ ਨੂੰ ਵੱਸ ਵਿੱਚ ਕਰਨ ਦੀ ਕੋਸ਼ਿਸ ਕੀਤੀ ਪਰ ਸੇਠ ਸੁਦਰਸ਼ਨ ਆਪਣੇ ਸ਼ੀਲ ਧਰਮ ਤੇ ਕਾਇਮ ਰਿਹਾ। ਆਖਰ ਵਿੱਚ ਤ੍ਰਿਆ ਚਰਿਤਰ ਦਾ ਇਕ ਹੋਰ ਉਦਾਹਰਨ ਪੇਸ਼ ਕਰਦੇ ਹੋਏ ਰਾਣੀ ਨੇ ਆਪਣੇ ਕੱਪੜੇ ਫਾੜ ਲਏ, ਅਪਣੇ ਸਰੀਰ ਨੂੰ ਆਪ ਹੀ ਨੋਹਾਂ ਨਾਲ ਖੁਰਚ ਲਿਆ ਅਤੇ ਉੱਚੀ ਉੱਚੀ ਰੋਣਾ ਸ਼ੁਰੂ ਕਰ ਦਿੱਤਾ। ਰਾਜਾ ਨੂੰ ਇਹ ਸੂਚਨਾ ਪ੍ਰਾਪਤ ਹੋਈ ਕਿ ਸੇਠ ਸੁਦਰਸ਼ਨ ਧੱਕੇ ਨਾਲ ਮਹਿਲ ਵਿੱਚ ਆ ਗਿਆ ਹੈ ਅਤੇ ਉਸ ਨੇ ਰਾਣੀ ਦਾ ਸ਼ੀਲ ਭੰਗ ਕਰਨ ਦੀ ਕੋਸ਼ਿਸ ਕੀਤੀ।

ਰਾਜਾ ਦੱਧੀਵਾਹਨ ਨੇ ਸੇਠ ਸੁਦਰਸ਼ਨ ਨੂੰ ਇਸ ਮਾਮਲੇ ਬਾਰੇ ਪੁੱਛਿਆ, ਪਰ ਸ਼ੀਲ ਤੇ ਦ੍ਰਿੜ ਸੇਠ ਨੇ ਰਾਣੀ ਵਿਰੁਧ ਕੋਈ ਗੱਲ ਨਹੀਂ ਆਖੀ ਉਹ ਚੁੱਪ ਰਿਹਾ। ਸੇਠ ਸੁਦਰਸ਼ਨ ਨੇ ਸੋਚਿਆ ਕਿ ਜੇ ਮੈਂ ਰਾਣੀ ਦੀ ਗੱਲ ਜ਼ਾਹਰ ਕਰਾਂਗਾ ਤਾਂ ਰਾਜਾ ਰਾਣੀ ਅਤੇ ਪਰੋਹਿਤਨੀ ਕਪਿਲਾ ਨੂੰ ਮੌਤ ਦਾ ਦੰਡ ਦੇਵੇਗਾ। ਸੋ ਇਹਨਾਂ ਦੀ ਮੌਤ ਦਾ ਕਾਰਨ ਮੈਂ ਨਹੀਂ ਬਣਾਂਗਾ ਇਸ ਲਈ ਮੇਰੇ ਲਈ ਚੁੱਪ ਰਹਿਕੇ ਧਰਮ ਦੀ ਅਰਾਧਨਾ ਕਰਨਾ ਹੀ ਉੱਤਮ ਹੈ। ਇਸ ਪ੍ਰਕਾਰ ਸੋਚ ਕੇ ਉਹ ਨਮਕਾਰ ਮੰਤਰ ਦੀ ਅਰਾਧਨਾ ਕਰਨ ਲੱਗਾ।

ਰਾਜੇ ਨੇ ਸੇਠ ਸੁਦਰਸ਼ਨ ਨੂੰ ਅਪਰਾਧੀ ਜਾਣਕੇ ਸੂਲੀ ‘ਤੇ ਚੜ੍ਹਾਉਣ ਦਾ ਹੁਕਮ ਦਿਤਾ। ਉਹ ਨਮਕਾਰ ਮੰਤਰ ਦਾ ਅਧਿਐਨ ਕਰਦਾ ਹੋਇਆ ਸੂਲ਼ੀ ਉਪਰ ਚੱੜ੍ਹ ਗਿਆ ਪਰ ਸ਼ੀਲਵਾਨ ਨੂੰ ਕੋਈ ਕਸ਼ਟ ਹਰਾ ਨਹੀਂ ਸਕਦਾ। ਇਹ ਕਸ਼ਟ ਵੀ ਉਸ ਦੇ ਗਲੇ ਦਾ ਹਾਰ ਬਣ ਜਾਂਦਾ ਹੈ। ਕੁੱਝ ਸਮੇਂ ਬਾਅਦ ਲੋਕਾਂ ਨੇ ਵੇਖਿਆ ਕਿ ਸ਼ੀਲ ਦੇ ਪ੍ਰਭਾਵ ਕਾਰਨ ਸੂਲੀ ਦਾ ਸਿੰਘਾਸਨ ਬਣ ਗਿਆ। ਉਸ ਸਿੰਘਾਸਨ ਦੇ ਉੱਪਰ ਬਿਠਾ ਕੇ ਦੇਵਤਿਆਂ ਨੇ ਉਸ ਦੀ ਜੈ ਜੈਕਾਰ ਕੀਤੀ। ਰਾਜਾ ਤੇ ਪਰਜਾ ਨੂੰ ਜਦ ਇਸ ਗੱਲ ਦਾ ਪਤਾ ਲੱਗਾ, ਤਾਂ ਰਾਜੇ ਨੇ ਸੇਠ ਤੋਂ

ਆਪਣੀ ਗਲਤੀ ਲਈ ਖਿਮਾ ਮੰਗੀ ਅਤੇ ਉਸ ਨੂੰ ਨਗਰ ਸੇਠ ਬਣਾ ਦਿੱਤਾ। ਜਦ ਰਾਜਾ ਰਾਣੀ ਅਭੈ ਅਤੇ ਪਰੋਹਿਤਨੀ ਕਪਿਲਾ ਨੂੰ ਦੰਡ ਦੇਣ ਲੱਗਾ ਤਾਂ ਸੇਠ ਸੁਦਰਸ਼ਨ ਨੇ ਉਹਨਾਂ ਦੀ ਸਜਾ ਵੀ ਮੁਆਫ ਕਰਵਾ ਦਿੱਤੀ। ਸੇਠ ਸੁਦਰਸ਼ਨ ਦੀ ਧਰਮ, ਸ਼ਰਧਾ, ਖਿਮਾ ਅਤੇ ਸ਼ੀਲ ਦੀ ਅਰਾਧਨਾ ਕਾਰਨ ਉਸ ਦੀ ਜੈ ਜੈਕਾਰ ਹੋਈ। ਸੇਠ ਸੁਦਰਸ਼ਨ ਜਾਣਦਾ ਸੀ ਕਿ ਜੇ ਉਸ ਨੇ ਰਾਜੇ ਨੂੰ ਸੱਚ ਆਖ ਦਿੱਤਾ ਤਾਂ ਰਾਜਾ ਉਸ ਤੇ ਵਿਸ਼ਵਾਸ ਕਰੇਗਾ ਕਿਉਂਕਿ ਸੁਦਰਸ਼ਨ ਸੇਠ ਸੱਚਾ ਜੈਨ ਉਪਾਸ਼ਕ ਸੀ। ਉਸ ਸਮੇਂ ਜੈਨ ਉਪਾਸ਼ਕ ਦਾ ਵਚਨ ਰਾਜਾ ਸੱਚ ਮੰਨਦਾ ਸੀ। ਪਰ ਅਭੈ ਰਾਣੀ ਅਤੇ ਕਪਿਲਾ ਪਰੋਹਿਤਨੀ ਨੂੰ ਬਚਾਉਣ ਲਈ ਸੇਠ ਨੇ ਚੁੱਪ ਰਹਿਨਾ ਠੀਕ ਸਮਝਿਆ। ਇਸ ਪ੍ਰਕਾਰ ਸੇਠ ਸੁਦਰਸ਼ਨ ਨੇ ਦਾਨਾ ਵਿੱਚੋਂ ਦਾਨ ਅਭੈ ਦਾਨ ਅਤੇ ਤੱਪਾਂ ਵਿੱਚੋਂ ਤੱਪ ਬ੍ਰਹਮਚਰਜ ਦਾ ਪਾਲਣ ਕੀਤਾ। ਸੇਠ ਸੁਦਰਸ਼ਨ ਦਾ ਜੀਵਨ ਸ਼ੀਲ ਅਰਾਧਨਾ ਦੀ ਜਿੰਦਾ ਮਿਸਾਲ ਹੈ।

19

# ਮਹਾਂਸਤੀ ਸੁੰਦਰੀ

ਸੁੰਦਰੀ ਪਹਿਲੇ ਤੀਰਥੰਕਰ ਦੀ ਛੋਟੀ ਪੁੱਤਰੀ ਸੀ। ਉਹ ਆਪਣੇ ਨਾਂ ਅਨੁਸਾਰ ਸੁੰਦਰ ਸੀ। ਉਸ ਨੇ ਸਿੱਖਿਆ, ਕਲਾ ਅਤੇ ਗਣਿਤ ਆਦਿ ਦਾ ਗਿਆਨ ਅਪਣੇ ਪਿਤਾ ਭਗਵਾਨ ਰਿਸ਼ਭਦੇਵ ਤੋਂ ਪ੍ਰਾਪਤ ਕੀਤਾ। ਘਰ ਵਿੱਚ ਹਰ ਪ੍ਰਕਾਰ ਦਾ ਸੁੱਖ ਸੀ, ਆਪ ਦਾ ਵੱਡਾ ਭਰਾ ਚੱਕਰਵਰਤੀ ਰਾਜਾ ਸੀ। ਜਿਸ ਦੇ ਅਧੀਨ ਹਜਾਰਾਂ ਹੀ ਰਾਜੇ ਸਨ ਪਰ ਸੁੰਦਰੀ ਦਾ ਮਨ ਘਰ ਦੀ ਭੋਗ ਸਮਗਰੀ ਵੱਲ ਬਿਲਕੁਲ ਨਹੀਂ ਲੱਗਦਾ ਸੀ। ਉਸ ਨੂੰ ਸੰਸਾਰਕ ਵਿਸ਼ੇ ਵਿਕਾਰਾਂ ਤੋਂ ਨਫਰਤ ਸੀ। ਉਸ ਦਾ ਜੀਵਨ ਜਲ ਵਿੱਚ ਪੈਦਾ ਹੋਏ ਕਮਲ ਦੀ ਤਰ੍ਹਾਂ ਨਿਰਲੇਪ ਸੀ।

ਸੁੰਦਰੀ ਨੇ ਸੰਜਮ ਸਾਧਨਾ ਅਤੇ ਦੀਖਿਆ ਲਈ ਭਰਤ ਨੂੰ ਬਾਰ ਬਾਰ ਬੇਨਤੀ ਕੀਤੀ ਪਰ ਉਹ ਰਾਜੀ ਨਾ ਹੋਇਆ। ਕਿਉਂਕਿ ਭਰਤ ਅਪਣੀ ਭੈਣ ਸੁੰਦਰੀ ਨੂੰ ਬਹੁਤ ਪਿਆਰ ਕਰਦਾ ਸੀ ਅਤੇ ਉਸ ਤੋਂ ਅੱਡ ਰਹਿਣ ਦੀ ਗੱਲ ਸੋਚ ਵੀ ਨਹੀਂ ਸਕਦਾ ਸੀ। ਇਹ ਭਰਤ ਦਾ ਸੁੰਦਰੀ ਪ੍ਰਤੀ ਰਾਗ ਭਾਵ ਸੀ ਜੋ ਸੁੰਦਰੀ ਦੇ ਸੰਜਮ ਵਿੱਚ ਰੁਕਾਵਟ ਬਣ ਰਿਹਾ ਸੀ।

ਜਦ ਭਰਤ ਸੰਸਾਰ ਜਿੱਤ ਕੇ ਵਾਪਸ ਆਇਆ ਤਾਂ ਉਸ ਨੂੰ ਬੜਾ ਲੰਬਾ ਸਮਾਂ ਲੱਗ ਗਿਆ। ਇਸ ਸਮੇਂ ਦਾ ਲਾਭ ਉਠਾਉਂਦੇ ਹੋਏ ਸੁੰਦਰੀ ਨੇ ਦੇਹ ਤੋਂ ਮੋਹ ਹਟਾਉਣ ਲਈ ਤੱਪ ਦਾ ਸਹਾਰਾ ਲਿਆ। ਉਸ ਨੇ ਉਪਾਸਿਕਾ ਦੇ ਵਰਤ ਗ੍ਰਹਿਣ ਕੀਤੇ ਅਤੇ ਆਯੰਵਿਲ (ਰਸ ਰਹਿਤ ਭੋਜਨ) ਤੱਪ ਗ੍ਰਹਿਣ ਕੀਤਾ। ਜਿਸ ਨਾਲ ਸੁੰਦਰੀ ਦਾ ਸਰੀਰ ਕਮਜੋਰ ਪੈ ਗਿਆ। ਜਦ ਭਰਤ ਆਪਣੀ ਰਾਜਧਾਨੀ ਆਇਆ, ਤਾਂ ਲੋਕਾਂ ਨੇ ਉਸਦਾ ਚੰਗਾ ਸਵਾਗਤ ਕੀਤਾ। ਉਹ ਸੁੰਦਰੀ ਦੇ ਮਹਿਲ ਵਿੱਚ ਗਿਆ। ਸੁੰਦਰੀ ਦੇ ਸੁੱਕੇ ਸਰੀਰ ਨੂੰ ਵੇਖਿਆ ਤਾਂ ਹੈਰਾਨ ਰਹਿ

ਗਿਆ ਕਿਉਂਕਿ ਇਹ ਫੁਲਾਂ ਜਿਹਾ ਸਰੀਰ ਹੱਡੀਆਂ ਦਾ ਢਾਂਚਾ ਰਹਿ ਗਿਆ ਸੀ। ਸੁੰਦਰੀ ਦਾ ਆਕਰਸ਼ਨ ਖਤਮ ਹੋ ਚੁੱਕਾ ਸੀ, ਭਰਤ ਨੂੰ ਇਹ ਵੇਖ ਕੇ ਬਹੁਤ ਦੁੱਖ ਹੋਇਆ ਅਤੇ ਉਸਦੀ ਜਿੱਤ ਦਾ ਨਸ਼ਾ ਉੱਤਰ ਗਿਆ। ਉਸ ਨੇ ਸੋਚਿਆ, "ਇਹ ਦੇਵੀ ਨੇ ਉੱਚੇ ਤੱਪ ਰਾਹੀਂ ਪਿਛਲੇ ਕੀਤੇ ਕਰਮਾਂ ਨੂੰ ਖਤਮ ਕਰਕੇ ਮੋਕਸ਼ ਪ੍ਰਾਪਤ ਕਰਨ ਦੀ ਯਾਤਰਾ ਸ਼ੁਰੂ ਕੀਤੀ ਹੈ। ਮੈਂ ਇਸਦੀ ਧਰਮ ਯਾਤਰਾ ਵਿੱਚ ਰੁਕਾਵਟ ਬਣਿਆ ਰਿਹਾ ਹਾਂ"। ਆਪਸੀ ਹਾਲ ਚਾਲ ਪੁੱਛਣ ਤੋਂ ਬਾਅਦ ਭਰਤ ਨੇ ਸੁੰਦਰੀ ਨੂੰ ਆਖਿਆ, "ਦੇਵੀ ਮੈਂ ਤੈਨੂੰ ਨਹੀਂ ਸਮਝ ਸਕਿਆ ਜੇ ਤੂੰ ਸੰਜਮ ਪ੍ਰਤੀ ਇੰਨੀ ਤੇਜ ਇੱਛਾ ਰੱਖਦੀ ਸੀ ਤਾਂ ਮੈਂ ਤੈਨੂੰ ਪਹਿਲਾਂ ਹੀ ਸਾਧਵੀ ਬਣਨ ਦੀ ਇਜਾਜਤ ਦੇ ਦਿੰਦਾ"। ਇਹ ਸੁਣ ਕੇ ਸੁੰਦਰੀ ਨੇ ਆਖਿਆ, "ਤੁਸੀ ਹੁਣ ਆਗਿਆ ਦੇ ਦੇਵੋ ਮੈਂ ਸਾਧਵੀ ਬਣਨਾ ਹੈ"।

ਸੁੰਦਰੀ ਦੇ ਚੰਗੇ ਭਾਗ ਸਨ ਪਹਿਲੇ ਤੀਰਥੰਕਰ ਭਗਵਾਨ ਰਿਸ਼ਭਦੇਵ ਆਯੋਧੀਆ ਨਗਰੀ ਵਿੱਚ ਪਧਾਰੇ ਹੋਰ ਲੋਕਾਂ ਦੀ ਤਰ੍ਹਾਂ ਸੁੰਦਰੀ ਅਤੇ ਭਰਤ ਵੀ ਦਰਸ਼ਨ ਤੇ ਧਰਮ ਉਪਦੇਸ਼ ਸੁਣਨ ਲਈ ਆਏ। ਭਰੀ ਸਭਾ ਵਿੱਚ ਭਗਵਾਨ ਦਾ ਉਪਦੇਸ਼ ਸੁਣਨ ਤੋਂ ਬਾਅਦ ਸੁੰਦਰੀ ਨੇ ਆਖਿਆ, "ਪ੍ਰਭੂ! ਮੈਨੂੰ ਦੀਖਿਆ ਪ੍ਰਦਾਨ ਕਰਨ ਦੀ ਕ੍ਰਿਪਾ ਕਰੋ"। ਇਸ ਪ੍ਰਕਾਰ ਵਿਸ਼ਾਲ ਸੁੱਖ, ਸੁੰਦਰਤਾ ਦਾ ਮੋਹ ਛੱਡ ਕੇ ਸੁੰਦਰੀ ਨੇ ਸਾਧਵੀ ਜੀਵਨ ਗ੍ਰਹਿਣ ਕੀਤਾ। ਉਹ ਬਾਲ ਬ੍ਰਹਮਚਾਰਨੀ ਰਹੀ। ਉਸ ਨੇ ਅਨਮੋਲ ਉਪਦੇਸ਼ ਰਾਹੀਂ ਸੰਸਾਰ ਤੇ ਉਪਕਾਰ ਕੀਤਾ। ਸ਼ੀਲ ਧਰਮ ਦਾ ਪਾਲਣ ਕਰਕੇ ਮਹਾਂਸਤੀ ਨੇ ਆਤਮ ਕਲਿਆਨ ਕੀਤਾ ਅਤੇ ਅੰਤ ਸਮੇਂ ਉਸ ਨੇ ਸ਼ੀਲ ਦੇ ਪ੍ਰਭਾਵ ਕਾਰਨ ਮੋਕਸ਼ ਪ੍ਰਾਪਤ ਕੀਤਾ।

20

## ਸਤੀ ਸੁੰਨਦਾ

ਅਵੰਤੀ ਦੇਸ਼ ਵਿੱਚ ਤੁੰਬ-ਬਨ ਨਾਂ ਦਾ ਇੱਕ ਨਗਰ ਸੀ। ਜਿੱਥੇ ਧਨਪਾਲ ਨਾਂ ਦਾ ਸੇਠ ਆਪਣੇ ਪੁੱਤਰ ਧਨਗਿਰੀ ਨਾਲ ਰਹਿੰਦਾ ਸੀ। ਧਨਗਿਰੀ ਦਾ ਮਨ ਸਾਧੂ ਬਣਨ ਵਿੱਚ ਸੀ ਪਰ ਉਸ ਦੇ ਮਾਤਾ ਪਿਤਾ ਦੇ ਲੱਖ ਨਾ ਚਾਹੁਣ 'ਤੇ ਵੀ ਉਹ ਸਾਧੂ ਬਣ ਗਿਆ। ਜਿਸ ਸਮੇਂ ਉਹ ਸਾਧੂ ਬਣਿਆ ਉਸ ਦੀ ਪਤਨੀ ਸੁੰਨਦਾ ਗਰਭਵਤੀ ਸੀ। ਸਮਾਂ ਪੈਣ ਤੇ ਸੁੰਨਦਾ ਨੇ ਇੱਕ ਪੁੱਤਰ ਨੂੰ ਜਨਮ ਦਿੱਤਾ। ਪੁੱਤਰ ਨੂੰ ਬਚਪਨ ਤੋਂ ਹੀ ਆਪਣੇ ਪਿਛਲੇ ਜਨਮ ਦਾ ਗਿਆਨ ਸੀ, ਜਿਸ ਕਾਰਨ ਉਹ ਹਰ ਸਮੇਂ ਰੌਂਦਾ ਰਹਿੰਦਾ ਸੀ। ਜਿਸ ਕਾਰਨ ਸੁੰਨਦਾ ਦੁੱਖੀ ਰਹਿਣ ਲੱਗੀ, ਇੱਕ ਸਮੇਂ ਧਨਗਿਰੀ ਆਪਣੇ ਗੁਰੂ ਸਿੰਘਗਿਰੀ ਨਾਲ ਤੁੰਬ-ਬਨ ਪਧਾਰੇ ਗੁਰੂ ਨੇ ਅਪਣੇ ਗਿਆਨ ਨਾਲ ਚੇਲੇ ਨੂੰ ਆਖਿਆ ਕਿ ਅੱਜ ਜਦੋਂ ਤੁਸੀਂ ਭੋਜਨ ਲਈ ਜਾਵੋਗੇ ਤਾਂ ਤੁਸੀ ਕਿਸੇ ਵੀ ਵਸਤੂ ਨੂੰ ਜਵਾਬ ਨਹੀਂ ਦੇਣਾ, ਹਰ ਮਿਲਣ ਵਾਲੀ ਵਸਤੂ ਨੂੰ ਲੈ ਆਉਣਾ। ਗੁਰੂ ਦੀ ਆਗਿਆ ਧਾਰਨ ਕਰਕੇ ਧਨਗਿਰੀ ਆਪਣੇ ਸੰਸਾਰਿਕ ਘਰ ਭੋਜਣ ਲਈ ਗਿਆ ਤਾਂ ਪਤਨੀ ਨੇ ਗੁੱਸੇ ਵਿੱਚ ਆ ਕੇ ਹਰ ਸਮੇਂ ਰੌਂਣ ਵਾਲਾ ਬਾਲਕ ਧਨਗਿਰੀ ਦੀ ਝੋਲੀ ਵਿੱਚ ਪਾ ਦਿੱਤਾ। ਝੋਲੀ ਵਿੱਚ ਜਾਂਦੇ ਹੀ ਬਾਲਕ ਚੁੱਪ ਹੋ ਗਿਆ।

ਬਾਲਕ ਨੂੰ ਲੈ ਕੇ ਧਨਗਿਰੀ ਗੁਰੂ ਕੋਲ ਆਏ ਤੇ ਬਾਲਕ ਦੀ ਪਾਲਣ ਪੋਸ਼ਨ ਦੀ ਜਿੰਮੇਵਾਰੀ ਸਾਧਵੀਆਂ ਰਾਹੀਂ ਸੰਸਾਰਿਕ ਭੈਣਾ ਨੂੰ ਸੌਂਪ ਦਿੱਤੀ। ਕੁੱਝ ਸਮੇਂ ਬਾਅਦ ਮਾਂ ਦੀ ਮਮਤਾ ਜਾਗ ਉੱਠੀ, ਸੁੰਨਦਾ ਨੇ ਬੱਚੇ ਨੂੰ ਲੈਣ ਲਈ ਰਾਜ ਦਰਬਾਰ ਵਿੱਚ ਪੁਕਾਰ ਲਗਾਈ। ਪਰ ਰਾਜੇ ਦੀ ਸ਼ਰਤ ਅਨੁਸਾਰ ਬਾਲਕ ਮਾਂ ਨਾਲ ਜਾਣ ਲਈ ਤਿਆਰ ਨਾ ਹੋਇਆ ਤਾਂ ਸੁੰਨਦਾ ਨੇ ਸੋਚਿਆ ਕਿ ਮੇਰਾ ਪਤੀ ਪਹਿਲਾਂ ਹੀ ਸਾਧੂ ਬਣ ਗਿਆ ਹੈ ਅਤੇ ਪੁੱਤਰ ਬਣ

ਰਿਹਾ ਹੈ। ਹੁਣ ਮੈਂ ਇਕਲੀ ਘਰ ਵਿੱਚ ਕਿਸ ਦੀ ਰਾਹ ਤੱਕਾਂਗੀ ਇਸ ਲਈ ਮੇਰੇ ਲਈ ਸੰਜਮ ਗ੍ਰਹਿਣ ਕਰਨਾ ਹੀ ਠੀਕ ਰਾਹ ਹੈ।

ਸੰਸਾਰ ਦੇ ਮੌਹ ਦੇ ਬੰਧਨ ਅੰਨਤਾਂ ਜਨਮਾਂ ਵਿੱਚ ਜੀਵਨ ਭਟਕਾਉਂਦੇ ਹਨ। ਇਸ ਭਟਕਣ ਦਾ ਇਕੋ ਰਾਹ ਸੰਜਮ ਹੈ। ਇਹ ਸੋਚ ਕੇ ਸੁੰਨਦਾ ਨੇ ਸਾਧਵੀ ਦੀਖਿਆ ਗ੍ਰਹਿਣ ਕਰ ਲਈ। ਸੁੰਨਦਾ ਦਾ ਜੀਵਨ ਬਚਪਨ ਤੋਂ ਹੀ ਸ਼ੀਲ ਨਾਲ ਭਰਿਆ ਹੋਇਆ ਸੀ। ਧਨਗਿਰੀ ਨਾਲ ਉਸ ਦੀ ਸ਼ਾਦੀ ਵੀ ਸ਼ੀਲ ਕਾਰਨ ਹੀ ਸੰਭਵ ਹੋ ਪਾਈ ਸੀ। ਕਿਉਂਕਿ ਇਕ ਵਿਰਕਤ ਆਤਮਾ ਨਾਲ ਸ਼ਾਦੀ ਨਿਭਾਉਨਾ ਬਹੁਤ ਅਸੰਭਵ ਹੈ ਪਰ ਉਸ ਨੇ ਕਦੇ ਵੀ ਆਪਣਾ ਸ਼ੀਲ ਖੰਡਤ ਨਹੀਂ ਕੀਤਾ ਇਹ ਸ਼ੀਲ ਦਾ ਹੀ ਫਲ ਸੀ ਕਿ ਉਹ ਅਚਾਰਿਆ ਬੱਜ਼ਰ ਸਵਾਮੀ ਦੀ ਮਾਂ ਬਣੀ ਅਤੇ ਸੰਜਮ ਲੈ ਕੇ ਉੱਚੇ ਭਾਵ ਨਾਲ ਧਰਮ ਅਰਾਧਨਾ ਕੀਤੀ ਅਤੇ ਥੋੜੇ ਸਮੇਂ ਵਿੱਚ ਹੀ ਆਤਮਾ ਦਾ ਕਲਿਆਣ ਕੀਤਾ।

21

# ਮਹਾਂਸਤੀ ਚੇਲਨਾ

ਮਹਾਂਸਤੀ ਚੇਲਨਾ ਮੱਗਧ ਸਮਰਾਟ ਰਾਜਾ ਬਿੰਬਸਾਰ ਸ਼੍ਰੇਣਿਕ ਦੀ ਪਟਰਾਣੀ ਸੀ ਅਤੇ ਅਜਾਤ ਸ਼ਤਰੂ ਕੋਣਿਕ ਦੀ ਮਾਂ ਸੀ। ਜਿੰਦਗੀ ਦੇ ਸ਼ੁਰੂ ਵਿੱਚ ਰਾਜਾ ਸ਼੍ਰੇਣਿਕ ਬੁੱਧ ਧਰਮ ਨੂੰ ਮੰਨਦਾ ਸੀ ਅਤੇ ਉਸ ਦਾ ਖਾਣ ਪਾਨ ਵੀ ਅਸ਼ੁੱਧ ਸੀ। ਇਹ ਰਾਣੀ ਚੇਲਨਾ ਦਾ ਪ੍ਰਭਾਵ ਸੀ ਕਿ ਰਾਜਾ ਸ਼੍ਰੇਣਿਕ ਭਗਵਾਨ ਮਹਾਵੀਰ ਦਾ ਭਗਤ ਬਣਿਆ। ਇਸ ਪਿੱਛੇ ਪਟਰਾਣੀ ਚੇਲਨਾ ਦੀ ਪ੍ਰੇਰਨਾ ਪ੍ਰਮੁੱਖ ਸੀ। ਪਟਰਾਣੀ ਚੇਲਨਾ ਵੈਸ਼ਾਲੀ ਦੇ ਰਾਜਾ ਚੇਟਕ ਦੀ ਪੁੱਤਰੀ ਸੀ। ਰਾਜਾ ਚੇਟਕ ਦੀ ਪ੍ਰਤਿਗਿਆ ਸੀ ਕਿ ਉਹ ਆਪਣੀ ਕਿਸੇ ਪੁੱਤਰੀ ਦੀ ਸ਼ਾਦੀ ਕਿਸੇ ਅਜੈਨ ਨਾਲ ਨਹੀਂ ਕਰੇਗਾ। ਜਿਸ ਸਮੇਂ ਸੁਜੇਸ਼ਠਾ ਜੋ ਕਿ ਚੇਲਨਾ ਦੀ ਭੈਣ ਸੀ ਘਰੋਂ ਭਜਨ ਦੀ ਯੋਜਨਾ ਬਣਾ ਰਹੀ ਸੀ, ਉਸ ਸਮੇਂ ਚੇਲਨਾ ਵੀ ਰਾਜਾ ਸ਼੍ਰੇਣਿਕ ਨਾਲ ਵਿਵਾਹ ਕਰਵਾਉਣਾ ਚਾਹੁੰਦੀ ਸੀ। ਰਾਜਕੁਮਾਰੀ ਚੇਲਨਾ ਸੁਜੇਸਠਾ ਤੋਂ ਪਹਿਲਾਂ ਪਹੁੰਚ ਗਈ। ਹਨੇਰੇ ਵਿੱਚ ਰਾਜਾ ਸ਼੍ਰੇਣਿਕ ਦਾ ਰੱਥ ਆਇਆ ਅਤੇ ਪਹਿਚਾਨ ਨਾ ਹੋਣ ਕਾਰਨ ਰਾਜਕੁਮਾਰੀ ਚੇਲਨਾ ਨੂੰ ਸੁਜੇਸਠਾ ਸਮਝ ਕੇ ਲੈ ਗਿਆ।

ਰਾਜਾ ਸ਼੍ਰੇਣਿਕ ਨੇ ਰਾਣੀ ਚੇਲਨਾ ਨੂੰ ਬੁੱਧ ਧਰਮ ਵਿੱਚ ਦੀਖਿਅਤ ਕਰਨ ਲਈ ਬਹੁਤ ਸੰਘਰਸ਼ ਕੀਤਾ। ਉਸ ਨੂੰ ਮੁਨਿਆਂ ਦੇ ਅਖੋਤੀ ਗਲਤ ਚੱਰਿਤਰ ਸੁਣਾਏ ਪਰ ਕਿਸੇ ਗੱਲ ਦਾ ਅਸਰ ਰਾਣੀ ਚੇਲਨਾ 'ਤੇ ਨਹੀਂ ਹੋਇਆ ਅਤੇ ਉਹ ਜੈਨ ਧਰਮ ਵਿੱਚ ਦ੍ਰਿੜ ਰਹੀ। ਮਹਾਰਾਣੀ ਚੇਲਨਾ ਦੇ ਸਦਾਚਾਰ ਨੂੰ ਵੇਖ ਕੇ ਮਹਾਰਾਜਾ ਸ਼੍ਰੇਣਿਕ ਦਾ ਦਿਲ ਨਰਮ ਪੈ ਗਿਆ। ਜੋ ਸ਼੍ਰੇਣਿਕ ਰੋਜਾਨਾ ਹਿਰਨ ਆਦਿ ਦਾ ਸ਼ਿਕਾਰ ਕਰਦਾ ਸੀ, ਪਸ਼ੂ ਹੱਤਿਆ ਨਾਲ ਜਿਸ ਦਾ ਮਨ ਖੁਸ਼ ਹੁੰਦਾ ਸੀ, ਉਹ ਰਾਜਾ ਸ਼੍ਰੇਣਿਕ ਵੀ ਅਹਿੰਸਾ ਧਰਮ ਦਾ ਉਪਾਸਕ ਬਣ ਗਿਆ।

ਅਜਾਤਸਤਰੂ ਕੋਣਿਕ ਦੇ ਜਨਮ ਸਮੇਂ ਵੀ ਉਸ ਦੇ ਮਨ ਵਿੱਚ ਕਈ ਅਸ਼ੁਭ ਭਾਵਨਾਵਾਂ ਉਠੀਆਂ ਸਨ। ਉਸ ਦਾ ਮਨ ਕੀਤਾ ਸੀ, ਕਿ ਮੈਂ ਆਪਣੇ ਪਤੀ ਦੇ ਕਾਲਜੇ ਦਾ ਮਾਸ ਖਾਵਾਂ। ਅਭੈ ਕੁਮਾਰ ਨੇ ਅਪਣੀ ਛੋਟੀ ਮਾਂ ਦੀ ਇੱਛਾ ਕਿਸੇ ਢੰਗ ਨਾਲ ਪੂਰੀ ਕੀਤੀ ਪਰ ਚੇਲਨਾ ਨੇ ਕੀਤੇ ਮਾਸ ਭੋਜਨ 'ਤੇ ਬਹੁਤ ਪਛਤਾਵਾ ਹੋਇਆ। ਉਸ ਨੇ ਸੋਚਿਆ ਕਿ ਜੋ ਜੀਵ ਗਰਭ ਵਿੱਚ ਆਉਣ ਸਮੇਂ ਹੀ ਅਪਣੇ ਪਿਤਾ ਵਾਰੇ ਗਲਤ ਵਿਚਾਰ ਰੱਖਦਾ ਹੈ। ਉਸ ਨੂੰ ਨਸ਼ਟ ਕਰਦੇਣਾ ਹੀ ਚੰਗਾ ਹੈ।ਅਜਿਹਾ ਸੋਚ ਕੇ ਪਹਿਲਾਂ ਤਾਂ ਉਸ ਨੇ ਅਪਣਾ ਗਰਭ ਨਸ਼ਟ ਕਰਨ ਲਈ ਹਰ ਪ੍ਰਕਾਰ ਦੇ ਉਪਾਅ ਕੀਤੇ ਪਰ ਜਦ ਇਹ ਉਪਾਅ ਵਿਅਰਥ ਗਏ। ਆਪਣੇ ਪਿਆਰੇ ਪੁੱਤਰ ਨੂੰ ਰੂੜੀ ਪਰ ਸੁਟਵਾ ਦਿੱਤਾ।

ਜਦ ਕੋਣਿਕ ਨੇ ਸ਼੍ਰੇਣਿਕ ਰਾਜਾ ਨੂੰ ਕੈਦ ਕਰਕੇ ਗੱਦੀ ਪਰ ਕਬਜਾ ਕਰ ਲਿਆ ਤਾਂ ਉਸ ਸਮੇਂ ਰਾਣੀ ਚੇਲਨਾ ਨੇ ਆਪਣੇ ਪੁੱਤਰ ਨੂੰ ਯਾਦ ਦਵਾਇਆ ਕਿ ਤੂੰ ਦੇਵਤਾ ਜਿਹੇ ਪੂਜਨ ਯੋਗ ਪਿਤਾ ਨੂੰ ਕੈਦ ਕਰ ਲਿਆ ਹੈ। ਤੈਨੂੰ ਨਹੀਂ ਪਤਾ ਕਿ ਉਸ ਨੇ ਤੈਨੂੰ ਰੂੜੀ ਤੋਂ ਚੁੱਕ ਕੇ ਮੇਰੇ ਕੋਲ ਪਾਲਣ ਲਈ ਦਿੱਤਾ ਸੀ। ਮਾਂ ਦੀ ਗੱਲ ਸੁਣ ਕੇ ਕੋਣਿਕ ਦੇ ਮਨ 'ਤੇ ਡੂੰਘਾ ਪ੍ਰਭਾਵ ਹੋਇਆ। ਉਹ ਹਥੌੜਾ ਲੈ ਕੇ, ਜਦ ਸੰਗਲ ਤੋੜਨ ਜਾ ਰਿਹਾ ਸੀ ਤਾਂ ਸ਼੍ਰੇਣਿਕ ਨੇ ਸੋਚਿਆ ਕਿ ਇਹ ਦੁਸ਼ਟ ਮੈਨੂੰ ਹਥੋੜੇ ਨਾਲ ਮਾਰ ਦੇਵੇਗਾ। ਇਸ ਦੇ ਹੱਥੋ ਮਰਨ ਨਾਲੋ ਚੰਗਾ ਹੈ ਕਿ ਮੈਂ ਅਪਣੀ ਜੀਵਨ ਲੀਲਾ ਅਪਣੇ ਹੱਥੋਂ ਹੀ ਸਮਾਪਤ ਕਰ ਲਵਾਂ। ਇਹ ਸੋਚਕੇ ਰਾਜੇ ਅੰਗੂਠੀ ਵਿੱਚ ਰੱਖਿਆ ਜਹਿਰ ਖਾ ਲਿਆ। ਪਤੀ ਦੀ ਮੌਤ ਤੋਂ ਬਾਅਦ ਰਾਣੀ ਚੇਲਨਾ ਬਹੁਤ ਦੁੱਖੀ ਹੋਈ। ਉਸ ਨੇ ਸਾਰਾ ਜੀਵਨ ਸ਼ੀਲ ਧਰਮ ਦਾ ਪਾਲਣ ਕੀਤਾ। ਇੱਕ ਵਾਰ ਰਾਣੀ ਚੇਲਨਾ ਰਾਜਾ ਸ਼੍ਰੇਣਿਕ ਨਾਲ ਜੰਗਲ ਵਿੱਚ ਜਾ ਰਹੀ ਸੀ, ਉਸ ਨੇ ਇੱਕ ਨੌਜਵਾਨ ਅਨਾਥੀ ਮੁਨੀ ਨੂੰ ਤੱਪ ਕਰਦੇ ਹੋਏ ਵੇਖ ਕੇ ਰਾਜਾ ਸ਼੍ਰੇਣਿਕ ਤੇ ਇਨ੍ਹਾਂ ਡੂੰਗਾ ਅਸਰ ਪਿਆ ਕਿ ਉਸ ਨੇ ਜੈਨ ਧਰਮ ਅਪਣਾ ਲਿਆ।

ਜੈਨ ਧਰਮ ਦੀ ਮਾਨਤਾ ਹੈ ਕਿ ਰਾਣੀ ਚੇਲਨਾ ਨੇ ਬਹੁਤ ਪੁੰਨ ਕੀਤੇ ਹਨ ਕਿ ਉਹ ਭੱਵਿਖ ਵਿੱਚ ਪਦਮਨਾਭ ਨਾਂ ਦੇ ਤੀਰਥੰਕਰ ਦੇ ਰੂਪ ਵਿੱਚ ਜਨਮ ਲੈ ਕੇ, ਮੋਕਸ਼ ਪ੍ਰਾਪਤ ਕਰੇਗੀ। ਸ਼ੀਲ ਸੰਸਾਰ ਦਾ ਪਵਿੱਤਰ ਗਹਿਨਾ ਹੈ, ਚੇਲਨਾ ਨੇ ਸ਼ੀਲ ਦਾ ਪਾਲਣ ਕਰਦੇ ਹੋਏ ਸ਼੍ਰੇਣਿਕ ਨੂੰ ਜੈਨ ਧਰਮ ਵੱਲ ਅਜਿਹਾ ਮੋੜਿਆ ਕਿ ਭਗਵਾਨ ਮਹਾਵੀਰ ਨੇ ਜੀਵਨ ਦਾ ਲੰਬਾ ਸਮਾਂ ਉਹਨਾਂ ਦੀ ਰਾਜਧਾਨੀ ਰਾਜਗ੍ਰਹਿ ਵਿੱਚ ਗੁਜਾਰਿਆ। ਚੇਲਨਾ ਦਾ ਜੀਵਨ ਸ਼ੀਲ ਧਰਮ ਦੀ ਉੱਤਮ ਉਦਾਹਰਨ ਹੈ।

22

# ਮਹਾਂਸਤੀ ਮਨੋਰਮਾ

ਜਿਵੇਂ ਸੇਠ ਸੁਦਰਸ਼ਨ ਦੇ ਜੀਵਨ ਚਰਿਤਰ ਵਿੱਚ ਵਰਨਣ ਕੀਤਾ ਜਾ ਚੁੱਕਾ ਹੈ ਕਿ ਮਨੋਰਮਾ ਸੇਠ ਸੁਦਰਸ਼ਨ ਦੀ ਸ਼ੀਲਵਤੀ ਇਸਤਰੀ ਸੀ। ਉਸ ਨੂੰ ਅਪਣੇ ਪਤੀ ਦੇ ਚਰਿਤਰ ਤੇ ਬਹੁਤ ਭਰੋਸਾ ਸੀ। ਉਹ ਸਰੀਰਕ ਸੁੰਦਰਤਾ ਦੀ ਧਨੀ ਨਹੀਂ ਸੀ ਸਗੋਂ ਹਰ ਧਾਰਮਿਕ ਕ੍ਰਿਆ ਵਿੱਚ ਹਿੱਸਾ ਲੈਂਦੀ ਸੀ। ਜਦ ਸੇਠ ਸੁਦਰਸ਼ਨ ਅਭੈ ਰਾਣੀ ਦੀ ਸਾਜਿਸ਼ ਦਾ ਸ਼ਿਕਾਰ ਹੋਇਆ ਤਾਂ ਲੋਕ ਮਨੋਰਮਾ ਕੋਲ ਆ ਕੇ ਆਖਰੀ ਮੁਲਾਕਾਤ ਦੀ ਗੱਲ ਕਰਨ ਲੱਗੇ।

ਮਨੋਰਮਾ ਨੂੰ ਆਪਣੇ ਪਤੀ ‘ਤੇ ਭਰੋਸਾ ਸੀ, ਉਹ ਸੋਚਦੀ ਸੀ ਸੂਰਜ ਭਾਵੇਂ ਪੂਰਬ ਤੋਂ ਪੱਛਮ ਵੱਲੋਂ ਚੜ੍ਹ ਜਾਵੇ, ਸਮੁੰਦਰ ਵੀ ਕਦੇ ਅਪਣੀ ਸੀਮਾ ਪਾਰ ਕਰ ਜਾਵੇ, ਪਰ ਮੇਰਾ ਪਤੀ ਕਦੇ ਵੀ ਪਰਾਈ ਇਸਤਰੀ ਦਾ ਚਿੰਤਨ ਨਹੀਂ ਕਰ ਸਕਦਾ। ਇਹ ਸਭ ਦੋਸ਼ ਕਿਸੇ ਪਿਛਲੇ ਕੀਤੇ ਕਰਮਾਂ ਦਾ ਸਿੱਟਾ ਹਨ। ਇਹ ਆਸਮਾਨ ਦੇ ਬਦਲ ਹਨ, ਜਦ ਸ਼ੁਭ ਕਰਮ ਦੀ ਹਵਾ ਚੱਲੇਗੀ ਤਾਂ ਇਹ ਅਪਣੇ ਆਪ ਦੋਸ਼ ਮੁਕਤ ਹੋ ਜਾਣਗੇ। ਜਦ ਤੱਕ ਉਹ ਦੋਸ਼ ਮੁਕਤ ਨਹੀਂ ਹੁੰਦੇ ਉਦੋਂ ਤੱਕ ਮੈਂ ਧਰਮ ਵਿੱਚ ਲੀਨ ਰਹਾਂਗੀ।

ਮਨੋਰਮਾ ਦੀ ਇਸ ਗੱਲ ਤੇ ਸਾਰੇ ਲੋਕ ਹੈਰਾਨ ਹੋ ਗਏ। ਮਨੋਰਮਾ ਅਪਣੇ ਧਰਮ ਵਿੱਚ ਪੱਕੀ ਅਤੇ ਸ਼ੰਕਾ ਰਹਿਤ ਬਣੀ ਰਹੀ। ਸਿਟੇ ਵਜੋਂ ਕੁੱਝ ਸਮੇਂ ਬਾਅਦ ਆਕਾਸ਼ਵਾਣੀ ਹੋਈ ਦੇਵਤਿਆਂ ਨੇ ਫੂਲਾਂ ਦੀ ਵਰਖਾ ਕੀਤੀ ਰਾਜੇ ਰਾਹੀਂ ਦਿੱਤੀ ਸੂਲੀ ਸੰਘਾਸਨ ਬਣ ਗਈ। ਇਸ ਘਟਨਾ ਕਾਰਨ ਚੰਪਾਪੁਰੀ ਨਗਰੀ ਵਿੱਚ ਹਰ ਪਾਸੇ ਮੰਗਲ ਛਾ ਗਿਆ ਅਤੇ ਮਨੋਰਮਾ ਦੇ ਸ਼ੀਲ ਧਰਮ ਦੀ ਮਹਿਮਾ ਜੱਗ ਜ਼ਾਹਿਰ ਹੋ ਗਈ।

23

# ਮਹਾਂਸਤੀ ਅੰਜਨਾ

ਮਹਾਂਸਤੀ ਅੰਜਨਾ ਮਹਿੰਦਰਪੁਰੀ ਦੇ ਰਾਜਾ ਮਹਿੰਦਰ ਅਤੇ ਰਾਣੀ ਮਨੋਵੇਗਾ ਦੀ ਪੁੱਤਰੀ ਸੀ। ਉਹ ਸੁੰਦਰ, ਗੁਣਵਾਨ ਅਤੇ ਬੱਚਪਨ ਤੋਂ ਹੀ ਧਾਰਮਿਕ ਸੰਸਕਾਰਾਂ ਨਾਲ ਪਲੀ ਸੀ। ਇੱਕ ਦਿਨ ਉਹ ਹਾਰ ਸਿੰਗਾਰ ਕਰਕੇ ਜਦ ਅਪਣੇ ਪਿਤਾ ਦੇ ਸਾਹਮਣੇ ਆਈ ਤਾਂ ਪਿਤਾ ਨੂੰ ਉਸ ਦੀ ਸ਼ਾਦੀ ਦੀ ਚਿੰਤਾ ਸਤਾਉਣ ਲੱਗੀ। ਅੰਜਨਾ ਦੇ ਯੋਗ ਕੋਈ ਵਰ ਨਹੀਂ ਮਿਲ ਰਿਹਾ ਸੀ, ਅੰਤ ਵਿੱਚ ਰਤਨਪੁਰੀ ਦੇ ਰਾਜਾ ਪਰਲਾਦ ਦੇ ਪੁੱਤਰ ਪਵਨ ਨਾਲ ਅੰਜਨਾ ਦੀ ਸ਼ਾਦੀ ਨਿਸ਼ਚਿਤ ਹੋਈ। ਪਵਨ ਕੁਮਾਰ ਕੰਨਿਆ ਨੂੰ ਵੇਖੇ ਬਿਨ੍ਹਾਂ ਸ਼ਾਦੀ ਨਹੀਂ ਸੀ ਕਰਨਾ ਚਾਹੁੰਦਾ। ਜਦ ਇਹ ਖਬਰ ਰਾਜਾ ਮਹਿੰਦਰ ਨੂੰ ਮਿਲੀ ਤਾਂ ਉਸ ਨੇ ਪੁੱਤਰੀ ਨੂੰ ਵਿਖਾਉਣ ਦਾ ਪ੍ਰਬੰਧ ਕਰ ਦਿੱਤਾ। ਪਵਨ ਕੁਮਾਰ ਅੰਜਨਾ ਨੂੰ ਵੇਖਣ ਲਈ ਨਿਸ਼ਚਿਤ ਸਥਾਨ ਤੇ ਪਹੁੰਚਿਆ ਜਿੱਥੇ ਅੰਜਨਾ ਆਪਣੀਆਂ ਪਿਆਰੀਆਂ ਸਹੇਲੀਆਂ ਨਾਲ ਪਹਿਲਾਂ ਹੀ ਬੈਠੀ ਹੋਈ ਗੱਲਾਂ ਕਰ ਰਹੀ ਸੀ। ਸਹੇਲੀਆਂ ਨੇ ਆਖਿਆ ਕਿ ਜੋੜੀ ਚੰਗੀ ਰਹੇਗੀ। ਇਹ ਸੁਣਕੇ ਅੰਜਨਾ ਨੇ ਆਖਿਆ ਸਭ ਕੁੱਝ ਭਾਗ ਦੇ ਅਨੁਸਾਰ ਹੁੰਦਾ ਹੈ। ਪਹਿਲਾਂ ਜਿਸ ਨਾਲ ਮੇਰੀ ਮੰਗਣੀ ਹੋਣੀ ਸੀ ਉਸ ਦੀ ਕੁੱਲ ਉੱਮਰ 26 ਸਾਲ ਸੀ।

ਇਧਰ ਪਵਨ ਕੁਮਾਰ ਅੰਜਨਾ ਨੂੰ ਵੇਖ ਰਿਹਾ ਸੀ ਤਾਂ ਉਸ ਨੂੰ ਇਕ ਗਲ ਬੁਰੀ ਲੱਗੀ, ਉਹ ਸੋਚਣ ਲੱਗਾ ਕਿ ਅੰਜਨਾ ਕਿਸੇ ਪਰਾਏ ਪੁਰਸ਼ ਨਾਲ, ਪਹਿਲਾਂ ਤੋਂ ਸ਼ਾਦੀ ਦੀ ਅਭਿਲਾਸੀ ਰਹੀ ਹੈ ਇਸ ਨਾਲ ਸ਼ਾਦੀ ਕਰਨਾ ਬੇਕਾਰ ਹੈ। ਪਰ ਪਵਨ ਨੂੰ ਦੋਸਤਾਂ ਨੇ ਸਮਝਾਇਆ, ਉਹ ਸ਼ਾਦੀ ਲਈ ਰਾਜੀ ਹੋ ਗਿਆ। ਪਰ ਉਸ ਨੇ ਅੰਜਨਾ ਤੋਂ ਬੇਮੁੱਖ ਤੇ ਉਦਾਸ ਰਹਿਨ ਦੀ ਪ੍ਰਤਿਗਿਆ ਧਾਰਨ ਕਰ ਲਈ। ਮਾਤਾ ਪਿਤਾ ਵੱਲੋਂ ਭਰਪੂਰ ਤੋਹਫੇ ਪ੍ਰਾਪਤ ਕਰਕੇ ਜਦ ਅੰਜਨਾ ਸਹੁਰੇ ਘਰ ਆਈ ਤਾਂ ਧਨ ਸੰਪਤੀ ਵੇਖ ਕੇ ਬਹੁਤ ਖੁਸ਼ ਹੋਈ।

ਪਰ ਜਦ ਉਸ ਨੂੰ ਪਤਾ ਚਲਿਆ ਕਿ ਪਵਨ ਕੁਮਾਰ ਉਸ ਨਾਲ ਨਾਰਾਜ ਹੈ ਤਾਂ ਉਹ ਬਹੁਤ ਉਦਾਸ ਹੋਈ। ਅਨੇਕਾਂ ਕੋਸ਼ਿਸਾਂ ਕਰਨ ਤੇ ਵੀ ਉਸ ਨੂੰ ਸਫਲਤਾ ਨਾ ਮਿਲੀ। ਅੰਜਨਾ ਇਸ ਉਦਾਸੀ ਦੇ ਹਾਲਾਤ ਵਿੱਚ ਆਪਣੇ ਧਰਮ ਵਿੱਚ ਅਤੇ ਸ਼ੀਲ ਵਿੱਚ ਲੀਨ ਰਹਿਣ ਲੱਗੀ। ਉਹ ਹਰ ਸਮੇਂ ਅਰਿਹੰਤ ਪ੍ਰਮਾਤਮਾ ਦੀ ਉਪਾਸਨਾ ਕਰਦੀ। ਉਸ ਦੇ ਕੋਲ ਉਸ ਦੀ ਪਿਆਰੀ ਦਾਸੀ ਬਸੰਤ ਮਾਲਾ ਤੋਂ ਇਲਾਵਾ ਕੁੱਝ ਵੀ ਨਹੀਂ ਸੀ।

ਇੱਕ ਵਾਰ ਮਹਾਰਾਜ ਦੰਸ਼ਕਧਾਰਨ ਦੇ ਹੁਕਮ ਨਾਲ, ਪਵਨ ਕੁਮਾਰ ਜੰਗ ਵਿੱਚ ਜਾਣ ਲਈ ਤਿਆਰ ਹੋਇਆ। ਮੰਤਰੀ ਨੇ ਉਸ ਨੂੰ ਅੰਜਨਾ ਰਾਣੀ ਨਾਲ ਮਿਲਣ ਦੀ ਸਲਾਹ ਦਿੱਤੀ। ਪਵਨ ਕੁਮਾਰ ਨੇ ਆਖਿਆ, "ਇਹ ਇਸਤਰੀ ਚਰਿੱਤਰਹੀਨ ਹੈ"। ਇਸ ਤੇ ਮੰਤਰੀ ਨੇ ਆਖਿਆ, "ਮਹਾਰਾਜ! ਤੁਹਾਡੇ ਅਪਣੀ ਪਤਨੀ ਬਾਰੇ ਵਿਚਾਰ ਗਲਤ ਹਨ"। ਇਹ ਤਾਂ ਜਿੰਨੇਦਰ ਪ੍ਰਮਾਤਮਾ ਦੀ ਭਗਤੀ ਕਰਦੀ ਹੈ। ਤੁਹਾਨੂੰ ਜ਼ਰੂਰ ਹੀ ਕੋਈ ਭਰਮ ਹੈ, ਇਕ ਵਾਰ ਤੁਸੀਂ ਜ਼ਰੂਰ ਹੀ ਅਪਣੀ ਪਤਨੀ ਨੂੰ ਮਿਲੋ"। ਮੰਤਰੀ ਦੇ ਸਮਝਾਉਣ ਅਤੇ ਚਕਵਾ ਪੰਛੀ ਦੇ ਸਗਨ ਨੂੰ ਵੇਖ ਕੇ ਉਹ ਅੰਜਨਾ ਕੋਲ ਗਿਆ ਅਤੇ ਅੰਜਨਾ ਨੇ ਉਸ ਦਾ ਪਿਆਰ ਭਰੇ ਹੰਝੂਆਂ ਨਾਲ ਸਵਾਗਤ ਕੀਤਾ। ਵਾਪਸੀ ਤੇ ਪਵਨ ਕੁਮਾਰ ਨੇ ਅੰਜਨਾ ਨੂੰ ਚਿੰਤਾਮਨੀ ਦਿੰਦੇ ਹੋਏ ਆਖਿਆ, "ਜਦ ਕੋਈ ਕਸ਼ਟ ਆਵੇ ਤਾਂ ਇਸ ਮਨੀ ਦਾ ਧਿਆਨ ਕਰ ਲੈਣਾ"। ਇਸ ਪ੍ਰਕਾਰ ਅੰਜਨਾ ਨੇ ਪਤੀ ਨੂੰ ਵਿਦਾਈ ਦਿੱਤੀ ਅਤੇ ਪ੍ਰਭੂ ਦੀ ਦੁਗਨੀ ਭਗਤੀ ਕਰਨੀ ਸ਼ੁਰੂ ਕਰ ਦਿੱਤੀ।

ਥੋੜੇ ਜਿਹੇ ਸਮੇਂ ਵਿੱਚ ਹੀ ਅੰਜਨਾ ਦੇ ਗਰਭ ਠਹਿਰ ਗਿਆ ਜੋ ਹੌਲੀ ਹੌਲੀ ਵਿਖਾਈ ਦੇਣ ਲੱਗਾ। ਇਹ ਖਬਰ ਜਦ ਪਵਨ ਕੁਮਾਰ ਦੀ ਮਾਂ ਕੇਤੂਮਤੀ ਨੂੰ ਲੱਗੀ ਤਾਂ ਉਸ ਨੇ ਅੰਜਨਾ ਨੂੰ ਕੁਲਟਾ ਆਖ ਕੇ ਰਾਜ ਵਿਚੋਂ ਬਾਹਰ ਕਰ ਦਿੱਤਾ। ਅੰਜਨਾ ਨੇ ਲੱਖ ਸਮਝਾਉਣ

ਦੀ ਕੋਸ਼ਿਸ ਕੀਤੀ, ਪਰ ਕੋਈ ਗੱਲ ਨਾ ਬਣੀ ਹਾਰ ਕੇ ਅੰਜਨਾ ਆਪਣੇ ਪੇਕੇ ਵੱਲ ਚੱਲ ਪਈ।

ਪਿਤਾ ਘਰ ਪਹੁੰਚੀ, ਤਾਂ ਪਿਤਾ ਨੇ ਵੀ ਉਸ ਨੂੰ ਕੁਲਟਾ ਸਮਝਿਆ। ਜਦਕਿ ਉਸਦੀ ਮਾਤਾ ਨੇ ਉਸ ਨੂੰ ਗਲਤ ਨਾ ਸਮਝਿਆ, ਪਰ ਉਸ ਦੇ ਪਿਤਾ ਦੇ ਆਖਣ ਤੇ ਉਸ ਨੂੰ ਆਪਣੇ ਪਿਤਾ ਦੇ ਘਰ ਵੀ ਸ਼ਰਨ ਨਾ ਮਿਲੀ। ਆਖਰ ਅੰਜਨਾ ਦੁੱਖੀ ਹਾਲਤ ਵਿੱਚ ਇੱਕ ਜੰਗਲ ਵਿੱਚ ਚਲੀ ਗਈ। ਬੇਸਹਾਰੇ ਦੀ ਸ਼ਰਨ ਪ੍ਰਮਾਤਮਾ ਹੁੰਦਾ ਹੈ ਇਹ ਸਮਝ ਕੇ ਅੰਜਨਾ ਨੇ ਜੰਗਲ ਦੀ ਖਤਰਨਾਕ ਭੂਮੀ ਵਿੱਚ ਆਪਣਾ ਗਰਭ ਦਾ ਸਮਾਂ ਪੂਰਾ ਕੀਤਾ। ਉਸ ਨੇ ਇੱਕ ਪ੍ਰਾਕਰਮੀ ਪੁੱਤਰ ਹਨੂਮੰਤ ਕੁਮਾਰ ਨੂੰ ਜਨਮ ਦਿੱਤਾ। ਉਸ ਨੇ ਬੜੇ ਧੀਰਜ ਨਾਲ ਸਾਰੇ ਕਸ਼ਟਾਂ ਨੂੰ ਸਹਿਣ ਕੀਤਾ। ਇੱਕ ਦਿਨ ਉਸ ਨੇ ਰਿਸ਼ਿਵਾਨੀ ਸੁਣੀ ਕਿ ਜਲਦ ਹੀ ਤੇਰੇ ਦੁੱਖਾਂ ਦਾ ਅੰਤ ਹੋਵੇਗਾ ਅਤੇ ਤੇਰਾ ਪਤੀ ਤੈਨੂੰ ਇਜਤ ਨਾਲ ਘਰ ਲੈ ਕੇ ਜਾਵੇਗਾ।

ਖੁਸ਼ ਕਿਸ਼ਮਤੀ ਨਾਲ ਰਾਹ ਵਿੱਚ ਵਿੱਦਿਆਧਰ ਸ਼ੂਰਸੇਨ ਨੇ, ਜੋ ਕੀ ਅੰਜਨਾ ਦਾ ਮਾਮਾ ਲੱਗਦਾ ਸੀ। ਉਜਾੜ ਜੰਗਲ ਵਿੱਚ ਇੱਕਲੀ ਇਸਤਰੀ ਨੂੰ ਅਪਣੇ ਨਵਜਨਮੇ ਬੱਚੇ ਨਾਲ ਵੇਖਿਆ ਅਤੇ ਉਸ ਨੇ ਦਇਆ ਭਾਵ ਨਾਲ ਦੋਹਾਂ ਦਾ ਪਾਲਨ ਪੋਸਣ ਕਰਨ ਲੱਗਾ।

ਉਧਰੋਂ ਪਵਨ ਕੁਮਾਰ ਲੜਾਈ ਦੇ ਮੈਦਾਨ ਤੋਂ ਵਾਪਸ ਆਏ, ਤਾਂ ਮਹਿਲ ਵਿੱਚ ਅੰਜਨਾ ਨੂੰ ਨਾ ਪਾ ਕੇ ਦੁੱਖੀ ਹੋਏ। ਅਸਲ ਸਥਿਤੀ ਸਮਝ ਕੇ, ਉਹਨਾਂ ਨੂੰ ਅਪਣੇ ਮਾਂ ਪਿਓ ਦੇ ਕਠੋਰ ਹੁਕਮ ਦਾ ਵੀ ਬੜਾ ਦੁੱਖ ਹੋਇਆ। ਉਹਨਾਂ ਚਾਰੇ ਪਾਸੇ ਖੋਜ ਕੀਤੀ ਤਾਂ ਪਤਾ ਲੱਗਾ ਕਿ ਅੰਜਨਾ ਆਪਣੇ ਪੁੱਤਰ ਹਨੂਮੰਤ ਕੁਮਾਰ ਦੇ ਨਾਲ ਸੂਰਸੇਨ ਦੇ ਘਰ ਹੈ। ਪਵਨ ਨੇ ਸਨਮਾਨ ਪੂਰਵਕ ਅੰਜਨਾ ਸਤੀ ਨੂੰ ਘਰ ਆਉਣ ਦੀ ਬੇਨਤੀ ਕੀਤੀ ਅਤੇ ਉਸ ਨਾਲ ਘਟ ਚੁਕੀਆਂ ਘਟਨਾਵਾਂ ਅਤੇ ਮਾਂ ਪਿਓ ਦੇ ਕਠੋਰ ਹੁਕਮ ਪ੍ਰਤੀ ਸ਼ਰਮਿੰਦਗੀ ਪ੍ਰਗਟ ਕੀਤੀ।

ਉਸ ਨੇ ਲੰਬੇ ਸਮੇਂ ਤੱਕ ਆਪਣੇ ਬਹਾਦਰ ਬਾਲਕ ਹਨੁਮੰਤ ਕੁਮਾਰ ਦਾ ਲਾਲਨ ਪਾਲਣ ਤੇ ਸਿੱਖਿਆਂ ਨੂੰ ਪੂਰਾ ਕੀਤਾ। ਅੰਤ ਵਿੱਚ ਅੰਜਨਾ ਆਤਮ ਸਾਧਨਾ ਵਿੱਚ ਲੀਨ ਰਹਿਣ ਲੱਗੀ ਅਤੇ ਉਸ ਨੇ ਸ਼ੀਲ ਧਰਮ ਨਾਲ ਆਪਣੇ ਜੀਵਨ ਦਾ ਕਲਿਆਨ ਕੀਤਾ। ਸਤੀ ਅੰਜਨਾ ਨੇ ਸ਼ੀਲ ਦੇ ਪ੍ਰਭਾਵ ਕਾਰਨ ਹੀ ਜੰਗਲ ਦੇ ਦੁੱਖ ਇਕਲੇ ਸਹਿਣ ਕੀਤੇ ਪਤੀ ਦਾ ਵਿਛੋੜਾ ਝੱਲਿਆ ਅਤੇ ਸੱਸ ਸਹੁਰੇ ਅਤੇ ਪਿਤਾ ਦਾ ਅਪਮਾਨ ਸਹਿਣ ਕੀਤਾ ਇਸ ਮਾੜੇ ਸਮੇਂ ਵਿੱਚ ਵੀ ਉਸ ਨੇ ਸ਼ੀਲ ਧਰਮ ਨੂੰ ਨਹੀਂ ਛੱਡਿਆ। ਅਪਣੇ ਸ਼ੀਲ ਧਰਮ ਦੇ ਕਾਰਨ ਅੰਜਨਾ ਸਤੀ ਧੰਨ ਹੋ ਗਈ।

24

# ਸਤੀ ਮਿਰਗਾਵਤੀ

ਮਿਰਗਾਵਤੀ ਵੀ ਵੈਸ਼ਾਲੀ ਦੇਸ਼ ਦੇ ਰਾਜਾ ਚੇਟਕ ਦੀ ਪੁੱਤਰੀ ਸੀ। ਉਹ ਬਚਪਨ ਤੋਂ ਰਾਜਸੀ ਠਾਠ ਦੇ ਨਾਲ ਨਾਲ ਧਾਰਮਕ ਸੰਸਕਾਰਾਂ ਵਿੱਚ ਪਲੀ ਸੀ। ਰਾਜਾ ਨੂੰ ਉਸ ਲਈ ਯੋਗ ਕੋਈ ਵਰ ਨਹੀਂ ਸੀ ਮਿਲ ਰਿਹਾ, ਬੜੀ ਲੰਬੀ ਤਲਾਸ਼ ਤੋਂ ਬਾਅਦ ਕੋਸਾਂਭੀ ਦੇਸ਼ ਦੇ ਰਾਜਕੁਮਾਰ ਸ਼ਤਾਨਿਕ ਉਸ ਨੂੰ ਯੋਗ ਵਰ ਦੇ ਰੂਪ ਵਿੱਚ ਮਿਲ ਗਿਆ। ਰਾਜਕੁਮਾਰੀ ਦੀ ਸ਼ਾਦੀ ਸ਼ਾਹੀ ਠਾਠ ਨਾਲ ਹੋਈ। ਪਿਤਾ ਨੇ ਆਪਣੀ ਪੁੱਤਰੀ ਨੂੰ ਸ਼ੁਭ ਮਹੂਰਤ ਵਿੱਚ ਰਾਜਕੁਮਾਰ ਸ਼ਤਾਨਿਕ ਨਾਲ ਵਿਦਾ ਕੀਤਾ।

ਕੋਸਾਂਭੀ ਆ ਕੇ ਕੁੱਝ ਸਮਾਂ ਬਾਅਦ ਸ਼ਤਾਨਿਕ ਰਾਜਾ ਬਣਿਆ ਤੇ ਮਿਰਗਾਵਤੀ ਪਟਰਾਣੀ ਬਣੀ। ਮਿਰਗਾਵਤੀ ਰਾਜਾ ਨੂੰ ਬਹੁਤ ਪਿਆਰੀ ਸੀ, ਇਸ ਲਈ ਉਸ ਨੇ ਆਪਣੀ ਪਟਰਾਣੀ ਦੇ ਰਹਿਣ ਲਈ ਇਕ ਸੁੰਦਰ ਮਹਿਲ ਤਿਆਰ ਕਰਵਾਉਣਾ ਸ਼ੁਰੂ ਕੀਤਾ। ਜੋ ਬਗੀਚਿਆਂ ਨਾਲ ਘਿਰਿਆ ਹੋਇਆ ਸੀ। ਮਹਿਲ ਵਿੱਚ ਇੱਕ ਚਿੱਤਰਸ਼ਾਲਾ ਦਾ ਕੰਮ ਸ਼ੁਰੂ ਹੋਇਆ, ਇਹ ਕੰਮ ਜਿਸ ਚਿੱਤਰਕਾਰ ਨੂੰ ਦਿੱਤਾ ਗਿਆ। ਉਸ ਨੂੰ ਦੇਵਤਿਆਂ ਵੱਲੋਂ ਇਹ ਵਰਦਾਨ ਹਾਸਲ ਸੀ। ਉਹ ਕਿਸੇ ਵੀ ਮਨੁੱਖ ਜਾਂ ਵਸਤੂ ਦਾ ਇੱਕ ਅੰਗ ਵੇਖ ਕੇ ਉਸ ਦੀ ਉਸੇ ਪ੍ਰਕਾਰ ਦੀ ਤਸਵੀਰ ਬਣਾ ਸਕਦਾ ਸੀ। ਜਿਸ ਵਿੱਚ ਅਸਲ ਬੰਦੇ ਜਾਂ ਚੀਜ ਦਾ ਕੋਈ ਫਰਕ ਨਜ਼ਰ ਨਹੀਂ ਆਉਂਦਾ ਸੀ। ਚਿੱਤਰਕਾਰ ਨੇ ਅਪਣੇ ਸਾਥੀਆਂ ਨਾਲ ਚਿੱਤਰਸ਼ਾਲਾ ਦਾ ਕੰਮ ਸ਼ੁਰੂ ਕੀਤਾ। ਕੁੱਝ ਸਮੇਂ ਬਾਅਦ ਚਿੱਤਰਸ਼ਾਲਾ ਤਿਆਰ ਹੋ ਗਈ। ਚਿੱਤਰਕਾਰ ਨੇ ਰਾਜਾ ਨੂੰ ਬੇਨਤੀ ਕੀਤੀ ਕਿ ਚਿੱਤਰਸ਼ਾਲਾ ਤਿਆਰ ਹੈ, ਉਹ ਚਿੱਤਰਸ਼ਾਲਾ ਵੇਖਣ ਲਈ ਆਉਣ। ਚਿੱਤਰਕਾਰ ਨੇ ਉਸ ਚਿੱਤਰਸ਼ਾਲਾ ਵਿੱਚ ਮਿਰਗਾਵਤੀ ਦਾ ਚਿੱਤਰ ਵੀ ਤਿਆਰ ਕੀਤਾ ਸੀ, ਜੋ ਚਿੱਤਰਸ਼ਾਲਾ ਦੇ ਦਰਵਾਜੇ ਉੱਪਰ ਸਥਾਪਤ ਕੀਤਾ ਗਿਆ ਸੀ।

ਰਾਜੇ ਨੇ ਬੜੇ ਧਿਆਨ ਨਾਲ ਆਪਣੀ ਰਾਣੀ ਦੇ ਚਿੱਤਰ ਨੂੰ ਵੇਖਿਆ ਸਭ ਕੁੱਝ ਠੀਕ ਸੀ। ਅਚਾਨਕ ਹੀ ਉਸ ਦੀ ਨਜ਼ਰ ਸੱਜੇ ਪੱਟ ਉੱਪਰ ਇੱਕ ਰੰਗ ਦੇ ਛਿੱਟੇ ਉੱਪਰ ਪਈ। ਇਹ ਵੇਖ ਕੇ ਰਾਜੇ ਨੂੰ ਕਰੋਧ ਆ ਗਿਆ। ਜਿਸ ਭੇਦ ਨੂੰ ਪਤੀ ਤੋਂ ਇਲਾਵਾ ਕੋਈ ਨਹੀਂ ਜਾਣਦਾ ਉਹ ਚਿੱਤਰਕਾਰ ਨੇ ਕਿਵੇਂ ਬਣਾ ਦਿੱਤਾ? ਰਾਜੇ ਨੂੰ ਆਪਣੀ ਪਤਨੀ ਦੇ ਚਰਿੱਤਰ 'ਤੇ ਸ਼ਕ ਹੋ ਗਿਆ, ਪਰ ਉਸ ਨੇ ਜ਼ਾਹਰ ਨਹੀਂ ਕੀਤਾ। ਉਸ ਨੇ ਚਿੱਤਰਕਾਰ ਨੂੰ ਮੌਤ ਦੀ ਸਜਾ ਸੁਣਾਈ। ਮੰਤਰੀ ਨੇ ਰਾਜੇ ਨੂੰ ਸਮਝਾਉਣ ਲਈ ਆਖਿਆ, "ਮਹਾਰਾਜ! ਇਸ ਵਿੱਚ ਚਿੱਤਰਕਾਰ ਦਾ ਕੋਈ ਦੋਸ਼ ਨਹੀਂ ਕਿਉਂਕਿ ਉਸ ਨੂੰ ਦੇਵਤੇ ਵੱਲੋਂ ਇਹ ਵਰਦਾਨ ਹਾਸ਼ਲ ਹੈ ਕਿ ਉਹ ਕਿਸੇ ਮਨੁੱਖ ਦਾ ਕੋਈ ਇੱਕ ਅੰਗ ਵੇਖ ਕੇ ਉਸ ਦਾ ਪੂਰਾ ਚਿੱਤਰ ਤਿਆਰ ਕਰ ਸਕਦਾ ਹੈ"।

ਮੰਤਰੀ ਦਾ ਆਖਾ ਮੰਨ ਕੇ ਚਿੱਤਰਕਾਰ ਦੇ ਦੋਹਾਂ ਹੱਥਾਂ ਦੇ ਅੰਗੂਠੇ ਕਟਵਾ ਦਿੱਤੇ ਅਤੇ ਉਸ ਨੂੰ ਦੇਸ਼ ਨਿਕਾਲਾ ਦੇ ਦਿੱਤਾ। ਹੁਣ ਚਿੱਤਰਕਾਰ ਨੂੰ ਬਹੁਤ ਗੁੱਸਾ ਆਇਆ ਉਸ ਨੇ ਰਾਜੇ ਤੋਂ ਅਪਮਾਨ ਦਾ ਬਦਲਾ ਲੈਣ ਲਈ ਇੱਕ ਯੋਜਣਾ ਬਣਾਈ। ਉਸ ਨੇ ਫਿਰ ਆਪਣੀ ਦੇਵ ਸ਼ਕਤੀ ਨਾਲ ਮਿਰਗਾਵਤੀ ਦਾ ਇੱਕ ਚਿੱਤਰ ਤਿਆਰ ਕੀਤਾ। ਉਹ ਚਿੱਤਰ ਲੈ ਕੇ ਅਵੰਤੀ ਦੇਸ਼ ਦੇ ਰਾਜਾ ਚੰਡ ਪ੍ਰਦੋਤਨ ਕੋਲ ਆ ਗਿਆ। ਰਾਜੇ ਨੂੰ ਆਪਣੀ ਰਚਨਾ ਭੇਂਟ ਕੀਤੀ, ਰਾਜਾ ਸੁੰਦਰ ਚਿੱਤਰ ਵੇਖ ਕੇ ਹੈਰਾਨ ਹੋ ਗਿਆ। ਉਸ ਨੇ ਚਿੱਤਰਕਾਰ ਤੋਂ ਪੁੱਛਿਆ ਕਿ ਇਹ ਰਾਜਕੁਮਾਰੀ ਕਿਸ ਦੇਸ਼ ਦੀ ਹੈ। ਚਿੱਤਰਕਾਰ ਨੇ ਆਖਿਆ, "ਮਹਾਰਾਜ! ਇਹ ਰਾਜਾ ਸ਼ਤਾਨਿਕ ਦੀ ਰਾਣੀ ਮਿਰਗਾਵਤੀ ਦਾ ਚਿੱਤਰ ਹੈ। ਇਸ ਸੁੰਦਰੀ ਨੂੰ ਪ੍ਰਾਪਤ ਕਰਨਾ ਹਰ ਇੱਕ ਦਾ ਕੰਮ ਨਹੀਂ ਇਸ ਲਈ ਤੁਹਾਨੂੰ ਖੂਨ ਪਸੀਨਾ ਇੱਕ ਕਰਨਾ ਪਵੇਗਾ। ਕਿਉਂਕਿ ਰਾਜਾ ਸ਼ਤਾਨਿਕ ਵੀ ਯੁੱਧ ਕਲਾ ਵਿੱਚ ਮਹਾਨ ਯੋਧਾ ਹੈ। ਉਹ ਆਸਾਨੀ ਨਾਲ ਤੁਹਾਨੂੰ ਅਪਣੀ ਰਾਣੀ ਭੇਂਟ ਨਹੀਂ ਕਰੇਗਾ"।

ਚਿੱਤਰਕਾਰ ਦੀ ਗੱਲ ਸੁਣਕੇ ਰਾਜਾ ਹੱਸ ਪਿਆ ਉਸ ਨੇ ਆਖਿਆ, "ਤੁਸੀਂ ਕਲਮ ਦੇ ਧਨੀ ਹੋ ਅਤੇ ਕਲਮ ਬਾਰੇ ਜਾਣਦੇ ਹੋ, ਤਲਵਾਰ ਨਾਲ ਤੁਹਾਡਾ ਕਦੇ ਵਾਸਤਾ ਨਹੀਂ ਪਿਆ। ਕੋਈ ਚੀਜ ਕਿਸ ਤਰ੍ਹਾਂ ਹਾਸਲ ਕੀਤੀ ਜਾਂਦੀ ਹੈ। ਇਸ ਬਾਰੇ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ ਆਪਣਾ ਇਨਾਮ ਲਵੋ ਅਤੇ ਫੈਸਲਾ ਮੇਰੇ 'ਤੇ ਛੱਡ ਦਿਉ"।

ਚਿੱਤਰਕਾਰ ਨੇ ਚੰਡ ਪ੍ਰਦੋਤਨ ਨੂੰ ਕਰੋਧੀ ਅਵਸਥਾ ਵਿੱਚ ਵੇਖਿਆ ਅਤੇ ਉਸ ਨੂੰ ਆਪਣਾ ਕੰਮ ਬਣਦਾ ਨਜ਼ਰ ਆਇਆ। ਇਹ ਕੰਮ ਰਾਜਾ ਸ਼ਤਾਨਿਕ ਦਾ ਖਾਤਮਾ ਸੀ। ਰਾਜਾ ਚੰਡ ਪ੍ਰਦੋਤਨ ਨੇ ਇੱਕ ਦੂਤ ਭੇਜਕੇ ਰਾਣੀ ਮਿਰਗਾਵਤੀ ਦੀ ਮੰਗ ਕੀਤੀ। ਰਾਜਾ ਸ਼ਤਾਨਿਕ ਇਸ ਪ੍ਰਕਾਰ ਦੀ ਅਪਮਾਨਤ ਭਾਸ਼ਾ ਸੁਣਕੇ ਕਰੋਧਿਤ ਹੋ ਗਿਆ। ਉਸ ਨੇ ਦੂਤ ਨੂੰ ਆਖਿਆ, "ਅਪਣੇ ਰਾਜੇ ਨੂੰ ਜਾ ਕੇ ਆਖ ਕਿ ਜੱਦ ਤੱਕ ਮੇਰੇ ਸ਼ਰੀਰ ਵਿੱਚ ਖ਼ੂਨ ਦਾ ਇੱਕ ਵੀ ਕਤਰਾ ਹੈ ਤੂੰ ਮਿਰਗਾਵਤੀ ਦੀ ਛਾਂ ਨੂੰ ਵੀ ਨਹੀਂ ਛੂੱਹ ਸਕਦਾ। ਉਸ ਨੂੰ ਛੂਹਣਾ ਮੌਤ ਨਾਲ ਖੇਡਨ ਦੇ ਬਰਾਬਰ ਹੈ। ਜੇ ਮਿਰਗਾਵਤੀ ਨੂੰ ਪਾਉਣਾ ਹੈ ਤਾਂ ਉਸ ਨੂੰ ਸਿਰ ਤੇ ਕੱਫਨ ਬੰਨ ਕੇ ਆਉਣਾ ਪਵੇਗਾ"।

ਦੂਤ ਵਾਪਸ ਹੋਇਆ ਤੇ ਸ਼ਤਾਨਿਕ ਰਾਜਾ ਦੀ ਸਾਰੀ ਗੱਲ ਰਾਜਾ ਚੰਡ ਪ੍ਰਦੋਤਨ ਨੂੰ ਸੁਣਾਈ। ਉਸ ਨੇ ਸ਼ਤਾਨਿਕ ਦੀ ਤਾਕਤ ਬਾਰੇ ਵੀ ਚੰਡ ਪ੍ਰਦੋਤਨ ਨੂੰ ਵਿਸਥਾਰ ਨਾਲ ਦੱਸਿਆ। ਪਰ ਚੰਡ ਪ੍ਰਦੋਤਨ 'ਤੇ ਤਾਂ ਕਾਮ ਦਾ ਭੂਤ ਸਵਾਰ ਹੋ ਚੁੱਕਾ ਸੀ। ਉਸ ਨੇ ਅਪਣੀ ਵਾਸਨਾ ਪੂਰਤੀ ਲਈ ਇੱਕ ਵੱਡੀ ਫੋਜ ਲੈ ਕੇ ਰਾਜਾ ਸ਼ਤਾਨਿਕ ਤੇ ਚੜ੍ਹਾਈ ਕਰ ਦਿੱਤੀ। ਦੋਹਾਂ ਰਾਜਿਆਂ ਵਿੱਚਕਾਰ ਘਮਾਸਾਨ ਯੁੱਧ ਹੋਇਆ, ਇਸ ਲੜਾਈ ਵਿੱਚ ਸ਼ਤਾਨਿਕ ਨੂੰ ਜਾਨ ਤੋਂ ਹੱਥ ਧੋਣਾ ਪਿਆ ਕੋਸਾਂਭੀ ਨਗਰੀ ਬੁਰੀ ਤਰ੍ਹਾਂ ਬਰਬਾਦ ਕਰ ਦਿੱਤੀ ਗਈ।

ਸ਼ਤਾਨਿਕ ਦੇ ਇੱਕ ਮੰਤਰੀ ਨੇ ਚੰਡ ਪ੍ਰਦੋਤਨ ਨੂੰ ਸਮਝਾਉਣ ਲਈ ਆਖਿਆ, "ਅਜੇ ਰਾਣੀ ਮਿਰਗਾਵਤੀ ਪਤੀ ਦੇ ਵਿਛੋੜੇ ਵਿੱਚ ਡੁੱਬੀ ਹੋਈ ਹੈ। ਉਸ ਉੱਤੇ ਸਖਤੀ ਕਰਨਾ

ਠੀਕ ਨਹੀਂ ਅਜਿਹੇ ਸਮੇਂ ਜੇ ਤੁਸੀਂ ਕੋਈ ਹਮਦਰਦੀ ਵਿਖਾਉਗੇ ਤਾਂ ਤੁਹਾਨੂੰ ਸਫਲਤਾ ਮਿਲ ਜਾਵੇਗੀ"। ਰਾਜਾ ਨੂੰ ਮੰਤਰੀ ਦੀ ਗੱਲ ਚੰਗੀ ਲੱਗੀ। ਉਸ ਨੇ ਇੱਕ ਹਮਦਰਦੀ ਭਰਿਆ ਪੱਤਰ ਮਿਰਗਾਵਤੀ ਨੂੰ ਲਿਖ ਕੇ ਭੇਜਿਆ ਅਤੇ ਆਪਣੀ ਫੌਜ ਨੂੰ ਵਾਪਸ ਲੈ ਗਿਆ। ਉਸ ਮੰਤਰੀ ਨੇ ਰਾਣੀ ਵੱਲੋਂ ਇੱਕ ਧੰਨਵਾਦ ਪੱਤਰ ਭੇਜਦੇ ਹੋਏ ਆਖਿਆ ਕਿ ਉਹ ਭੱਵਿਖ ਵਿੱਚ ਆਪ ਦੇ ਪ੍ਰਸਤਾਵ 'ਤੇ ਗੋਰ ਕਰੇਗੀ। ਉਸ ਨੂੰ ਸੋਚਣ ਲਈ ਇੱਕ ਸਾਲ ਦਾ ਸਮਾਂ ਚਾਹੀਦਾ ਹੈ। ਪੱਤਰ ਪਾ ਕੇ ਚੰਡ ਪ੍ਰਦੋਤਨ ਬਹੁਤ ਖੁਸ਼ ਹੋਇਆ ਅਤੇ ਵਾਪਸ ਆਪਣੇ ਨਗਰ ਅਵੰਤੀ ਆ ਗਿਆ। ਮਿਰਗਾਵਤੀ ਦਾ ਪੁੱਤਰ ਉਦਾਇਣ ਜੋ ਕਿ ਛੋਟੀ ਅਵਸਥਾ ਵਿੱਚ ਸੀ, ਉਸ ਨੂੰ ਮਿਰਗਾਵਤੀ ਨੇ ਹੋਸਲਾ ਦੇ ਕੇ ਰਾਜਨਿਤੀ ਦੀ ਸਿੱਖਿਆ ਦੇਣੀ ਸ਼ੁਰੂ ਕਰ ਦਿੱਤੀ।

ਮੰਤਰੀ ਨੇ ਰਾਜਾ ਚੰਡ ਪ੍ਰਦੋਤਨ ਨਾਲ ਹੋਏ ਪਤਰਾਚਾਰ ਦੀ ਜਾਨਕਾਰੀ ਰਾਣੀ ਨੂੰ ਦਿੱਤੀ ਅਤੇ ਆਖਿਆ, "ਚਲੋ ਸਾਨੂੰ ਇੱਕ ਸਾਲ ਦਾ ਸਮਾਂ ਮਿਲ ਗਿਆ ਹੈ। ਇਸ ਸਮੇਂ ਵਿੱਚ ਅਸੀਂ ਰਾਜ ਵਿਵਸਥਾ ਸੰਭਾਲਣ ਦੇ ਕਾਬਲ ਹੋ ਜਾਵਾਂਗੇ। ਰਾਣੀ ਨੇ ਕਿਲੇ ਦੇ ਅੰਦਰ ਬੈਠ ਕੇ ਰਾਜ ਚਲਾਉਣਾ ਸ਼ੁਰੂ ਕੀਤਾ। ਇੱਕ ਸਾਲ ਬੀਤ ਗਿਆ ਚੰਡ ਪ੍ਰਦੋਤਨ ਨੇ ਬਹੁਤ ਸਾਰੇ ਤੋਹਫੇ ਅਤੇ ਪ੍ਰੇਮ ਪੱਤਰ ਰਾਣੀ ਮਿਰਗਾਵਤੀ ਨੂੰ ਭੇਜ ਕੇ ਰਾਣੀ ਨੂੰ ਜਲਦ ਮਿਲਣ ਦੀ ਇੱਛਾ ਜਾਹਰ ਕੀਤੀ। ਰਾਣੀ ਨੇ ਦੂਤ ਰਾਹੀਂ ਜਵਾਬ ਦਿੱਤਾ ਕਿ ਯੁੱਧ ਨੂੰ ਜਿੱਤੇ ਬਿਨ੍ਹਾ ਮਿਰਗਾਵਤੀ ਨੂੰ ਪਾਉਣਾ ਮੁਸ਼ਕਲ ਹੈ। ਦੂਤ ਦਾ ਸੁਨੇਹਾ ਸੁਣ ਕੇ ਚੰਡ ਪ੍ਰਦੂਤਨ ਗੁੱਸੇ ਨਾਲ ਲਾਲ ਪੀਲਾ ਹੋ ਗਿਆ। ਉਸ ਨੇ ਇੱਕ ਵੱਡੀ ਫੌਜ ਕੋਸਾਂਬੀ ਤੇ ਹਮਲਾ ਕਰਨ ਲਈ ਭੇਜੀ, ਹੁਣ ਕੋਸਾਂਬੀ ਸੁੱਣੀ ਸੀ। ਸਾਰੇ ਲੋਕ ਕਿਲੇ ਦੇ ਅੰਦਰ ਚਲੇ ਗਏ। ਰਾਜੇ ਨੇ ਕਿਲੇ ਦਾ ਦਰਵਾਜਾ ਤੋੜਨਾ ਚਾਹਿਆ, ਪਰ ਸਫਲਤਾ ਨਾ ਮਿਲੀ ਪਰ ਕੁੱਝ ਦਿਨਾਂ ਬਾਅਦ ਕਿਲੇ ਦੇ ਅੰਦਰ ਵਾਲੇ ਫੋਜੀਆਂ ਦੀ ਭੋਜਨ ਸਮੱਗਰੀ ਖਤਮ ਹੋ ਗਈ। ਇਸ ਲਈ ਉਹ ਭੁੱਖੇ ਮਰਨ ਲੱਗੇ। ਇਹ ਵੇਖ ਕੇ

ਰਾਣੀ ਨੇ ਕਿਲੇ ਦਾ ਦਰਵਾਜਾ ਖੁਲਵਾ ਦਿੱਤਾ। ਉਦਾਇਣ ਨੇ ਚੰਡ ਪ੍ਰਦੋਤਨ ਤੇ ਹਮਲਾ ਕੀਤਾ ਅਤੇ ਚੰਡ ਪ੍ਰਦੋਤਨ ਨੂੰ ਬੰਦੀ ਬਣਾ ਲਿਆ।

ਉਸ ਸਮੇਂ ਚੋਮਾਸੇ ਦਾ ਸਮਾਂ ਚੱਲ ਰਿਹਾ ਸੀ। ਸਬੰਤਸਰੀ ਦਾ ਪਵਿੱਤਰ ਤਿਉਹਾਰ ਆ ਗਿਆ। ਰਾਜਕੁਮਾਰ ਉਦਾਇਣ ਨੇ ਆਖਿਆ, "ਮੈਂ ਅੱਜ ਮੈਂ ਧਰਮ ਸਥਾਨ ਵਿੱਚ ਧਰਮ ਦੀ ਅਰਾਧਨਾ ਕਰਾਂਗਾ ਅਤੇ ਕਿਸੇ ਕਿਸਮ ਦਾ ਭੋਜਨ ਨਹੀਂ ਕਰਾਂਗਾ। ਜੇ ਆਪ ਨੂੰ ਭੋਜਨ ਦੀ ਇੱਛਾ ਹੋਵੇ ਤਾਂ ਆਪ ਨੌਕਰਾਂ ਤੋਂ ਤਿਆਰ ਕਰਵਾ ਲੈਣਾ"। ਚੰਡ ਪ੍ਰਦੋਤਨ ਵੀ ਜੈਨ ਧਰਮ ਨੂੰ ਮੰਨਦਾ ਸੀ ਇਸੇ ਕਾਰਨ ਉਸ ਨੇ ਆਖਿਆ, "ਅੱਜ ਮੈਂ ਵੀ ਇਸ ਤਿਉਹਾਰ ਦੀ ਅਰਾਧਨਾ ਕਰਾਂਗਾ ਅਤੇ ਭੋਜਨ ਨਹੀਂ ਕਰਾਂਗਾ"। ਰਾਜਾ ਚੰਡ ਪ੍ਰਦੋਤਨ ਦੇ ਇਸ ਤਰ੍ਹਾਂ ਆਖਣ ਤੇ ਉਦਾਇਣ ਨੇ ਉਸ ਨੂੰ ਖਿੰਮਾ ਕਰ ਦਿੱਤਾ ਅਤੇ ਕੈਦ ਤੋਂ ਮੁਕਤ ਕਰ ਦਿੱਤਾ।

ਮਿਰਗਾਵਤੀ ਸਾਰੀ ਮੁਸੀਬਤਾਂ ਦੀ ਜੜ ਆਪਣੀ ਸੁੰਦਰਤਾ ਨੂੰ ਸਮਝਦੀ ਸੀ। ਉਸ ਨੇ ਲੰਬੇ ਲੰਬੇ ਤੱਪ ਕਰਨੇ ਸ਼ੁਰੂ ਕਰ ਦਿੱਤੇ। ਸੁਭਾਗ ਵੱਸ ਉਸੇ ਨਗਰੀ ਵਿੱਚ ਧਰਮ ਪ੍ਰਚਾਰ ਕਰਦੇ ਹੋਏ ਭਗਵਾਨ ਮਹਾਵੀਰ ਪਧਾਰੇ। ਧਰਮ ਸਭਾ ਲੱਗੀ ਦੋਹੇ ਰਾਜੇ ਅਤੇ ਮਿਰਗਾਵਤੀ ਹੋਰ ਲੋਕਾਂ ਨਾਲ ਧਰਮ ਉਪਦੇਸ਼ ਸੁਣਨ ਆਏ। ਧਰਮ ਉਪਦੇਸ਼ ਸੁਣਨ ਤੋਂ ਬਾਅਦ ਚੰਡ ਪ੍ਰਦੋਤਨ ਨੇ ਆਖਿਆ, "ਦੇਵੀ ਮੈਂ ਸ਼ਤਾਨਿਕ ਨੂੰ ਤਾਂ ਜੀਵਨ ਨਹੀਂ ਦੇ ਸਕਦਾ ਪਰ ਮੇਰੇ ਰਾਹੀਂ ਉਜਾੜੀ ਕੋਸਾਂਬੀ ਨੂੰ ਹਰਾ ਭਰਾ ਜ਼ਰੂਰ ਕਰ ਸਕਦਾ ਹਾਂ"। ਰਾਣੀ ਮੰਨ ਗਈ ਚੰਡ ਪ੍ਰਦੋਤਨ ਨੇ ਰਾਣੀ ਨੂੰ ਮਾਤਾ ਮੰਨਕੇ ਅਤੇ ਉਦਾਇਣ ਨੂੰ ਭਾਈ ਮੰਨਕੇ ਦੋਹਾਂ ਦਾ ਸਵਾਗਤ ਕੀਤਾ ਅਤੇ ਉਦਾਇਣ ਨੂੰ ਕੋਸਾਂਬੀ ਦੀ ਗੱਦੀ ਪਰ ਬਿੱਠਾ ਕੇ ਰਾਜਾ ਮੰਨ ਲਿਆ।

ਕੁੱਝ ਦਿਨਾਂ ਬਾਅਦ ਰਾਜ ਦਾ ਭਾਰ ਉਦਾਇਣ ਨੂੰ ਸੰਭਾਲ ਕੇ, ਰਾਣੀ ਮਿਰਗਾਵਤੀ ਸਾਧਵੀ ਚੰਦਨਵਾਲਾ ਕੋਲ ਦੀਖਿਅਤ ਹੋ ਗਈ। ਬਿਨੈ ਪੂਰਵਕ ਸੰਜਮ ਦੀ ਸਾਧਨਾ ਕਰਦੇ ਹੋਏ, ਉਸ ਨੂੰ ਕੇਵਲ ਗਿਆਨ ਪ੍ਰਾਪਤ ਹੋ ਗਿਆ। ਉਸ ਦੀ ਆਤਮਾ ਕਰਮ ਬੰਧਨ ਤੋਂ

ਰਹਿਤ ਹੋ ਕੇ, ਸਿੱਧ ਗਤੀ ਨੂੰ ਪ੍ਰਾਪਤ ਹੋਈ। ਮਿਰਗਾਵਤੀ ਦਾ ਸਾਰਾ ਜੀਵਨ ਸ਼ੀਲ ਦੀ ਅਰਾਧਨਾ ਦਾ ਜੀਵਨ ਹੈ। ਉਸ ਨੇ ਜੀਵਨ ਦੇ ਹਰ ਮੋੜ ਉੱਪਰ ਸ਼ੀਲ ਧਰਮ ਦਾ ਪਾਲਣ ਕਰਦੇ ਹੋਏ ਹਰ ਮੁਸੀਬਤ ਨੂੰ ਆਪਣੇ ਉੱਪਰ ਝੱਲਿਆ।

25

# ਅੱਚਕਾਰਿਆ ਭੱਟਾ

ਸ਼ਿਤ ਪ੍ਰਤਿਟਸ਼ਤ ਨਗਰ ਵਿੱਚ ਜਿਤਸ਼ਤਰੂ ਨਾਂ ਦਾ ਰਾਜਾ ਆਪਣੀ ਰਾਣੀ ਧਾਰਨੀ ਨਾਲ ਰਹਿੰਦਾ ਸੀ। ਰਾਣੀ ਆਪਣੇ ਪਤੀ ਪ੍ਰਤੀ ਪੂਰਨ ਰੂਪ ਵਿੱਚ ਸਮਰਪਿਤ ਸੀ। ਉਹਨਾਂ ਦੇ ਸੁਬੁੱਧੀ ਨਾਂ ਦਾ ਮੰਤਰੀ ਸੀ। ਉਸੇ ਸ਼ਹਿਰ ਵਿੱਚ ਧਨ ਨਾਂ ਦਾ ਇੱਕ ਸੇਠ ਰਹਿੰਦਾ ਸੀ। ਉਸ ਦੀ ਪਤਨੀ ਦਾ ਨਾਂ ਭੱਟਾ ਸੀ। ਉਸ ਦੀ ਇੱਕ ਪੁੱਤਰੀ ਸੀ, ਜਿਸ ਦਾ ਨਾਂ ਉਸ ਨੇ ਭੱਟਾ ਹੀ ਰੱਖਿਆ ਹੋਇਆ ਸੀ। ਭੱਟਾ ਬੜੀਆਂ ਲੰਬੀਆਂ ਮਨੰਤਾਵਾਂ ਨਾਲ ਪੈਦਾ ਹੋਈ ਸੀ। ਇਸ ਕਰਕੇ ਮਾਤਾ ਪਿਤਾ ਨੇ ਉਸ ਦੇ ਜਨਮ ਸਮੇਂ ਆਖਿਆ ਸੀ ਕਿ ਕੋਈ ਵੀ ਇਸ ਦਾ ਤਰਿਸਕਾਰ ਨਾ ਕਰੇ। ਉਸ ਦਿਨ ਤੋਂ ਲੋਕ ਉਸ ਨੂੰ ਇਸ ਕਾਰਨ ਅੱਚਕਾਰਿਆ ਭੱਟਾ ਆਖਣ ਲੱਗ ਪਏ।

ਉਹ ਬਹੁਤ ਸੁੰਦਰ ਸੀ, ਅਨੇਕਾਂ ਬਾਣਿਆਂ ਦੇ ਕੁਲਾਂ ਵਿੱਚੋਂ, ਉਸ ਲਈ ਵਰ ਖੋਜੇ ਗਏ। ਪਰ ਹਰ ਮਾਮਲੇ ਵਿੱਚ ਸੇਠ ਦੀ ਇਕੋ ਮੰਗ ਸੀ, ਮੈਂ ਉਸ ਨਾਲ ਇਸ ਦਾ ਵਿਆਹ ਕਰਾਂਗਾ, ਜੋ ਇਸ ਦੀ ਕੋਈ ਵੀ ਗੱਲ ਨਾ ਮੋੜੇ। ਰਾਜਾ ਦੇ ਮੰਤਰੀ ਨੇ ਜਦ ਇਸ ਲੜਕੀ ਦੀ ਸੁੰਦਰਤਾ ਵੇਖੀ, ਤਾਂ ਉਹ ਉਸ ਪਰ ਮੋਹਿਤ ਹੋ ਗਿਆ। ਉਸ ਨੇ ਧਨ ਸੇਠ ਤੋਂ ਉਸ ਦੀ ਮੰਗ ਕੀਤੀ। ਧਨ ਸੇਠ ਨੂੰ ਇਹੋ ਗੱਲ ਆਖੀ, ਜੋ ਉਸ ਨੇ ਪਹਿਲਾਂ ਲੜਕੀ ਲਈ ਆਏ ਵਰਾਂ ਨੂੰ ਆਖੀ ਸੀ। ਮੰਤਰੀ ਨੇ ਸੇਠ ਦੀ ਗੱਲ ਸਵੀਕਾਰ ਕਰ ਲਈ। ਸੇਠ ਨੇ ਅਪਣੀ ਪੁੱਤਰੀ ਦਾ ਵਿਆਹ ਮੰਤਰੀ ਨਾਲ ਕਰ ਦਿੱਤਾ। ਉਹ ਮੰਤਰੀ ਉਸ ਨੂੰ ਬੜੇ ਸਨਮਾਨ ਨਾਲ ਰੱਖਦਾ, ਉਸ ਦੀ ਕੋਈ ਗੱਲ ਨਾ ਮੋੜਦਾ, ਕੰਮ ਕਾਰ ਸਮੇਂ ਮੰਤਰੀ ਕਦੇ ਦੇਰੀ ਨਾਲ ਆਉਂਦਾ ਤਾਂ ਭੱਟਾ ਉਸ ਤੇ ਨਰਾਜ ਹੁੰਦੀ ਹੋਈ ਆਖਦੀ ਤੁਸੀਂ ਦਿਨ ਵਿੱਚ ਹੀ ਘਰ ਕਿਉਂ ਨਹੀਂ ਆ ਜਾਂਦੇ। ਭੱਟਾ ਦਾ ਆਖਾ ਮੰਨ ਕੇ ਉਹ ਦਿਨ ਨੂੰ ਜਲਦੀ ਘਰ ਆਉਣ ਲੱਗਾ। ਜਲਦੀ ਘਰ ਜਾਣ ਦੀ

ਗੱਲ ਸੁਣ ਕੇ ਰਾਜੇ ਨੂੰ ਬਹੁਤ ਚਿੰਤਾ ਹੋਈ। ਇਸ ਨੂੰ ਹਰ ਰੋਜ ਦਿਨ ਨੂੰ ਛੇਤੀ ਘਰ ਨਹੀਂ ਜਾਣਾ ਚਾਹੀਦਾ। ਰਾਜਾ ਦੇ ਪੁੱਛੇ ਜਾਣ ਤੇ ਉਸ ਦੇ ਸਾਥੀ ਮੰਤਰੀਆਂ ਨੇ ਦੱਸਿਆ, "ਰਾਜਨ ਇਹ ਮੰਤਰੀ ਆਪਣੀ ਪਤਨੀ ਦੀ ਆਗਿਆ ਦਾ ਉਲੰਘਣ ਨਹੀਂ ਕਰ ਸਕਦਾ ਕਿਉਂਕਿ ਉਸ ਦੀ ਪਤਨੀ ਨੇ ਉਸ ਨੂੰ ਦਿਨੇ ਘਰ ਆਉਣ ਲਈ ਕਿਹਾ ਹੈ"।

ਇਹ ਗੱਲ ਸੁਣ ਕੇ ਇੱਕ ਵਾਰ ਰਾਜੇ ਨੇ ਮੰਤਰੀ ਨੂੰ ਕਿਹਾ, "ਅੱਜ ਬਹੁਤ ਜ਼ਰੂਰੀ ਕੰਮ ਹੈ, ਤੁਸੀ ਜਲਦੀ ਘਰ ਨਹੀਂ ਜਾਣਾ"। ਇਸ ਕਾਰਨ ਰਾਜਾ ਦੇ ਹੁਕਮ ਦਾ ਪਾਲਣ ਕਰਦੇ ਹੋਏ ਉਹ ਲੰਬਾ ਸਮਾਂ ਰਾਜ ਮਹਿਲ ਵਿੱਚ ਠਹਿਰ ਗਿਆ। ਉਧਰ ਗੁੱਸੇ ਵਿੱਚ ਧਰਮ ਪਤਨੀ ਨੇ ਘਰ ਦਾ ਦਰਵਾਜਾ ਬੰਦ ਕਰ ਲਿਆ। ਦੇਰ ਨਾਲ ਆਉਣ 'ਤੇ ਮੰਤਰੀ ਨੇ ਪਤਨੀ ਨੂੰ ਦਰਵਾਜਾ ਖੋਲ੍ਹਣ ਲਈ ਆਖਿਆ, ਪਰ ਪਤਨੀ ਨੇ ਦਰਵਾਜਾ ਨਾ ਖ੍ਹੋਲਿਆ। ਉਹ ਵਾਰ ਵਾਰ ਦਰਵਾਜਾ ਖੋਲ੍ਹਣ ਦੀ ਬੇਨਤੀ ਕਰਦਾ ਰਿਹਾ, ਆਖਰ ਹਾਰ ਕੇ ਉਸ ਨੇ ਗੁੱਸੇ ਵਿੱਚ ਆ ਕੇ ਕਿਹਾ, "ਅੱਜ ਤੋਂ ਤੂੰ ਇਸ ਘਰ ਦੀ ਮਾਲਕਨ ਨਹੀਂ ਰਹੇਂਗੀ"।

ਇਸ ਗੱਲ ਨੂੰ ਭੱਟਾ ਨੇ ਆਪਣਾ ਅਪਮਾਨ ਸਮਝਿਆ। ਉਸ ਨੇ ਦਰਵਾਜਾ ਖੋਲ੍ਹਇਆ ਅਤੇ ਆਪ ਅਪਣੇ ਪਿਤਾ ਸੇਠ ਧਨਾ ਕੋਲ ਚਲੀ ਗਈ। ਜਦੋਂ ਉਹ ਰਾਹ ਵਿੱਚ ਜਾ ਰਹੀ ਸੀ ਤਾਂ ਉਸ ਦੇ ਗਹਿਣੇ ਪਹਿਨੇ ਹੋਏ ਸਨ। ਧਨ ਦੇ ਲੋਭੀ ਚੋਰਾਂ ਨੇ ਉਸ ਨੂੰ ਰਾਹ ਵਿੱਚ ਹੀ ਫੜ ਲਿਆ ਅਤੇ ਗਹਿਣੇ ਉਤਾਰ ਕੇ ਭੱਟਾ ਨੂੰ ਆਪਣੇ ਸਰਦਾਰ ਦੇ ਹਵਾਲੇ ਕਰ ਦਿਤਾ। ਚੋਰਾਂ ਦੇ ਸਰਦਾਰ ਨੇ ਉਸ ਨੂੰ ਆਪਣੀ ਪਤਨੀ ਬਣਨ ਲਈ ਆਖਿਆ ਅਤੇ ਜ਼ਬਰਦਸਤੀ ਦੀ ਥਾਂ ਤੇ ਪਿਆਰ ਨਾਲ ਇਹ ਗੱਲ ਮੰਨਣ ਲਈ ਆਖਿਆ। ਭੱਟਾ ਇਹ ਨਹੀਂ ਚਾਹੁੰਦੀ ਸੀ, ਉਸ ਚੋਰਾਂ ਦੇ ਸਰਦਾਰ ਨੇ ਖਿੱਜ ਕੇ ਭੱਟਾ ਨੂੰ ਜਲੂਕ ਵੈਦ ਕੋਲ ਵੇਚ ਦਿੱਤਾ। ਵੈਦ ਨੇ ਵੀ ਉਸ ਨੂੰ ਪਤਨੀ ਬਣਨ ਲਈ ਆਖਿਆ, ਪਰ ਭੱਟਾ ਨੇ ਇਹ ਪਸੰਦ ਨਾ ਕੀਤਾ। ਹਾਰ ਕੇ ਵੈਦ ਨੇ ਗੁੱਸੇ ਨਾਲ ਕਿਹਾ, "ਪਾਣੀ ਵਿੱਚੋਂ ਹਰ ਰੋਜ ਇੱਕ ਜੋਕ ਫੜ ਕੇ ਲਿਆਉ"।

ਭੱਟਾ ਸ਼ਰੀਰ ਤੇ ਮੱਖਣ ਲਗਾ ਕੇ ਪਾਣੀ ਵਿੱਚ ਬੈਠ ਜਾਂਦੀ ਅਤੇ ਇਕ ਜੋਕ ਪਕੜ ਕੇ ਲੈ ਆਉਂਦੀ ਸੀ। ਇਸ ਤਰ੍ਹਾਂ ਉਸ ਨੇ ਹਰ ਰੋਜ ਅਪਣਾ ਸ਼ੀਲ ਬਚਾਉਣ ਲਈ ਇਹ ਅਪਵਿੱਤਰ ਕੰਮ ਕਰਨਾ ਪਸੰਦ ਕੀਤਾ। ਹਰ ਰੋਜ ਜੋਕ ਦੇ ਡੰਗਾਂ ਕਾਰਨ ਭੱਟਾ ਦਾ ਸ਼ਰੀਰ ਖ਼ੂਨ ਚੱਲਣ ਕਾਰਨ ਬਦਸ਼ਕਲ ਹੋ ਗਿਆ। ਉਹ ਸਭ ਕੁੱਝ ਆਪਣੇ ਕੀਤੇ ਕਰਮਾਂ ਦਾ ਫਲ ਮੰਨ ਕੇ ਭੋਗਦੀ ਰਹੀ।

ਇੱਕ ਦਿਨ ਅਚਾਨਕ ਉਸ ਦਾ ਭਰਾ ਉਧਰੋਂ ਦੀ ਲੰਘ ਰਿਹਾ ਸੀ। ਉਸ ਨੇ ਆਪਣੀ ਭੈਣ ਵਰਗੀ ਇਸਤਰੀ ਸਮਝਕੇ ਭੱਟਾ ਨੂੰ ਪਹਿਚਾਨ ਲਿਆ। ਭੱਟਾ ਨੇ ਸਾਰੀ ਆਪ ਬੀਤੀ ਆਪਣੇ ਭਰਾ ਨੂੰ ਦੱਸੀ। ਭਰਾ ਨੇ ਕੁੱਝ ਧਨ ਦੇ ਕੇ ਵੈਦ ਤੋਂ ਭੱਟਾ ਦਾ ਛੁਟਕਾਰਾ ਕਰਵਾਇਆ। ਫਿਰ ਉਸ ਨੇ ਉਸ ਦਾ ਕਿਸੇ ਯੋਗ ਵੈਦ ਤੋਂ ਉਪਚਾਰ ਕਰਵਾਇਆ, ਇਸ ਉਪਚਾਰ ਕਾਰਨ ਭੱਟਾ ਦੀ ਸੁੰਦਰਤਾ ਫਿਰ ਆ ਗਈ। ਭੱਟਾ ਨੇ ਇਹ ਸਾਰੀ ਜਾਣਕਾਰੀ ਆਪਣੇ ਮੰਤਰੀ ਪਤੀ ਨੂੰ ਦੱਸੀ। ਮੰਤਰੀ ਪਤੀ ਨੇ ਉਸ ਨੂੰ ਪਹਿਲੀਆਂ ਭੁਲਾਂ ਮੁਆਫ ਕਰਦੇ ਹੋਏ ਫਿਰ ਘਰ ਦੀ ਮਾਲਕਨ ਬਣਾ ਦਿੱਤਾ।

ਭੱਟਾ ਨੇ ਉਸ ਦਿਨ ਤੋਂ ਕਰੋਧ ਅਤੇ ਮਾਨ ਨੂੰ ਘਰੇਲੂ ਝਗੜੇ ਦਾ ਕਾਰਨ ਮੰਨ ਕੇ ਤਿਆਗਨ ਦਾ ਨਿਸਚੈ ਕੀਤਾ। ਉਸ ਨੇ ਦੋਹਾਂ ਦਾ ਤਿਆਗ ਕਰਕੇ ਅਪਣਾ ਜੀਵਨ ਸੁੰਦਰ ਢੰਗ ਨਾਲ ਜਿਉਣਾ ਸ਼ੁਰੂ ਕੀਤਾ। ਇਹ ਸਭ ਸ਼ੀਲ ਦਾ ਮਹੱਤਵ ਸੀ ਕਿ ਭੱਟਾ ਨੂੰ ਵੀ ਪ੍ਰਸ਼ਿਧੀ ਪ੍ਰਾਪਤ ਹੋਈ। ਅਕਸਰ ਕਸ਼ਟ ਵਿੱਚ ਲੋਕ ਚਰਿੱਤਰਹੀਨ ਹੋ ਜਾਂਦੇ ਹਨ। ਪਰ ਕੁੱਝ ਅਜਿਹੇ ਸੂਰਮੇ ਵੀ ਹੁੰਦੇ ਹਨ, ਜੋ ਕਿਸੇ ਹਾਲ ਵਿੱਚ ਵੀ ਆਪਣੀ ਧਾਰਨ ਕੀਤੀ ਪ੍ਰਤਿਗਿਆ ਨੂੰ ਨਹੀਂ ਛੱਡਦੇ। ਅੱਚਕਾਰਿਆ ਭੱਟਾ ਵੀ ਇਹੀ ਦ੍ਰਿੜ ਪ੍ਰਤਿਗਿਆ ਵਾਲੀ ਇਸਤਰੀ ਸੀ। ਉਸ ਨੇ ਚੋਰਾਂ ਦੇ ਮੁੱਖੀ ਰਾਹੀਂ ਦਿਤੇ ਕਸ਼ਟਾਂ ਨੂੰ ਸਹਿਣ ਕਰ ਲਿਆ, ਪਰ ਅਪਣਾ ਸ਼ੀਲ ਸੁਰੱਖਿਅਤ

ਰੱਖਿਆ। ਲੰਬਾ ਸਮਾਂ ਗੁਜਰਨ ਤੋਂ ਬਾਅਦ ਵੀ ਉਸ ਦਾ ਨਾਂ ਜੈਨ ਇਤਿਹਾਸ ਵਿੱਚ ਸ਼ੀਲ ਕਾਰਨ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ।

# ਤੱਪ ਕੂਲਕ

ਤੱਪ ਅਤੇ ਧਿਆਨ ਦੀ ਅਗਨੀ ਵਿੱਚ ਜਲਾਏ ਜਾਣ ਵਾਲੇ ਕਰਮ ਰੂਪੀ ਬਾਲਨ ਦੇ ਧੂਏਂ ਸਮਾਨ ਜਿਨ੍ਹਾਂ ਦੇ ਮੋਢੇ ਤੇ ਜਟਾ ਰੂਪ ਮੁਕਟ ਸੋਭਦਾ ਹੈ ਅਜਿਹੇ ਯੂਗਾਆ ਆਦਿ ਦੇਵ (ਰਿਸ਼ਵ ਦੇਵ) ਦੀ ਜੈ ਹੋਵੇ। ॥1॥

ਜੋ ਭਗਵਾਨ ਇਕ ਸਾਲ ਤੱਕ ਤੱਪ ਰਾਹੀਂ ਕਾਯੋਤਸਰਗ (ਇਕ ਧਿਆਨ ਦੀ ਮੁਦਰਾ) ਵਿੱਚ ਸਥਿਰ ਰਹੇ। ਜਿਨ੍ਹਾਂ ਨੇ ਆਪਣੇ ਉੱਪਰ ਚੁੱਕੇ ਹੱਥ ਨੂੰ ਖਾਲੀ ਨਹੀਂ ਜਾਣ ਦੇ ਰੂਪ ਵਿੱਚ ਅਪਣੀ ਪ੍ਰਤਿਗਿਆ ਪੂਰੀ ਕੀਤੀ ਅਜਿਹੇ ਬਾਹੂਵਲੀ ਮੁਨੀ ਪਾਪ ਨੂੰ ਦੂਰ ਕਰਨ। ॥2॥

ਤੱਪਸਿਆ ਦੇ ਪ੍ਰਭਾਵ ਨਾਲ ਅਸਥਿਰ - ਸਥਿਰ, ਕਠਿਨ - ਸਰਲ, ਦੁਰਲੱਭ - ਸੁਲਭ ਅਤੇ ਨਾ ਕੰਮ ਹੋਣ ਵਾਲੇ ਕੰਮ ਵੀ ਬਣ ਜਾਂਦੇ ਹਨ। ॥3॥

ਛੱਟ ਛੱਟ ਦੀ ਲਗਾਤਾਰ ਤਪੱਸਿਆ ਕਰਨ ਵਾਲੇ ਪਹਿਲੇ ਗਨਧਰ ਭਗਵਾਨ ਜਿਨ੍ਹਾਂ ਦਾ ਨਾਂ ਇੰਦਰ ਭੂਤੀ ਹੈ ਉਹ ਅਕਸ਼ਿਨਮਹਾਨਸ ਨਾਂ ਦੀ ਲਬਦੀ ਦੇ ਧਾਰਕ ਸ਼੍ਰੀ ਗੋਤਮ ਸਵਾਮੀ ਦੀ ਜੈ ਹੋਵੇ। ॥4॥

ਚੱਕਰਵਰਤੀ ਸੰਨਤਕੁਮਾਰ ਤਪੱਸਿਆ ਦੇ ਬਲ ਨਾਲ **ਖੇਲੋਸਹੀ ਲੱਬਦੀ** ਦੇ ਧਾਰਕ ਹੋਏ ਅਤੇ ਥੁੱਕ ਨਾਲ ਗਿਲੀ ਉਂਗਲ ਦੇ ਲੇਪ ਨਾਲ ਕੋਹੜ ਨੂੰ ਮਿਟਾਕੇ ਸਰੀਰ ਨੂੰ ਕੰਚਨ ਜਿਹਾ ਬਣਾ ਲਿਆ। ॥5॥

ਦਰਿੜ ਪ੍ਰਹਾਰੀ ਚੋਰ ਨੇ ਗਾਂ, ਬ੍ਰਾਹਮਨ, ਗਰਭ ਅਤੇ ਗਰਭਵਤੀ ਬ੍ਰਾਹਮਨੀ ਦਾ ਘਾਤ ਆਦਿ ਪਾਪ ਕਰਕੇ ਵੀ ਤੱਪ ਰਾਹੀਂ ਸੋਨੇ ਦੀ ਤਰ੍ਹਾਂ ਅਪਣੀ ਆਤਮਾ ਨੂੰ ਸ਼ੁੱਧ ਕਰ ਲਿਆ। ॥6॥

ਮਹਾਂ ਰਿਸ਼ਿ ਨੰਦੀ ਸੈਨ ਨੇ ਜਨਮ ਲੈ ਕੇ ਕਠੋਰ ਤੱਪਸਿਆ ਦੇ ਪ੍ਰਭਾਵ ਨਾਲ ਵਾਸੂਦੇਵ ਬਣਕੇ ਹਜ਼ਾਰਾਂ ਸੁੰਦਰ ਪਤਨੀਆਂ ਦੇ ਪਤੀ ਬਣੇ। ॥7॥

ਕੁਲ ਅਤੇ ਜਾਤੀ ਵਿੱਚ ਛੋਟੇ ਪੁਰਸ਼ ਵੀ ਦੇਵਤਾ ਤੱਕ ਸੇਵਾ ਕਰਦੇ ਹਨ। ਜਿਵੇਂ ਤੱਪਸਿਆ ਰੂਪ ਮੰਤਰ ਦੇ ਪ੍ਰਭਾਵ ਨਾਲ, ਹਰੀ ਕੇਸ਼ੀ ਮੁਨੀ ਦੀ ਪੂਜਾ ਹੋਈ, ਜੋ ਜਨਮ ਤੋਂ ਚੰਡਾਲ ਸੀ। ॥8॥

ਇੱਕ ਕਪੜੇ ਤੋਂ 100 ਕਪੜੇ ਅਤੇ ਇਕ ਘੜੇ ਤੋਂ 1000 ਘੜੇ, ਜੋ ਲੱਬਦੀ ਧਾਰੀ ਮੁਨੀ ਬਣਾਉਂਦੇ ਹਨ ਉਹ ਨਿਸ਼ਚੈ ਹੀ ਤੱਪ ਰੂਪੀ ਕਲਪ ਵਰਿਕਸ਼ ਦਾ ਫਲ ਹੈ। ॥9॥

ਫਲ ਦੀ ਇੱਛਾ ਰਹਿਤ ਅਤੇ ਵਿਧੀ ਨਾਲ ਕੀਤੇ ਗਏ ਤਪਸਵੀ ਦੇ ਤੱਪ ਦੀ ਹੀ ਪ੍ਰਸ਼ੰਸਾ ਕੀਤੀ ਜਾਵੇ? ਉਸ ਰਾਹੀਂ ਨਿਕਾਚਿਤ ਸੰਗ੍ਰਹਿਤ ਕਰਮਾਂ ਦਾ ਵੀ ਨਾਸ਼ ਹੋ ਜਾਂਦਾ ਹੈ, ਫਿਰ ਆਮ ਕਰਮ ਦੀ ਤਾਂ ਗੱਲ ਹੀ ਕੀ ਹੈ? ॥10॥

ਨੇਮੀ ਨਾਥ (22ਵੇਂ ਤੀਰਥੰਕਰ ਅਰਿਸ਼ਟ ਨੇਮੀ) ਦੇ ਔਖੇ ਤੱਪ ਕਰਨ ਵਾਲੇ ਮੁਨੀ ਦਾ ਨਾਂ ਸ਼੍ਰੀ ਕ੍ਰਿਸ਼ਨ ਨੇ ਪੁੱਛਿਆ, ਤਾਂ ਉਹਨਾਂ ਨੇ ਢੰਢਨ ਮੁਨੀ ਦਾ ਨਾਂ ਦੱਸਿਆ ਉਸ ਮਹਾਤਮਾ ਦਾ ਆਪ ਵੀ ਸਿਮਰਨ ਕਰੋ। ॥11॥

ਹਰ ਰੋਜ 7 ਮਨੁੱਖਾਂ (ਛੇ ਆਦਮੀ ਅਤੇ ਇੱਕ ਔਰਤ) ਦੀ ਹੱਤਿਆ ਕਰਕੇ, ਜਿਸ ਨੇ ਪ੍ਰਭੂ ਮਹਾਵੀਰ ਤੋਂ ਜੈਨ ਸਾਧੂ ਦਿੱਖਿਆ ਗ੍ਰਹਿਣ ਕੀਤੀ। ਅਜਿਹੇ ਕਠੋਰ ਅਭਿਗ੍ਰਹਿ (ਗੁਪਤ ਪ੍ਰਤਿਗਿਆ ਰਾਹੀਂ ਤੱਪ ਕਰਨਾ) ਵਾਲੇ ਅਰਜਨ ਮਾਲੀ ਮੁਨੀ ਤੱਪ ਰਾਹੀਂ ਹੀ ਸਿੱਧ ਗਤੀ ਨੂੰ ਪ੍ਰਾਪਤ ਹੋਇਆ। ॥12॥

ਅੱਠਵੇਂ ਨੰਦੀਸ਼ਵਰ ਅਤੇ 13ਵੇਂ ਰੁਚਕ ਪਰਵਤ ਦੀ ਅਤੇ ਮੇਰੂ ਪਰਵਤ ਦੇ ਉੱਪਰ ਜੋ ਜੰਗਾਚਾਰਨ (ਅਕਾਸ਼ ਵਿੱਚ ਉੜਨ ਵਾਲੇ) ਮੁਨੀ ਇੱਕ ਹੀ ਕਾਲ ਵਿੱਚ ਜਾਂਦੇ ਹਨ। ਇਹ ਸਭ ਤੱਪ ਦਾ ਹੀ ਪ੍ਰਭਾਵ ਹੈ। ॥13॥

ਸ਼੍ਰੇਣਿਕ ਰਾਜਾ ਦੇ ਸਾਹਮਣੇ ਜਿਸ ਦੇ ਤੱਪ ਦੀ ਭਗਵਾਨ ਮਹਾਵੀਰ ਨੇ ਪ੍ਰਸ਼ੰਸਾ ਕੀਤੀ, ਉਹ ਧੰਨਾ ਮੁਨੀ ਧਨਵਾਦ ਯੋਗ ਹੈ। ਸੇਠ ਸ਼ਾਲੀਭੱਦਰ ਦੇ ਬਹਨੋਈ ਅਤੇ ਕਾਕੰਦੀ ਨਗਰੀ ਦੇ ਧੰਨਾ ਦੋਹਾਂ ਨੇ ਪੰਜਵੇਂ ਅਨੁੱਤਰ ਸਰਵਾਰਥ ਸਿੱਧ ਵਿਮਾਨ ਨੂੰ ਪ੍ਰਾਪਤ ਕੀਤਾ। ॥14॥

ਰਿਸ਼ਭ ਪੁੱਤਰੀ ਸੁੰਦਰੀ ਸਤੀ ਦਾ ਲਗਾਤਾਰ ਆਯੰਵਿਲ ਤੱਪ ਜੋ 60 ਹਜਾਰ ਸਾਲ ਚੱਲਿਆ। ਇਹ ਸੁਣ ਕੇ ਕਿਸ ਦਾ ਹਿਰਦਾ ਨਹੀਂ ਕੰਬੇਗਾ, ਇਹ ਕਿਨ੍ਹਾਂ ਕਠੋਰ ਤੱਪ ਹੈ। ॥15॥

ਸ਼ਿਵ ਕੁਮਾਰ ਨੇ 12 ਸਾਲ ਤੱਕ ਆਯੰਵਿਲ ਤੱਪ ਕੀਤਾ, ਉਸ ਨੂੰ ਜੰਬੂ ਕੁਮਾਰ ਦੇ ਰੂਪ ਵਿੱਚ ਦੇਖ ਕੇ, ਕੌਣਿਕ ਰਾਜਾ ਹੈਰਾਨ ਹੋ ਗਿਆ। ॥16॥

ਜਿਨ ਕਲਪੀ (ਜੈਨ ਮੁਨੀ ਦੀ ਇੱਕ ਕਿਸਮ) ਅਤੇ ਪ੍ਰੀਹਾਰ ਤੱਪ ਕਰਨ ਵਾਲੇ ਪ੍ਰਤਿਮਾ ਧਾਰੀ ਯਥਾਲੰਦਕ ਤੱਪ ਵਾਲੇ ਤਪਸਵੀ ਜੀਵਨ ਨੂੰ ਸੁਣਕੇ ਕੌਣ ਦੂਸਰੇ ਤੱਪ ਦਾ ਅਹੰਕਾਰ ਕਰੇਗਾ? ॥17॥

ਮਹੀਨਾ ਅਤੇ ਪੰਦਰਾਂ ਦਿਨ ਦੀ ਤੱਪਸਿਆ ਕਰਨ ਵਾਲੇ ਬਲਭੱਦਰ ਮੁਨੀ ਸੁੰਦਰ ਹੁੰਦੇ ਹੋਏ ਵੀ ਤਿਆਗੀ ਹੋ ਗਏ। ਉਸ ਜੰਗਲ ਵਿੱਚ ਰਹਿਣ ਵਾਲੇ ਮੁਨੀ ਨੇ ਹਜਾਰਾਂ ਹਿੰਸਕ ਪਸ਼ੂਆਂ ਨੂੰ ਗਿਆਨ ਦਿੱਤਾ, ਉਹਨਾਂ ਦੀ ਜੈ ਹੋਵੇ। ॥18॥

ਜਮੀਨ ਕੰਬ ਗਈ, ਸਮੁੰਦਰ ਦਾ ਪਾਣੀ ਚੰਚਲ ਹੋ ਗਿਆ, ਹਿਮਾਲਿਆ ਪਰਬਤ ਡੋਲਣ ਲੱਗੇ ਇਸ ਪ੍ਰਕਾਰ ਜਿਸ ਵਿਸ਼ਨੂੰ ਕੁਮਾਰ ਮੁਨੀ ਨੇ ਸੰਘ ਦੀ ਰੱਖਿਆ ਲਈ ਜਿੱਤ ਹਾਸਲ ਕੀਤੀ ਉਹ ਤੱਪਸਿਆ ਦਾ ਹੀ ਫਲ ਹੈ। ॥19॥

ਜਿਆਦਾ ਕੀ ਆਖਿਏ ਜਿਸ ਕਿਸੇ ਨੂੰ ਜਿੱਥੇ ਵੀ ਕਿਸੇ ਪ੍ਰਕਾਰ ਦਾ ਸੰਸਾਰਿਕ ਸੁੱਖ ਵਿਖਾਈ ਦਿੰਦਾ ਹੈ। ਉਹ ਸਭ ਦਾ ਕਾਰਨ ਤੱਪਸਿਆ ਹੈ। ॥20॥

26

## ਬਾਹੂਵਲੀ ਮੁਨੀ

ਆਪ ਪਹਿਲੇ ਤੀਰਥੰਕਰ ਭਗਵਾਨ ਰਿਸ਼ਭ ਦੇਵ ਦੇ ਸੱਭ ਤੋਂ ਛੋਟੇ ਪੁੱਤਰ ਸਨ। ਭਗਵਾਨ ਰਿਸ਼ਭ ਦੇਵ ਦੇ ਕੁੱਲ 100 ਪੁੱਤਰ ਅਤੇ ਦੋ ਪੁੱਤਰੀਆਂ ਸਨ। ਸਭ ਤੋਂ ਵੱਡੇ ਪੁੱਤਰ ਦਾ ਨਾਂ ਭਰਤ ਸੀ। ਜਿਸ ਦੇ ਨਾਂ ‘ਤੇ ਇਸ ਦੇਸ਼ ਦਾ ਨਾਂ ਭਾਰਤ ਵਰਸ ਰੱਖਿਆ ਗਿਆ। ਜਿਸ ਦਾ ਵਰਨਣ ਹਿੰਦੂ ਪੁਰਾਨਾ ਵਿੱਚ ਵੀ ਮਿਲਦਾ ਹੈ। ਭਗਵਾਨ ਰਿਸਭ ਦੇਵ ਨੇ ਸਭਿਅਤਾ ਦੇ ਮੁਢ ਵਿੱਚ ਆਯੋਧਿਆ ਨਗਰੀ ਦਾ ਨਿਰਮਾਨ ਕੀਤਾ। ਭਗਵਾਨ ਰਿਸ਼ਭ ਦੇਵ ਨੇ ਪੁਰਸ਼ਾ ਨੂੰ 72 ਅਤੇ ਇਸਤਰੀਆਂ ਨੂੰ 64 ਕਲਾ ਪ੍ਰਦਾਨ ਕੀਤੀਆਂ। ਮਨੁੱਖ ਨੂੰ ਆਤਮ ਨਿਰਭਰ ਰਹਿਣਾ ਸਿਖਾਇਆ। ਉਹਨਾਂ ਨੇ ਖੇਤੀ, ਸ਼ਿਲਪ, ਹਥਿਆਰ ਚਲਾਉਣਾ ਅਤੇ ਲਿਖਾਈ ਆਦਿ ਵਿਦਿਆ ਪ੍ਰਦਾਨ ਕੀਤੀਆਂ। ਬਾਹੂਵਲੀ ਗੰਧਾਰ ਦਾ ਰਾਜਾ ਸੀ। ਜਿਸ ਦੀ ਰਾਜਧਾਨੀ ਤਕਸ਼ਿਲਾ (ਹੁਣ ਪਾਕਿਸਤਾਨ ਵਿੱਚ) ਸੀ। ਬਾਹੂਵਲੀ ਆਪਣੇ ਨਾਂ ਅਨੁਸਾਰ ਆਪਣੀਆਂ ਬਾਹਾਂ ਵਿੱਚ ਅਨੋਖੀ ਸ਼ਕਤੀ ਰੱਖਦਾ ਸੀ। ਉਸ ਨੂੰ ਕੋਈ ਵੀ ਸੂਰਮਾ ਹਰਾ ਨਹੀਂ ਸੀ ਸਕਦਾ। ਇੱਥੋਂ ਤੱਕ ਕਿ ਦੇਵਤੇ ਵੀ ਉਸ ਦੀ ਸ਼ਕਤੀ ਦੀ ਪ੍ਰਸੰਸਾ ਕਰਦੇ ਸਨ।

ਭਗਵਾਨ ਰਿਸ਼ਭ ਦੇਵ ਨੇ ਜਦੋਂ ਸਾਧੂ ਜੀਵਨ ਗ੍ਰਹਿਣ ਕੀਤਾ, ਤਾਂ ਉਹਨਾਂ ਆਪਣੇ ਪੁੱਤਰਾਂ ਵਿੱਚ ਰਾਜ ਵੰਡ ਦਿੱਤਾ। ਉਹਨਾਂ ਪੁੱਤਰਾਂ ਦੇ ਨਾਂ ‘ਤੇ ਭਾਰਤ ਵਿੱਚ ਅਨੇਕਾਂ ਪ੍ਰਦੇਸ਼ ਬਣੇ। ਇੱਕ ਵਾਰ ਭਰਤ ਦੇ ਕਰਮਚਾਰੀ ਨੇ ਦਰਬਾਰ ਵਿੱਚ ਆ ਕੇ ਸੂਚਨਾ ਦਿੱਤੀ, “ਮਹਾਰਾਜ ਸਾਡੇ ਅਸਲਾ ਖਾਣਾ ਵਿੱਚ ਚੱਕਰ ਰਤਨ ਪੈਦਾ ਹੋਇਆ ਹੈ”। ਦੂਜੇ ਕਰਮਚਾਰੀ ਨੇ ਆਖਿਆ, “ਭਗਵਾਨ ਰਿਸ਼ਭ ਦੇਵ ਨੂੰ ਕੇਵਲ ਗਿਆਨ ਪ੍ਰਾਪਤ ਹੋ ਗਿਆ ਹੈ”। ਤੀਸਰੇ ਕਰਮਚਾਰੀ ਨੇ ਆਖਿਆ, “ਆਪ ਦੇ ਘਰ ਪੁੱਤਰ ਪੈਦਾ ਹੋਇਆ ਹੈ”। ਇਕੋ ਸਮੇਂ ਤਿੰਨ ਖੁਸ਼ੀਆਂ ਸੁਣ ਕੇ ਭਰਤ ਬਹੁਤ ਖੁਸ਼ ਹੋਇਆ।

ਉਸ ਨੇ ਧਰਮ ਸਭਾ ਵਿੱਚ ਜਾ ਕੇ ਪਹਿਲਾਂ ਭਗਵਾਨ ਰਿਸਭ ਦੇਵ ਨੂੰ ਬੰਦਨਾ ਨਮਸਕਾਰ ਕੀਤੀ ਤੇ ਉਹਨਾਂ ਦਾ ਉਪਦੇਸ਼ ਸੁਣਿਆ। ਫਿਰ ਵਾਪਸ ਮਹਿਲ ਵਿਚ ਆ ਕੇ ਉਸ ਨੇ ਪੁੱਤਰ ਦਾ ਮੂੰਹ ਵੇਖਿਆ ਉਸ ਤੋਂ ਬਾਅਦ ਉਸ ਨੇ ਚੱਕਰਵਰਤੀ ਬਣਨ ਦੀ ਤਿਆਰੀ ਸ਼ੁਰੂ ਕੀਤੀ, ਦੇਵਤਿਆਂ ਰਾਹੀਂ ਪ੍ਰਾਪਤ ਚੱਕਰ ਰਤਨ, ਉਸ ਦੇ ਅੱਗੇ ਅੱਗੇ ਚੱਲਦਾ ਅਤੇ ਪਿੱਛੇ ਉਸ ਦੀ ਫੌਜ ਚੱਲਦੀ। ਜਿਥੇ ਜਿਥੇ ਚੱਕਰ ਰਤਨ ਘੁੰਮਦਾ ਉਥੋਂ ਦੇ ਰਾਜੇ ਅਪਣੇ ਆਪ ਭਰਤ ਦੇ ਅਧੀਨ ਹੁੰਦੇ ਜਾਂਦੇ। ਭਰਤ ਦੀ ਇਸ ਭੁਖ ਨੂੰ ਵੇਖ ਕੇ ਉਸ ਦੇ 98 ਭਰਾਵਾਂ ਨੇ ਭਗਵਾਨ ਰਿਸ਼ਭ ਦੇਵ ਕੋਲ ਦਿੱਖਿਆ ਗ੍ਰਹਿਣ ਕਰ ਲਈ। ਆਖਰ ਸੰਸਾਰ ਨੂੰ ਜਿੱਤ ਕੇ ਚੱਕਰ ਰਤਨ ਰਾਜਧਾਨੀ ਆਯੋਧਿਆ ਵਿੱਚ ਪਹੁੰਚਿਆ। ਪਰ ਚੱਕਰ ਰਤਨ ਦਰਵਾਜੇ ਦੇ ਬਾਹਰ ਆ ਕੇ ਰੁੱਕ ਗਿਆ, ਭਰਤ ਨੇ ਅਪਣੇ ਪ੍ਰੋਹਿਤ ਤੋਂ ਚੱਕਰ ਰਤਨ ਦੇ ਰੁਕਣ ਦਾ ਕਾਰਨ ਪੁੱਛਿਆ। ਰਾਜ ਪ੍ਰੋਹਿਤ ਨੇ ਆਖਿਆ, "ਮਹਾਰਾਜ! ਅਜੇ ਕੋਈ ਰਾਜਾ ਆਪ ਦੇ ਅਧੀਨ ਹੋਣਾ ਰਹਿੰਦਾ ਹੈ। ਪਹਿਲਾਂ ਉਸ ਨੂੰ ਅਧੀਨ ਕਰੋ ਫਿਰ ਹੀ ਚੱਕਰ ਰਤਨ ਰਾਜਧਾਨੀ ਵਿੱਚ ਪ੍ਰਵੇਸ਼ ਕਰੇਗਾ"।

ਭਰਤ ਨੇ ਵਿਚਾਰ ਕੀਤਾ ਤਾਂ ਉਸ ਨੂੰ ਧਿਆਨ ਆਇਆ, ਉਸ ਦਾ ਛੋਟਾ ਭਰਾ ਬਾਹੁਵਲੀ ਜੋ ਤਕਸ਼ਿਲਾ ਵਿੱਚ ਰਾਜ ਕਰਦਾ ਹੈ। ਉਸ ਨੇ ਅਜੇ ਉਸ ਦੀ ਅਧੀਨਤਾ ਸਵੀਕਾਰ ਨਹੀਂ ਕੀਤੀ। ਰਾਜਾ ਭਰਤ ਨੇ ਆਪਣਾ ਇੱਕ ਦੂਤ ਰਾਜਾ ਬਾਹੂਵਲੀ ਕੋਲ ਭੇਜਿਆ ਅਤੇ ਆਖਿਆ ਕਿ ਮੈਂ ਆਪ ਦਾ ਵੱਡਾ ਭਰਾ ਹਾਂ, ਮੈਂ ਚੱਕਰਵਰਤੀ ਬਣਨਾ ਚਾਹੁੰਦਾ ਹਾਂ। ਤੁਸੀ ਮੇਰੀ ਅਧੀਨਤਾ ਸਵੀਕਾਰ ਕਰ ਲਵੋ ਤਾਂ ਕਿ ਮੈਂ ਚੱਕਰਵਰਤੀ ਬਣ ਜਾਵਾਂ। ਦੂਤ ਦਾ ਸੁਨੇਹਾ ਸੁਣ ਕੇ ਬਾਹੂਵਲੀ ਨੂੰ ਕਰੋਧ ਆ ਗਿਆ। ਉਸ ਨੇ ਆਖਿਆ, "ਆਪਣੇ ਰਾਜੇ ਨੂੰ ਆਖ ਕਿ ਜੋ ਮੈਂ ਰਾਜ ਪ੍ਰਾਪਤ ਕੀਤਾ ਹੈ। ਉਸ ਨੂੰ ਮੇਰੇ ਪਿਤਾ ਨੇ ਮੈਨੂੰ ਦਿੱਤਾ ਹੈ। ਮੈਨੂੰ ਅਪਣੇ ਰਾਜ

ਦੀ ਸੁਤੰਤਰਤਾ ਪਿਆਰੀ ਹੈ। ਜੇ ਉਸ ਨੇ ਰਾਜ ਹਾਸਲ ਕਰਨਾ ਹੈ ਤਾਂ ਲੜਨ ਲਈ ਤਿਆਰ ਹੋ ਜਾਵੇ। ਮੈਂ ਮੈਦਾਨ ਵਿੱਚ ਹੀ ਉਸ ਦਾ ਸਾਹਮਣਾ ਕਰਾਂਗਾ"।

ਦੂਤ ਬਾਹੂਵਲੀ ਦਾ ਉੱਤਰ ਲੈ ਕੇ ਰਾਜਾ ਭਰਤ ਦੇ ਦਰਬਾਰ ਵਿੱਚ ਹਾਜਰ ਹੋਇਆ। ਬਾਹੂਵਲੀ ਦਾ ਉੱਤਰ ਸੁਣ ਕੇ ਭਰਤ ਨੂੰ ਵੀ ਕਰੋਧ ਆ ਗਿਆ ਕਿਉਂਕਿ ਉਸ ਨੂੰ ਆਸ ਨਹੀਂ ਸੀ ਕਿ ਉਸ ਦਾ ਛੋਟਾ ਭਰਾ ਉਸ ਦਾ ਕਹਿਣਾ ਨਹੀਂ ਮੰਨੇਗਾ। ਆਖਰ ਭਰਤ ਨੇ ਆਪਣੀ ਵੱਡੀ ਫੌਜ ਨਾਲ ਬਾਹੂਵਲੀ ਦੇ ਰਾਜ ਵੱਲ ਕੂਚ ਕਰ ਦਿਤਾ। ਉਧਰੋਂ ਬਾਹੂਵਲੀ ਵੀ ਅਪਣੀ ਪੂਰੀ ਫੌਜ ਅਤੇ ਸ਼ਕਤੀ ਨਾਲ ਭਰਤ ਦੇ ਸਾਹਮਣੇ ਆ ਗਿਆ। ਧਰਤੀ ਸਿਪਾਹੀਆਂ ਨਾਲ ਭਰੀ ਜਾਪਣ ਲੱਗੀ ਹਰ ਪਾਸੇ ਹਾਥੀ, ਘੋੜੇ, ਰੱਥ ਅਤੇ ਪੈਦਲ ਸਿਪਾਹੀ ਵਿਖਾਈ ਦੇ ਰਹੇ ਸਨ। ਦੋਹਾਂ ਪਾਸੇ ਦੇ ਮੰਤਰੀਆਂ ਨੇ ਸੋਚਿਆ ਕਿ ਦੋਹੇਂ ਰਾਜੇ ਸਕੇ ਭਰਾ ਹਨ। ਇਹਨਾਂ ਦੀ ਆਪਸੀ ਜੰਗ ਵਿੱਚ ਆਮ ਸਿਪਾਹੀ ਕਿਉਂ ਮਾਰੇ ਜਾਣ ਉਹਨਾਂ ਦੋਹਾਂ ਭਰਾਵਾਂ ਨੂੰ ਰਾਏ ਦਿੱਤੀ ਕਿ ਤੁਸੀ ਆਪਸ ਵਿੱਚ ਹੀ ਜੰਗ ਕਰ ਲਵੋ, ਜੋ ਜਿੱਤ ਜਾਵੇਗਾ ਉਹ ਹੀ ਜੇਤੂ ਅਖਵਾਏ ਗਾ।

ਦੋਹਾਂ ਵਿੱਚਕਾਰ ਦ੍ਰਿਸ਼ਟੀ ਯੁੱਧ, ਕੁਸ਼ਤੀ, ਮੁੱਕੇਬਾਜੀ ਅਤੇ ਜਲ ਯੁੱਧ ਹੋਇਆ। ਹਰ ਯੁੱਧ ਵਿੱਚ ਬਾਹੂਵਲੀ ਦੀ ਜਿੱਤ ਹੋਈ, ਪਰ ਚੱਕਰਵਰਤੀ ਭਰਤ ਨੇ ਆਪਣੇ ਆਪ ਨੂੰ ਜਦੋਂ ਹਾਰਦਾ ਵੇਖਿਆ ਤਾਂ ਉਸ ਨੇ ਆਪਣਾ ਚੱਕਰ ਰਤਨ ਜੋ ਕਿ ਦੇਵਤਿਆਂ ਰਾਹੀਂ ਉਸ ਨੂੰ ਦਿਤਾ ਗਿਆ ਸੀ। ਅਪਣੇ ਭਰਾ ਤੇ ਚਲਾ ਦਿਤਾ, ਪਰ ਚੱਕਰ ਰਤਨ ਬਾਹੂਵਲੀ ਦੀ ਚਾਰੋਂ ਪਾਸੇ ਘੁੰਮਦਾ ਹੋਇਆ ਵਾਪਸ ਭਰਤ ਕੋਲ ਆ ਗਿਆ। ਕਿਉਂ ਕਿ ਚੱਕਰ ਰਤਨ ਆਪਣੇ ਪਰਿਵਾਰ ਦੇ ਮੈਂਬਰਾਂ ਤੇ ਨਹੀਂ ਚੱਲ ਸਕਦਾ। ਭਰਤ ਅਪਣੀ ਹਾਰ ਵੇਖ ਕੇ ਬਹੁਤ ਸ਼ਰਮਿੰਦਾ ਹੋਇਆ। ਬਾਹੂਵਲੀ ਨੇ ਭਰਤ ਨੂੰ ਉੱਪਰ ਚੱਕਿਆ ਤੇ ਉਹ ਉਸ ਨੂੰ ਉੱਪਰ ਉਛਾਲਣ ਵਾਲਾ ਹੀ ਸੀ ਕਿ ਉਸੇ ਸਮੇਂ ਦੇਵਤਿਆਂ ਦੇ ਰਾਜੇ ਇੰਦਰ ਨੇ ਭਰਤ ਦੀ ਰਾਖੀ ਕੀਤੀ।

ਸਾਰੇ ਘਟਨਾ ਕ੍ਰਮ ਨੂੰ ਵੇਖਦੇ ਹੋਏ ਬਾਹੂਵਲੀ ਦੇ ਮਨ ਵਿੱਚ ਸੰਸਾਰ ਦੇ ਭੋਗ ਵਿਲਾਸਾ ਪ੍ਰਤੀ ਨਫਰਤ ਜਾਗ ਪਈ। ਉਹਨਾਂ ਜੋ ਹੱਥ ਆਪਣੇ ਭਰਾ ਨੂੰ ਉੱਪਰ ਸੁੱਟਣ ਲਈ ਚੁਕਿਆ ਸੀ। ਉਸੇ ਹੱਥਾਂ ਨਾਲ ਆਪਣੇ ਕੇਸ਼ ਪੁਟ ਲਏ ਅਤੇ ਮੁਨੀ ਦਿੱਖਿਆ ਗ੍ਰਹਿਣ ਕਰਕੇ ਜੰਗਲ ਵਿੱਚ ਹੀ ਤੱਪਸਿਆ ਕਰਨ ਲੱਗੇ। ਲੰਬਾ ਸਮਾਂ ਤੱਪਸਿਆ ਕਰਨ ਤੋਂ ਬਾਅਦ ਵੀ ਬਾਹੂਵਲੀ ਨੂੰ ਕੋਈ ਕੇਵਲ ਗਿਆਨ ਪ੍ਰਾਪਤ ਨਹੀਂ ਹੋ ਰਿਹਾ ਸੀ। ਉਸ ਦੇ ਸ਼ਰੀਰ ਉੱਪਰ ਮਿਟੀ ਜਮ ਗਈ। ਉਸ ਵਿੱਚ ਜੰਗਲੀ ਜੜੀ ਬੂਟੀਆਂ ਉੱਗ ਆਈਆਂ ਅਤੇ ਪੰਛੀਆਂ ਨੇ ਆਲ੍ਹਨੇ ਬਣਾ ਲਏ। ਭਰਤ ਨੂੰ ਹੁਣ ਅਪਣੇ ਚੱਕਰਵਰਤੀ ਬਣਨ ਦੀ ਖੁਸ਼ੀ ਨਹੀਂ ਸੀ ਜਿੰਨੀ ਉਸ ਨੂੰ ਆਪਣੇ ਭਰਾ ਦੇ ਕੇਵਲ ਗਿਆਨ ਪ੍ਰਾਪਤ ਨਾ ਹੋਣ ਦਾ ਦੁੱਖ ਸੀ।

ਇੱਕ ਸਮੇਂ ਭਗਵਾਨ ਰਿਸ਼ਭ ਦੇਵ ਅਯੋਧਿਆ ਨਗਰੀ ਪਧਾਰੇ ਭਰਤ ਚੱਕਰਵਰਤੀ ਆਪਣੇ ਪਰਿਵਾਰ ਨਾਲ ਭਗਵਾਨ ਦਾ ਉਪਦੇਸ਼ ਸੁਣਨ ਅਤੇ ਦਰਸ਼ਨ ਕਰਨ ਆਇਆ। ਉਪਦੇਸ਼ ਖਤਮ ਹੋਣ ਤੋਂ ਬਾਅਦ ਉਸ ਨੇ ਪ੍ਰਸ਼ਨ ਕੀਤਾ, “ਪ੍ਰਭੂ ਕੀ ਕਾਰਨ ਹੈ ਕਿ ਇਕ ਸਾਲ ਦਾ ਕਠੋਰ ਤੱਪ ਕਰਨ ਤੋਂ ਬਾਅਦ ਵੀ ਬਾਹੂਵਲੀ ਨੂੰ ਕੇਵਲ ਗਿਆਨ ਪ੍ਰਾਪਤ ਕਿਉਂ ਨਹੀਂ ਹੋ ਰਿਹਾ”। ਭਗਵਾਨ ਰਿਸ਼ਭ ਦੇਵ ਨੇ ਉੱਤਰ ਦਿਤਾ ਕਿ ਬਾਹੂਵਲੀ ਨੂੰ ਇਕ ਅਭਿਮਾਨ ਸਤਾ ਰਿਹਾ ਹੈ ਕਿ ਜੇ ਉਹ ਸਾਧੂ ਬਣਕੇ ਮੇਰੇ ਪਾਸ ਆਇਆ, ਤਾਂ ਉਸ ਨੂੰ ਅਪਣੇ ਤੋਂ ਛੋਟੇ ਪਹਿਲਾਂ ਬਣੇ ਮੁਨੀਆਂ ਨੂੰ ਬੰਧਨਾ ਨਮਸਕਾਰ ਕਰਨੀ ਪਵੇਗੀ ਅਤੇ ਉਹ ਇਹ ਵੀ ਸੋਚਦਾ ਹੈ ਕਿ ਜਿਸ ਧਰਤੀ ਤੇ ਮੈਂ ਖੜਾ ਹਾਂ ਉਹ ਧਰਤੀ ਮੇਰੀ ਨਹੀਂ ਸਗੋਂ ਭਰਤ ਚੱਕਰਵਰਤੀ ਦੀ ਹੈ।

ਭਗਵਾਨ ਰਿਸ਼ਭ ਦੇਵ ਤੋਂ ਸਪਸ਼ਟੀਕਰਨ ਪ੍ਰਾਪਤ ਕਰਕੇ ਭਰਤ ਚੱਕਰਵਰਤੀ ਆਪ ਅਤੇ ਆਪਣੀਆਂ ਦੋ ਭੈਣਾਂ ਸਾਧਵੀ ਬ੍ਰਹਮੀ ਅਤੇ ਸਾਧਵੀ ਸੁੰਦਰੀ ਨਾਲ ਉਸ ਜੰਗਲ ਵਿੱਚ ਗਿਆ, ਜਿੱਥੇ ਬਾਹੂਵਲੀ ਤੱਪ ਕਰ ਰਿਹਾ ਸੀ। ਸਾਧਵੀਆਂ ਨੇ ਆਖਿਆ, “ਭਰਾ ਹਾਥੀ ਤੋਂ ਹੇਠਾਂ ਉੱਤਰੋ” ਇਨ੍ਹੀ ਗੱਲ ਸੁਣ ਕੇ ਬਾਹੂਵਲੀ ਦੇ ਕੰਨ ਖੜੇ ਹੋ ਗਏ, ਉਸ ਨੇ ਸੋਚਿਆ ਮੈਂ

ਰਾਜ ਪਾਟ, ਹਾਥੀ, ਘੋੜੇ, ਪਰਿਵਾਰ ਸੱਭ ਛੱਡ ਚੁੱਕਾ ਹਾਂ ਮੇਰੀਆਂ ਭੈਣਾਂ, ਕਿਸ ਹਾਥੀ ਦੀ ਗੱਲ ਕਰ ਰਹੀਆਂ ਹਨ? ਭਰਤ ਚੱਕਰਵਰਤੀ ਨੇ ਖਿਮਾ ਮੰਗਦੇ ਹੋਏ ਆਖਿਆ, ਕਿ ਮੁਨੀ ਰਾਜ ਤੁਹਾਡੇ ਮਨ ਵਿੱਚ ਇਹ ਸ਼ੰਕਾ ਕਿਉਂ ਉਤਪੰਨ ਹੋਈ ਹੈ, ਕਿ ਇਹ ਧਰਤੀ ਮੇਰੀ ਹੈ। ਇਹ ਧਰਤੀ ਨਾ ਪਹਿਲਾਂ ਕਿਸੇ ਦੀ ਸੀ ਅਤੇ ਨਾ ਅੱਗੇ ਨੂੰ ਕਿਸੇ ਦੀ ਹੋਣੀ ਹੈ। ਸੋ ਮਨ ਵਿੱਚੋਂ ਇਹ ਭਰਮ ਕੱਢ ਦੇਵੋ ਕਿ ਜਿਸ ਧਰਤੀ ‘ਤੇ ਬਾਹੂਵਲੀ ਖੜਾ ਹੈ, ਉਹ ਭਰਤ ਚੱਕਰਵਰਤੀ ਦੀ ਹੈ।

ਭਰਤ ਚੱਕਰਵਰਤੀ ਅਤੇ ਭੈਣਾਂ ਦੇ ਵਿਚਾਰ ਸੁਣਕੇ ਬਾਹੂਵਲੀ ਨੂੰ ਇਹ ਵਿਚਾਰ ਆਇਆ ਕਿ ਮੈਂ ਅਭਿਮਾਨ ਰੂਪੀ ਹਾਥੀ ‘ਤੇ ਚੱੜਿਆ ਹੋਇਆ ਹਾਂ। ਇਸੇ ਕਰਕੇ ਮੈਨੂੰ ਕੇਵਲ ਗਿਆਨ ਪ੍ਰਾਪਤ ਨਹੀਂ ਹੋ ਰਿਹਾ। ਇਹ ਸੋਚਦੇ ਹੀ ਉਸ ਦੇ ਕੇਵਲ ਗਿਆਨ ਵਿੱਚ ਰੁਕਾਵਟ ਕਰਮ ਬੰਧਨ ਟੁੱਟ ਗਏ। ਆਤਮਾ ਨੂੰ ਪਰਮਾਤਮਾ ਬਣਾਉਨ ਵਾਲਾ ਕੇਵਲ ਗਿਆਨ ਪ੍ਰਾਪਤ ਹੋ ਗਿਆ। ਇਹ ਤੱਪ ਦਾ ਹੀ ਪ੍ਰਭਾਵ ਹੈ ਕਿ ਬਾਹੂਵਲੀ ਨੂੰ ਬਾਹਰਲੇ ਤੇ ਅੰਦਰਲੇ ਤੱਪ ਨਾਲ ਕੇਵਲ ਗਿਆਨ ਪ੍ਰਾਪਤ ਹੋਇਆ।

ਬਾਹੂਵਲੀ ਦਾ ਜੀਵਨ ਤੱਪ, ਤਿਆਗ ਅਤੇ ਅਹਿੰਸਾ ਆਦਿ ਦਾ ਸੱਚੀ ਉਧਾਹਰਨ ਹੈ। ਉਸ ਨੇ ਇੱਕ ਜੰਗ ਜਿਤ ਕੇ ਵੀ ਕਰਮਾਂ ਦੀ ਜੰਗ ਨੂੰ ਜਿਤੀਆ। ਦੱਖਣ ਭਾਰਤ ਵਿੱਚ ਅੱਜ ਵੀ ਬਾਹੂਵਲੀ ਕੁੱਲ ਦੇਵਤਾ ਦੇ ਰੂਪ ਵਿੱਚ ਪੂਜਨੀਕ ਹਨ। ਅੱਜ ਤੋਂ 1100 ਸਾਲ ਪਹਿਲਾਂ ਮੰਤਰੀ ਚਾਮੁੰਡ ਰਾਏ ਨੇ ਭਗਵਾਨ ਬਾਹੂਵਲੀ ਦੀ 54 ਫੁੱਟ ਤੋਂ ਉੱਚੀ ਸੰਸਾਰ ਪ੍ਰਸਿਧ ਮੂਰਤੀ ਦਾ ਨਿਰਮਾਨ ਕੀਤਾ। ਜੋ ਕਰਨਾਟਕ ਰਾਜ ਦੇ ਹਸ਼ਨ ਜਿਲ੍ਹੇ ਵਿੱਚ ਸ਼ਰਵਨ ਵੇਲਗੋਲਾ ਦੇ ਸਥਾਨ ਤੇ ਸੱਥਿਤ ਹੈ।

27

# ਗਨਧਰ ਇੰਦਰਭੂਤੀ ਗੋਤਮ

ਜੈਨ ਇਤਿਹਾਸ ਵਿੱਚ ਭਗਵਾਨ ਮਹਾਵੀਰ ਤੋਂ ਬਾਅਦ, ਜਿਸ ਮਹਾਂਪੁਰਸ਼ ਨੂੰ ਮੰਗਲ ਆਖਿਆ ਗਿਆ ਹੈ। ਉਹਨਾਂ ਦਾ ਨਾਂ ਹੈ, ਗਨਧਰ ਇੰਦਰਭੂਤੀ ਗੋਤਮ। ਗਨਧਰ ਇੰਦਰਭੂਤੀ ਗੋਤਮ ਉੱਚ ਜਾਤੀ ਦੇ ਬ੍ਰਾਹਮਣ ਸਨ। ਆਪ ਵੇਦ, ਇਤਿਹਾਸ, ਤਰਕ ਸ਼ਾਸਤਰ, ਪੁਰਾਣ, ਉਪਨਿਸ਼ਧਾ ਦੇ ਮਹਾਨ ਵਿਦਵਾਨ ਸਨ। ਆਪ ਕ੍ਰਿਆਕਾਂਡੀ ਬ੍ਰਾਹਮਣ ਸਨ। ਆਪ ਦੇ ਅਧੀਨ 500 ਵਿਦਿਆਰਥੀ ਪੜ੍ਹਦੇ ਸਨ। ਆਪ ਦੇ ਦੋ ਭਰਾ ਵਾਯੂ ਭੂਤੀ ਅਤੇ ਅਗਨੀ ਭੂਤੀ ਆਪ ਦੀ ਤਰ੍ਹਾਂ ਵਿਦਵਾਨ ਸਨ। ਆਪ ਦਾ ਜਨਮ ਬਿਹਾਰ ਦੇ ਜਿਲ੍ਹਾ ਨਾਲੰਦਾ ਦੇ ਕੋਲ ਪਿੰਡ ਗੋਬਰ ਗ੍ਰਾਮ ਵਿੱਚ ਹੋਇਆ।

ਜਦੋਂ ਭਗਵਾਨ ਮਹਾਵੀਰ ਨੂੰ ਕੇਵਲ ਗਿਆਨ ਪ੍ਰਾਪਤ ਹੋਇਆ। ਉਸ ਸਮੇਂ ਆਪ ਕੋਲ ਹੀ ਪਾਵਾਪੁਰੀ ਨਗਰੀ ਵਿੱਚ ਇੱਕ ਵਿਸ਼ਾਲ ਯੱਗ ਦੀ ਅਗਵਾਈ ਕਰ ਰਹੇ ਸਨ। ਜਿਸ ਵਿੱਚ ਦੇਸ਼ ਵਿਦੇਸ਼ ਤੋਂ 4400 ਬ੍ਰਾਹਮਣ ਸ਼ਾਮਲ ਸਨ। ਭਗਵਾਨ ਮਹਾਵੀਰ ਦੇ ਕੇਵਲ ਗਿਆਨ ਦੀ ਖਬਰ ਸੁਣ ਕੇ ਸਵਰਗ ਦੇ ਦੇਵੀ ਦੇਵਤੇ ਸਮੋਸਰਨ (ਧਰਮ ਸਭਾ) ਦਾ ਨਿਰਮਾਨ ਕਰਨ ਲਈ ਅਤੇ ਉਪਦੇਸ਼ ਸੁਣਨ ਲਈ, ਧਰਤੀ ਤੇ ਆਉਣ ਲੱਗੇ। ਜਦੋਂ ਉਹਨਾਂ ਦੇ ਵਿਮਾਨ ਇੰਦਰਭੂਤੀ ਦੀ ਯੱਗ ਸ਼ਾਲਾ ਦੇ ਨੇੜੇ ਆਏ ਤਾਂ ਇੰਦਰਭੂਤੀ ਨੇ ਸੋਚਿਆ ਕਿ ਮੇਰੇ ਯੱਗ ਤੋਂ ਦੇਵੀ ਦੇਵਤੇ ਬਹੁਤ ਪ੍ਰਸੰਨ ਹਨ। ਇਸ ਕਰਕੇ ਉਹ ਯੱਗ ਵਿੱਚ ਸ਼ਾਮਲ ਹੋਣ ਲਈ ਆ ਰਹੇ ਹਨ। ਪਰ ਜਦੋਂ ਉਹਨਾਂ ਨੇ ਇਹ ਵੇਖਿਆ ਯੱਗ ਸ਼ਾਲਾ ਨੂੰ ਛੱਡਕੇ ਦੇਵਤੇ ਅੱਗੇ ਜਾ ਰਹੇ ਹਨ, ਤਾਂ ਇੰਦਰਭੂਤੀ ਨੂੰ ਲੱਗਿਆ ਕਿ ਦੇਵਤੇ ਕੀਤੇ ਰਾਹ ਤਾਂ ਨਹੀਂ ਭਟਕ ਗਏ। ਉਸ ਨੇ ਜਦ ਦੇਵਤਿਆਂ ਬਾਰੇ ਪਤਾ ਕੀਤਾ। ਉਸ ਨੂੰ ਪਤਾ ਲੱਗਾ ਕਿ ਇੱਕ ਖੱਤਰੀ ਰਾਜਕੁਮਾਰ ਜਿਸ ਦਾ ਨਾਂ ਵਰਧਮਾਨ ਮਹਾਵੀਰ ਹੈ, ਉਸ ਦੀ ਧਰਮ ਸਭਾ ਵਿੱਚ ਦੇਵੀ, ਦੇਵਤੇ ਆ ਰਹੇ ਹਨ। ਯੱਗ

ਨੂੰ ਛੱਡ ਕੇ ਜਾ ਰਹੇ ਹਨ, ਤਾਂ ਉਸ ਦੇ ਮਨ ਵਿੱਚ ਆਇਆ ਕਿ ਮੈਂ ਹੁਣੇ ਜਾ ਕੇ ਉਸ ਵਰਧਮਾਨ ਨਾਲ ਸ਼ਾਸਤਰਆਰਥ ਕਰਕੇ ਉਸ ਦੇ ਇੰਦਰਜਾਲ ਨੂੰ ਖਤਮ ਕਰਦਾ ਹਾਂ। ਇਹ ਸੋਚ ਕੇ ਉਹ ਆਪਣੇ 500 ਵਿਦਿਆਰਥੀਆਂ ਨਾਲ ਭਗਵਾਨ ਮਹਾਵੀਰ ਦੀ ਧਰਮ ਸਭਾ ਵਿੱਚ ਸ਼ਾਸ਼ਤਰਆਰਥ ਕਰਨ ਲਈ ਆਇਆ। ਜਿਉਂ ਜਿਉਂ ਉਹ ਧਰਮ ਸਭਾ ਦੇ ਨੇੜੇ ਪਹੁੰਚਿਆ ਤਾਂ ਤੀਰਥੰਕਰ ਦੀ ਧਰਮ ਸਭਾ ਦੀ ਅਦੁੱਤੀ ਸੋਭਾ ਵੇਖ ਕੇ ਕੁੱਝ ਸਮੇਂ ਲਈ ਰੁਕ ਗਿਆ। ਫਿਰ ਉਸ ਨੇ ਸੋਚਿਆ ਕਿ ਮੈਂ ਅੱਜ ਉਸ ਵਰਧਮਾਨ ਨਾਲ ਧਰਮ ਚਰਚਾ ਕਰਾਂਗਾ ਜੇ ਮੈਂ ਹਾਰ ਗਿਆ ਤਾਂ ਉਹਨਾਂ ਦਾ ਚੇਲਾ ਬਣ ਜਾਵਾਂਗਾ, ਨਹੀਂ ਤਾਂ ਲੋਕਾਂ ਨੂੰ ਉਸ ਦੇ ਇੰਦਰ ਜਾਲ ਵਿਚੋਂ ਬਾਹਰ ਕੱਢਾਂਗਾ।

ਇੰਦਰਭੂਤੀ ਵੇਦਾ ਦਾ ਮਹਾਨ ਵਿਦਵਾਨ ਸੀ। ਉਸ ਦੇ ਮਨ ਵਿੱਚ ਵੇਦਾਂ ਦੇ ਸਲੋਕਾਂ ਬਾਰੇ ਸ਼ੰਕਾ ਸੀ। ਉਹ ਆਤਮਾ ਅਤੇ ਸਰੀਰ ਨੂੰ ਇਕ ਮੰਨਦਾ ਸੀ। ਜਿਉਂ ਹੀ ਉਹ ਭਗਵਾਨ ਮਹਾਵੀਰ ਦੇ ਨੇੜੇ ਆਇਆ ਤਾਂ ਭਗਵਾਨ ਮਹਾਵੀਰ ਨੇ ਆਖਿਆ, "ਇੰਦਰਭੂਤੀ ਤੁਸੀਂ ਆ ਗਏ"। ਅਪਣਾ ਨਾਂ ਸੁਣ ਕੇ ਇੰਦਰਭੂਤੀ ਨੂੰ ਕੁੱਝ ਹੈਰਾਨੀ ਹੋਈ। ਉਹ ਸੋਚਣ ਲੱਗਾ ਕਿ ਮੈਂ ਵੱਡਾ ਵਿਦਵਾਨ ਹਾਂ, ਮੈਨੂੰ ਕੌਣ ਨਹੀਂ ਜਾਣਦਾ ਜ਼ਰੂਰ ਹੀ ਇਸ ਇੰਦਰ ਜਾਲੀਏ ਨੇ ਮੇਰਾ ਨਾਂ ਕਿਸੇ ਤੋਂ ਸੁਣ ਲਿਆ। ਹੋਣਾ ਹੈ ਇਸ ਲਈ ਇਸ ਨੇ ਮੇਰਾ ਨਾਂ ਲੈ ਕੇ ਪੁਕਾਰਿਆ ਹੈ।

ਉਸ ਤੋਂ ਬਾਅਦ ਭਗਵਾਨ ਮਹਾਵੀਰ ਨੇ ਆਖਿਆ ਇੰਦਰਭੂਤੀ ਤੇਰੇ ਮਨ ਵਿੱਚ ਆਤਮਾ ਬਾਰੇ ਸ਼ੰਕਾ ਹੈ। ਇਹ ਸੁਣ ਕੇ ਇੰਦਰਭੂਤੀ ਗੌਤਮ ਦਾ ਸਾਰਾ ਅਹੰਕਾਰ ਦੂਰ ਹੋ ਗਿਆ। ਭਗਵਾਨ ਮਹਾਂਵੀਰ ਨੇ ਉਸ ਨੂੰ ਆਤਮਾ ਦਾ ਸਵਰੂਪ ਸਮਝਾਇਆ। ਜਿਸ ਨੂੰ ਸਮਝ ਕੇ ਇੰਦਰਭੂਤੀ ਆਪਣੇ 500 ਚੇਲਿਆਂ ਨਾਲ ਭਗਵਾਨ ਮਹਾਵੀਰ ਦਾ ਚੇਲਾ ਬਣ ਗਿਆ। ਇਸੇ ਪ੍ਰਕਾਰ ਉਸ ਦੇ ਦੋਹਾਂ ਭਰਾਵਾਂ ਅਤੇ ਉਹਨਾਂ ਦੇ ਵਿਦਿਆਰਥੀਆਂ ਨੇ ਭਗਵਾਨ ਮਹਾਂਵੀਰ ਦੀ ਦੀਖਿਆ ਗ੍ਰਹਿਣ ਕੀਤੀ ਕੁੱਲ 4400 ਬ੍ਰਾਹਮਣਾਂ ਨੇ ਜੋ ਕਿ ਪਾਵਾਪੁਰੀ ਦੇ ਯੱਗ

ਵਿੱਚ ਸ਼ਾਮਲ ਸਨ ਨੇ ਭਗਵਾਨ ਮਹਾਵੀਰ ਦੇ ਪਹਿਲੇ ਉਪਦੇਸ਼ ਨੂੰ ਸੁਣ ਕੇ ਸਾਧੂ ਜੀਵਨ ਗ੍ਰਹਿਣ ਕੀਤਾ। ਭਗਵਾਨ ਮਹਾਵੀਰ ਨੇ ਇਹਨਾਂ ਵਿੱਚੋਂ 11 ਨੂੰ ਗਨਧਰ ਬਣਾ ਕੇ 9 ਗਨਾਂ ਵਿੱਚ ਵੰਡ ਦਿਤਾ। ਇਸ ਪ੍ਰਕਾਰ ਭਗਵਾਨ ਇੰਦਰਭੂਤੀ ਭਗਵਾਨ ਮਹਾਵੀਰ ਦੇ ਪਹਿਲੇ ਚੇਲੇ ਅਖਵਾਏ। ਆਪ ਭਗਵਾਨ ਮਹਾਵੀਰ ਦੇ 14000 ਸਾਧੂਆਂ ਦੇ ਮੁੱਖੀ ਸਨ।

ਆਪ ਭਗਵਾਨ ਮਹਾਵੀਰ ਤੋਂ ਉੱਮਰ ਵਿੱਚ ਵੱਡੇ ਸਨ। ਆਪ ਬਾਲਕ ਦੀ ਤਰ੍ਹਾਂ ਸਰਲ ਆਤਮਾ ਸਨ। ਆਪ ਹਰ ਰੋਜ ਦੋ ਵਰਤ ਗ੍ਰਹਿਣ ਕਰਕੇ ਤੀਸਰੇ ਦਿਨ ਵਰਤ ਖ੍ਹੋਲਦੇ ਸਨ। ਆਪ ਮਹਾਂ ਤਪਸਵੀ ਸਨ। ਆਪ ਨੂੰ ਭਗਵਾਨ ਮਹਾਂਵੀਰ ਪ੍ਰਤੀ ਅਥਾਹ ਪਿਆਰ ਸੀ। ਅੱਜ ਜਿੰਨਾਂ ਵੀ ਜੈਨ ਸਾਹਿਤ ਪ੍ਰਾਪਤ ਹੁੰਦਾ ਹੈ। ਉਹ ਗੌਤਮ ਗਨਧਰ ਦੇ ਪ੍ਰਸ਼ਨ ਅਤੇ ਭਗਵਾਨ ਮਹਾਵੀਰ ਦੇ ਉੱਤਰ ਦੇ ਰੂਪ ਵਿੱਚ ਹੀ ਪ੍ਰਾਪਤ ਹੁੰਦਾ ਹੈ।

ਗਨਧਰ ਗੌਤਮ ਨੇ 14 ਪੂਰਵਾਂ ਦਾ ਅਤੇ 12 ਅੰਗਾਂ ਦਾ ਅਧਿਐਨ ਕੀਤਾ। ਆਪ ਦਾ ਜੀਵਨ ਘਟਨਾਵਾਂ ਭਰਪੂਰ ਹੈ, ਪਰ ਦੋ ਘਟਨਾਵਾਂ ਬਹੁਤ ਹੀ ਮਹੱਤਵਪੂਰਨ ਹਨ। ਇੱਕ ਵਾਰ ਆਪ ਬਣੀਜਗ੍ਰਾਮ ਵਿਖੇ ਪਧਾਰੇ। ਉੱਥੇ ਆਪ ਆਨੰਦ ਨਾਂ ਦੇ ਉਪਾਸ਼ਕ ਨੂੰ ਦਰਸ਼ਨ ਦੇਣ ਗਏ। ਆਨੰਦ 12 ਵਰਤ ਧਾਰੀ ਉਪਾਸ਼ਕ ਸੀ, ਬਿਮਾਰੀ ਕਾਰਨ ਉਹ ਉੱਠ ਕੇ ਪੈਰ ਨਹੀਂ ਸੀ ਸਪਰਸ਼ ਕਰ ਸਕਦਾ। ਗੌਤਮ ਸਵਾਮੀ ਨੇ ਆਪਣੇ ਪੈਰ ਉਸ ਦੇ ਹੱਥਾਂ ਵੱਲ ਅੱਗੇ ਵਧਾਏ। ਆਨੰਦ ਨੇ ਪ੍ਰਸ਼ਨ ਕੀਤਾ ਕਿ ਕਿਸੇ ਉਪਾਸ਼ਕ ਨੂੰ ਅੱਵਧੀ ਗਿਆਨ ਪ੍ਰਾਪਤ ਹੋ ਸਕਦਾ ਹੈ? ਗਨਧਰ ਗੌਤਮ ਨੇ ਆਖਿਆ, "ਹਾਂ ਹੋ ਸਕਦਾ ਹੈ"। ਆਨੰਦ ਨੇ ਪੁੱਛਿਆ ਜੇ ਇਹ ਗੱਲ ਸਹੀ ਹੈ ਤਾਂ ਮੈਨੂੰ ਇਤਨੀ ਦੂਰ ਤੱਕ ਦੇਖਣ ਅਤੇ ਜਾਣਨ ਦਾ ਗਿਆਨ ਪ੍ਰਾਪਤ ਹੋ ਗਿਆ ਹੈ। ਗਨਧਰ ਗੌਤਮ ਨੇ ਕਿਹਾ ਉਪਾਸ਼ਕ ਨੂੰ ਇਹ ਗਿਆਨ ਤਾਂ ਹੋ ਸਕਦਾ ਹੈ। ਪਰ ਇਤਨਾ ਵਿਸ਼ਾਲ ਗਿਆਨ ਨਹੀਂ ਹੋ ਸਕਦਾ, ਜਿਤਨਾ ਤੁਸੀ ਆਖ ਰਹੇ ਹੋ। ਇਸ ਗਲਤ ਬਿਆਨੀ ਦੀ ਤੁਸੀ ਖਿਮਾ ਮੰਗੋ, ਤਾਂ ਆਨੰਦ ਉਪਾਸ਼ਕ ਨੇ ਆਖਿਆ, "ਕਿ ਜੈਨ ਧਰਮ

ਵਿੱਚ ਸੱਚ ਬੋਲਣ ਦੀ ਵੀ ਕੋਈ ਸਜਾ ਹੈ” ਗਨਧਰ ਗੌਤਮ ਨੇ ਆਖਿਆ, “ਅਜਿਹਾ ਕੁੱਝ ਨਹੀਂ”। ਫਿਰ ਆਨੰਦ ਨੇ ਆਖਿਆ ਤੁਸੀ ਜਾਉ ਅਤੇ ਭਗਵਾਨ ਮਹਾਵੀਰ ਤੋਂ ਸਪਸ਼ਟੀਕਰਨ ਕਰੋ ਕਿਉਂਕਿ ਤੁਹਾਡਾ ਗਿਆਨ ਅਧੂਰਾ ਹੈ। ਗਨਧਰ ਗੌਤਮ ਵਾਪਸ ਤੀਰਥੰਕਰ ਮਹਾਵੀਰ ਕੋਲ ਆਏ ਤੇ ਬੀਤੀ ਘਟਨਾ ਦੱਸੀ। ਭਗਵਾਨ ਮਹਾਵੀਰ ਨੇ ਆਖਿਆ, “ਮੇਰਾ ਉਪਾਸ਼ਕ ਆਨੰਦ ਜੋ ਆਖ ਰਿਹਾ ਹੈ, ਉਹ ਸਹੀ ਹੈ ਅਤੇ ਤੁਸੀ ਗਲਤ ਹੋ। ਜਾਉ ਤੇ ਉਸ ਕੋਲੋ ਖਿਮਾ ਮੰਗ ਕੇ ਆਉ”। ਗੋਤਮ ਸਵਾਮੀ ਜੋ ਕਿ 14000 ਸਾਧੂਆਂ ਦੇ ਮੁੱਖੀ ਸਨ। ਉਸੇ ਸਮੇਂ ਵਾਪਸ ਹੋ ਗਏ ਅਤੇ ਆਨੰਦ ਉਪਾਸ਼ਕ ਤੋਂ ਖਿਮਾ ਮੰਗੀ। ਇਸ ਘਟਨਾ ਤੋਂ ਗਨਧਰ ਗੌਤਮ ਦੀ ਮਹਾਨਤਾ ਤੇ ਸਰਲਤਾ ਦਾ ਪਤਾ ਲੱਗਦਾ ਹੈ।

ਇਸੇ ਪ੍ਰਕਾਰ ਉਹਨਾਂ ਪਲਾਸਪੁਰ ਦੇ ਰਾਜਕੁਮਾਰ ਅਤਿਮੁਕਤ ਕੁਮਾਰ, ਜੋ ਕਿ ਬਾਲਕ ਸੀ, ਉਸ ਦੀ ਉਂਗਲੀ ਫੜ ਲਈ ਅਤੇ ਉਸ ਨੂੰ ਦੀਖਿਆ ਲਈ ਪ੍ਰੇਰਿਤ ਕੀਤਾ। ਗਨਧਰ ਗੌਤਮ ਤੋਂ ਉਹ ਇਸ ਪ੍ਰਕਾਰ ਪ੍ਰਭਾਵਤ ਹੋਇਆ। ਉਹ ਮੁਨੀ ਬਣ ਗਿਆ ਅਤੇ ਛੋਟੀ ਉਮਰ ਵਿੱਚ ਹੀ ਕੇਵਲ ਗਿਆਨ ਪ੍ਰਾਪਤ ਕਰਕੇ ਮੋਕਸ਼ ਨੂੰ ਪ੍ਰਾਪਤ ਹੋਇਆ। ਗਨਧਰ ਗੌਤਮ ਨੇ ਹਜਾਰਾਂ ਜੀਵਾਂ ਨੂੰ ਭਗਵਾਨ ਮਹਾਵੀਰ ਦੇ ਰਾਹ ‘ਤੇ ਚਲਾਇਆ। ਉਹਨਾਂ ਦੀ ਕ੍ਰਿਪਾ ਨਾਲ ਉਹਨਾਂ ਦੇ ਚੇਲਿਆਂ ਨੂੰ ਕੇਵਲ ਗਿਆਨ ਹੁੰਦਾ ਗਿਆ। ਉਹ ਨਿਰਵਾਨ ਪ੍ਰਾਪਤ ਕਰਦੇ ਰਹੇ ਪਰ ਖੁਦ ਗਨਧਰ ਗੌਤਮ ਕੇਵਲ ਗਿਆਨ ਤੋਂ ਅਜੇ ਖਾਲੀ ਸਨ। ਜਿਸ ਦਾ ਕਾਰਨ ਉਹਨਾਂ ਦਾ ਭਗਵਾਨ ਮਹਾਵੀਰ ਪ੍ਰਤੀ ਰਾਗ ਸੀ। ਰਾਗ ਤੇ ਦਵੇਸ ਕਰਮ ਦੇ ਬੀਜ ਹਨ। ਇਹ ਕਰਮ ਦੇ ਬੀਜਾਂ ਨੂੰ ਖਤਮ ਕੀਤੇ ਬਿਨ੍ਹਾਂ ਕੇਵਲ ਗਿਆਨ ਅਸੰਭਵ ਹੈ। ਪਰ ਗਨਧਰ ਗੌਤਮ ਨੂੰ ਭਗਵਾਨ ਮਹਾਵੀਰ ਦਾ ਇੱਕ ਪਲ ਦਾ ਵੀ ਵਿਛੋੜਾ ਮਨਜੂਰ ਨਹੀਂ ਸੀ। ਭਗਵਾਨ ਮਹਾਵੀਰ ਨੇ ਕਈ ਵਾਰ ਗਨਧਰ ਗੋਤਮ ਨੂੰ ਰਾਗ ਖਤਮ ਕਰਨ ਲਈ ਆਖਿਆ ਸੀ। ਪਰ ਉਹ ਭਗਵਾਨ ਮਹਾਵੀਰ ਦੇ ਜਿਉਂਦੇ ਜੀ ਇਹ ਰਾਗ ਦਾ ਬੰਧਨ ਨਾ ਤੋੜ ਸਕੇ।

ਜਦ ਭਗਵਾਨ ਮਹਾਵੀਰ ਦਾ ਆਖਰੀ ਚੋਮਾਸਾ ਪਾਵਾਪੁਰੀ ਵਿਖੇ ਹੋਇਆ। ਭਗਵਾਨ ਮਹਾਵੀਰ ਨੇ ਆਪਣਾ ਨਿਰਵਾਨ ਸਮਾਂ ਜਾਣ ਲਿਆ ਸੀ। ਉਹਨਾਂ ਸੋਚਿਆ ਕਿ ਮੇਰਾ ਵਿਛੋੜਾ ਇੰਦਰਭੂਤੀ ਸਹਿਨ ਨਹੀਂ ਕਰ ਸਕੇਗਾ। ਉਹਨਾਂ ਦੋ ਦਿਨ ਪਹਿਲਾਂ ਹੀ ਇੰਦਰਭੂਤੀ ਨੂੰ ਨਾਲ ਦੇ ਪਿੰਡ ਇਕ ਬ੍ਰਾਹਮਣ ਨੂੰ ਧਰਮ ਦਾ ਉਪਦੇਸ਼ ਦੇਣ ਲਈ ਭੇਜ ਦਿੱਤਾ। ਬਾਅਦ ਵਿੱਚ ਦੀਵਾਲੀ ਵਾਲੇ ਦਿਨ ਭਗਵਾਨ ਮਹਾਵੀਰ ਦਾ ਨਿਰਵਾਨ ਹੋ ਗਿਆ। ਗਨਧਰ ਗੋਤਮ ਨੂੰ ਜਦ ਇਹ ਖਬਰ ਪਤਾ ਲੱਗੀ ਤਾਂ ਉਹ ਰਾਗ ਵੱਸ ਬਹੁਤ ਦੁਖੀ ਹੋਏ। ਕਿਉਂਕਿ ਉਹ ਕਦੇ ਵੀ ਭਗਵਾਨ ਮਹਾਵੀਰ ਤੋਂ ਦੂਰ ਨਹੀਂ ਰਹੇ ਸਨ। ਉਹ ਬਾਲਕਾਂ ਦੀ ਤਰ੍ਹਾਂ ਰੋਣ ਲੱਗ ਪਏ। ਫੇਰ ਅਚਾਨਕ ਹੀ ਉਹਨਾਂ ਦੇ ਮਨ ਵਿੱਚ ਵਿਚਾਰ ਆਇਆ ਕਿ ਮੈਂ ਤਾਂ ਸਾਰਾ ਜੀਵਨ ਵੀਤਰਾਗ ਭਗਵਾਨ ਮਹਾਵੀਰ ਦੀ ਗੱਲ ਨਹੀਂ ਸਮਝ ਸਕਿਆ। ਭਗਵਾਨ ਰਾਗ ਤੋਂ ਰਹਿਤ ਸਨ ਅਤੇ ਮੈਂ ਰਾਗੀ ਹੋਣ ਕਾਰਨ ਕੋਈ ਗੱਲ ਨਾ ਸਮਝ ਸਕਿਆ। ਰਾਗ ਵਿੱਚ ਅੰਨ੍ਹਾ ਹੋਣ ਕਾਰਨ ਹੀ ਮੈਨੂੰ ਭਗਵਾਨ ਮਹਾਵੀਰ ਨੇ ਕਈ ਵਾਰ ਪ੍ਰੇਰਿਆ। ਪਰ ਮੇਰੇ ਉੱਪਰ ਉਸ ਦਾ ਕੋਈ ਅਸਰ ਨਹੀਂ ਹੋਇਆ। ਇਸ ਪ੍ਰਕਾਰ ਲੰਬਾ ਸਮਾਂ ਸੋਚਦੇ ਹੋਏ, ਉਹਨਾਂ ਦੇ ਮਨ ਵਿੱਚ ਵਿਚਾਰ ਆਇਆ ਕਿ ਮੈਂ ਕਿੰਨਾ ਮੂਰਖ ਹਾਂ ਕਿ ਇੱਕ ਵੀਤਰਾਗੀ ਨੂੰ ਮੈਂ ਪਹਿਚਾਨ ਨਾ ਸਕਿਆ। ਇਸ ਪ੍ਰਕਾਰ ਸੋਚਦੇ ਸੋਚਦੇ ਉਹਨਾਂ ਨੂੰ ਵੀ ਦੀਵਾਲੀ ਦੀ ਰਾਤ ਨੂੰ ਕੇਵਲ ਗਿਆਨ ਪ੍ਰਾਪਤ ਹੋ ਗਿਆ।

ਇੰਦਰਭੂਤੀ 100 ਸਾਲ ਤੱਕ ਜਿਉਂਦੇ ਰਹੇ ਤੇ ਭਗਵਾਨ ਮਹਾਵੀਰ ਤੋਂ ਬਾਅਦ ਵੀ ਉਹਨਾਂ ਨੇ ਲੰਬਾ ਸਮਾਂ ਜੈਨ ਧਰਮ ਦੀ ਸੇਵਾ ਕੀਤੀ। ਆਪ ਦਾ ਨਿਰਵਾਨ ਰਾਜਗ੍ਰਹਿ ਨਗਰੀ ਦੀ ਵਿਭਹਾਰ ਗਿਰੀ ਪਹਾੜੀ ‘ਤੇ ਹੋਇਆ। ਇਸ ਪ੍ਰਕਾਰ ਤੱਪ ਅਰਾਧਨਾ ਕਰਨ ਨਾਲ ਅਤੇ ਸਰਲਤਾ ਭਰਿਆ ਜੀਵਨ ਬਿਤਾਉਣ ਕਾਰਨ ਇੰਦਰਭੂਤੀ ਗੋਤਮ ਨੇ ਮੰਗਲ ਅਖਵਾਇਆ।

# ਚੱਕਰਵਰਤੀ ਸੱਨਤਕੁਮਾਰ

ਪੁਰਾਤਨ ਸਮੇਂ ਵਿੱਚ ਕੁਰੂ ਦੇਸ਼ ਦੀ ਰਾਜਧਾਨੀ ਹਸਤਿਨਾਪੁਰ (ਜਿਲ੍ਹਾ ਮੇਰਠ) ਸੀ। ਉੱਥੇ ਰਾਜਾ ਅਸ਼ਵ ਸੈਨ ਰਾਜ ਕਰਦਾ ਸੀ। ਉਸ ਦੀ ਰਾਣੀ ਨੇ 14 ਸ਼ੁਭ ਸੁਪਨੇ ਵੇਖੇ, ਜੋ ਕਿ ਚੱਕਰਵਰਤੀ ਦੀ ਮਾਂ ਹੀ ਵੇਖਦੀ ਹੈ। ਗਰਭ ਦਾ ਸਮਾਂ ਪੂਰਾ ਹੋਣ ਤੇ ਉਸ ਦੇ ਘਰ ਇੱਕ ਪੁੱਤਰ ਹੋਇਆ। ਜਿਸ ਦਾ ਨਾਂ ਸੱਨਤਕੁਮਾਰ ਰੱਖਿਆ ਗਿਆ। ਸੱਨਤਕੁਮਾਰ ਨੂੰ ਪੁਰਸ਼ ਦੀਆਂ 72 ਕਲਾਵਾਂ ਸਿੱਖਣ ਲਈ ਕਲਾ ਆਚਾਰਿਆ ਕੋਲ ਭੇਜਿਆ ਗਿਆ। ਉਸ ਨੇ ਆਪਣਾ ਅਧਿਐਨ ਮਹਿੰਦਰ ਸਿੰਘ ਦੇ ਨਾਲ ਪੂਰਾ ਕੀਤਾ।

ਸੱਨਤਕੁਮਾਰ ਬਚਪਨ ਤੋਂ ਹੀ ਖੇਡਾਂ ਦਾ ਸ਼ੌਕੀਨ ਸੀ। ਉਹ ਵੱਡੀਆਂ ਵੱਡੀਆਂ ਸੰਸਾਰਿਕ ਇੱਛਾਵਾਂ ਅਤੇ ਵਾਸਨਾਵਾਂ ਰੱਖਦਾ ਸੀ। ਇੱਕ ਵਾਰ ਉਹ ਸਾਥੀ ਰਾਜਕੁਮਾਰ ਨਾਲ ਘੋੜੇ ਤੇ ਸਵਾਰ ਹੋਇਆ। ਘੋੜਾ ਉਸ ਨੂੰ ਲੈ ਕੇ ਅਚਾਨਕ ਇਕ ਜੰਗਲ ਵੱਲ ਦੌੜਨ ਲੱਗਾ, ਰਾਜਕੁਮਾਰ ਸੱਨਤਕੁਮਾਰ ਦੀ ਕੋਸ਼ਿਸ ਕਰਨ ਤੇ ਵੀ ਉਹ ਘੋੜਾ ਕਾਬੂ ਨਾ ਆਇਆ। ਸੱਨਤਕੁਮਾਰ ਜੰਗਲ ਵਿੱਚ ਇੱਕਲਾ ਰਹਿ ਗਿਆ। ਉਸ ਦੇ ਸਾਥੀ ਉਸ ਨਾਲੋਂ ਵਿੱਛੜ ਗਏ। ਜਦੋਂ ਇਸ ਗੱਲ ਦੀ ਖਬਰ ਰਾਜ ਪਰਿਵਾਰ ਨੂੰ ਮਿਲੀ ਤਾਂ ਉਹਨਾਂ ਮਹਿੰਦਰ ਸਿੰਘ ਨੂੰ ਖੋਜ ਲਈ ਭੇਜਿਆ। ਮਹਿੰਦਰ ਸਿੰਘ ਭਟਕਦਾ ਭਟਕਦਾ ਇੱਕ ਸਰੋਵਰ ਦੇ ਕੰਡੇ ਪੁਜਾ। ਜਿੱਥੇ ਉਸ ਨੂੰ ਮਿਠਾ ਸੰਗੀਤ ਸੁਣਾਈ ਦਿਤਾ। ਮਹਿੰਦਰ ਸਿੰਘ ਅੱਗੇ ਗਿਆ, ਤਾਂ ਸੱਨਤਕੁਮਾਰ ਨੂੰ ਸੁੰਦਰ ਔਰਤਾਂ ਨਾਲ ਘਿਰਿਆ ਪਾਇਆ। ਮਹਿੰਦਰ ਸਿੰਘ ਹੈਰਾਨ ਹੋਇਆ! ਉਹ ਸੋਚ ਹੀ ਰਿਹਾ ਸੀ ਕਿ ਉਸ ਨੇ ਕੈਦੀਆਂ ਦੇ ਰਾਹੀਂ ਇਹ ਆਵਾਜ ਸੁਣੀ, "ਸੱਨਤਕੁਮਾਰ ਦੀ ਜੈ ਹੋਵੇ"। ਦ੍ਰਿੜ ਨਿਸਚੈ ਨਾਲ ਮਹਿੰਦਰ ਸਿੰਘ ਅੱਗੇ ਵੱਧਿਆ, ਸੱਨਤਕੁਮਾਰ ਨੇ ਉਸ ਦਾ ਉੱਠ

ਕੇ ਸਵਾਗਤ ਕੀਤਾ ਅਤੇ ਪੁੱਛਿਆ। ਮਿੱਤਰ ਇਕਲੇ ਇਸ ਜੰਗਲ ਵਿੱਚ ਕਿਵੇਂ ਆ ਗਏ? ਤੁਹਾਨੂੰ ਮੇਰਾ ਪਤਾ ਕਿਵੇਂ ਲੱਗਾ? ਮੇਰੇ ਵਿਛੋੜੇ ਵਿੱਚ ਮੇਰੇ ਮਾਂ ਪਿਓ ਕੀ ਕਰ ਰਹੇ ਹਨ?

ਮਹਿੰਦਰ ਸਿੰਘ ਨੇ ਸੱਨਤਕੁਮਾਰ ਨੂੰ ਸਾਰੇ ਸਮਾਚਾਰ ਸੁਣਾਏ। ਫੇਰ ਸੱਨਤਕੁਮਾਰ ਨੂੰ ਪੁਛਿਆ, "ਇਨ੍ਹੇ ਦਿਨਾਂ ਤੱਕ ਤੁਸੀ ਕਿੱਥੇ ਅਤੇ ਕਿਵੇਂ ਠਹਿਰੇ? ਇਸ ਪ੍ਰਕਾਰ ਦੀ ਰਿਧੀ ਤੁਹਾਨੂੰ ਕਿਵੇਂ ਪ੍ਰਾਪਤ ਹੋਈ? ਸੱਨਤਕੁਮਾਰ ਨੇ ਇਹਨਾਂ ਪ੍ਰਸ਼ਨਾ ਦਾ ਉੱਤਰ ਆਪ ਨਾ ਦੇ ਕੇ ਖੇਚਰ ਪੁੱਤਰ ਦੇ ਰਾਹੀਂ ਦਿਲਵਾਇਆ ਕਿ ਜੰਗਲ ਵਿੱਚ ਘੁੰਮਦੇ ਰਾਜਕੁਮਾਰ ਨੂੰ ਭਿੰਨ ਭਿੰਨ ਕੱਸ਼ਟ ਸਹਿਣ ਕਰਨਾ ਪਿਆ। ਪੁੰਨ ਦੀ ਸ਼ਕਤੀ ਨਾਲ ਉਸ ਨੂੰ ਵੱਨਵਾਸੀ ਯਕਸ਼ ਅਤੇ ਵਿਦਿਆਧਰ ਦਾ ਪਿਆਰ ਪ੍ਰਾਪਤ ਹੋਇਆ। ਉਸੇ ਪ੍ਰਭਾਵ ਕਾਰਨ ਇਹ ਅੱਜ ਦਿਵਿ ਰਿਧੀ ਦਾ ਸੁੱਖ ਭੋਗ ਰਿਹਾ ਹੈ।

ਕੁੱਝ ਸਮਾਂ ਰਹਿਨ ਤੋਂ ਬਾਅਦ ਮਹਿੰਦਰ ਸਿੰਘ ਨੇ ਰਾਜਕੁਮਾਰ ਨੂੰ ਹਸਤਿਨਾਪੁਰ ਜਾ ਕੇ ਆਪਣੇ ਮਾਤਾ ਪਿਤਾ ਨੂੰ ਮਿਲਣ ਦੀ ਬੇਨਤੀ ਕੀਤੀ। ਸੱਨਤਕੁਮਾਰ ਬੜੇ ਜਸ਼ਨ ਨਾਲ ਹਸਤਿਨਾਪੁਰ ਵੱਲ ਰਵਾਨਾ ਹੋ ਗਿਆ। ਮਾਤਾ ਪਿਤਾ ਨੇ ਖੁਸ਼ੀ ਨਾਲ ਆਪਣੇ ਪੁੱਤਰ ਨੂੰ ਅਪਣੇ ਗਲੇ ਲਗਾਇਆ ਅਤੇ ਉਸ ਦੇ ਪੁੰਨ ਦੀ ਪ੍ਰਸ਼ੰਸਾ ਕੀਤੀ। ਕੁੱਝ ਹੀ ਦਿਨਾਂ ਬਾਅਦ ਰਾਜਾ ਅਸ਼ਵ ਸੈਨ ਨੇ ਅਪਣੇ ਪੁੱਤਰ ਨੂੰ ਰਾਜ ਦੇ ਕੇ ਆਪ ਸਾਧੂ ਜੀਵਨ ਗ੍ਰਹਿਣ ਕਰ ਲਿਆ। ਸੱਨਤਕੁਮਾਰ ਨੂੰ ਪਿੱਛਲੇ ਕੀਤੇ ਕਰਮਾਂ ਦੇ ਪੁੰਨ ਕਾਰਨ ਥੋੜੇ ਹੀ ਸਮੇਂ ਵਿੱਚ 14 ਰਤਨ ਅਤੇ 9 ਰਿਧੀਆਂ ਪ੍ਰਾਪਤ ਹੋ ਗਈਆਂ। ਉਹ ਚੱਕਰਵਰਤੀ ਬਣਨ ਲਈ ਛੇ ਖੰਡ ਪ੍ਰਿਥਵੀ ਨੂੰ ਜਿੱਤਨ ਲਈ ਰਵਾਨਾ ਹੋਇਆ ਅਤੇ ਜਿੱਤ ਤੋਂ ਬਾਅਦ ਚੱਕਰਵਰਤੀ ਬਣ ਗਿਆ।

ਸ਼ਕ੍ਰੇਂਦਰ ਨੇ ਅਵਧੀ ਗਿਆਨ ਰਾਹੀਂ ਪਿਛਲੇ ਜਨਮ ਵਿੱਚ ਆਪਣੇ ਪੱਦ ਤੇ ਜਾਣ ਕੇ ਸ਼੍ਰਮਣ ਦੇਵ ਦੇ ਰਾਹੀਂ ਉਸਦਾ ਰਾਜ ਤਿੱਲਕ ਕਰਵਾਇਆ। ਇੱਕ ਦਿਨ ਇੰਦਰ ਦੇਵ

ਅਪਣੇ ਸਿੰਘਾਸ਼ਨ ‘ਤੇ ਬੈਠਾ ਹੋਇਆ ਸੀ। ਅਚਾਨਕ ਇਸ਼ਾਨ ਕਲਪ ਵਾਸੀ ਕੋਈ ਦੇਵਤਾ ਉਸ ਦੇ ਦਰਬਾਰ ਵਿੱਚ ਆ ਗਿਆ। ਆਉਣ ਵਾਲੇ ਦੇਵਤੇ ਦੀ ਚਮਕ ਨੂੰ ਵੇਖ ਕੇ ਸੋਧਰਮ ਕਲਪ ਵਾਸੀ ਦੇਵਤੇ ਹੈਰਾਨ ਹੋ ਗਏ। ਉਹਨਾਂ ਉਸ ਦੇਵਤੇ ਦੇ ਜਾਨ ਤੋਂ ਬਾਅਦ ਸੋਧਰਮ ਇੰਦਰ ਨੂੰ ਪੁੱਛਿਆ ਸਵਾਮੀ, “ਇਸ ਦੇਵਤੇ ਦੀ ਚਮਕ ਦਾ ਕਾਰਨ ਕੀ ਹੈ?” ਇੰਦਰ ਨੇ ਆਖਿਆ, “ਇਸ ਨੇ ਪਿਛਲੇ ਜਨਮ ਵਿੱਚ ਆਯੰਵਿਲ ਵਰਧਮਾਨ ਤੱਪ ਦੀ ਅਖੰਡ ਸਾਧਨਾ ਕੀਤੀ ਹੈ, ਉਸੇ ਪ੍ਰਭਾਵ ਕਾਰਨ ਉਸ ਨੂੰ ਇਹ ਚਮਕ ਪ੍ਰਾਪਤ ਹੋਈ ਹੈ”।

ਦੇਵਤੇ ਨੇ ਫੇਰ ਪੁੱਛਿਆ, “ਕਿ ਕੋਈ ਦੂਸਰਾ ਵੀ ਇਸ ਪ੍ਰਕਾਰ ਦੀ ਚਮਕ ਵਾਲਾ ਦੁਨੀਆਂ ਵਿੱਚ ਹੈ?” ਇੰਦਰ ਨੇ ਉੱਤਰ ਦਿਤਾ, “ਹਸਤਿਨਾਪੁਰ ਦੇ ਕੂਰੂ ਵੰਸ ਵਿੱਚ ਪੈਦਾ ਹੋਏ ਚੱਕਰਵਰਤੀ ਸੱਨਤਕੁਮਾਰ ਦਾ ਅਜਿਹਾ ਰੂਪ ਹੈ, ਕਿ ਕਿਸੇ ਦੇਵਤਾ ਦੀ ਤੁਲਨਾ ਉਸ ਨਾਲ ਨਹੀਂ ਕੀਤੀ ਜਾ ਸਕਦੀ”।

ਦੇਵਤਿਆਂ ਦੀ ਸਭਾ ਵਿੱਚ ਬੈਠੇ ਦੋ ਦੇਵਤੇ ਵਿਜੈ ਅਤੇ ਵਿਜਅੰਤ, ਇੰਦਰ ਦੀ ਇਸ ਗੱਲ ਨਾਲ ਸਹਿਮਤ ਨਾ ਹੋਏ। ਉਹਨਾਂ ਇਸ ਗੱਲ ਦੀ ਪ੍ਰਿਖਿਆ ਕਰਨ ਦੀ ਸੋਚੀ ਅਤੇ ਦੋਹਾਂ ਨੇ ਬ੍ਰਹਮਣ ਦਾ ਰੂਪ ਧਾਰਨ ਕੀਤਾ। ਸ਼ਹਿਰ ਵਿੱਚ ਘੁੰਮਦੇ ਹੋਏ ਰਾਜ ਮਹਿਲ ਦੇ ਅੱਗੇ ਖੜੇ ਦਰਬਾਨ ਕੋਲ ਰਾਜੇ ਦੇ ਦਰਸ਼ਨ ਦੀ ਇੱਛਾ ਪ੍ਰਗਟ ਕੀਤੀ। ਚੱਕਰਵਰਤੀ ਦੀ ਆਗਿਆ ਪ੍ਰਾਪਤ ਹੋਣ ਤੇ ਦੋਹੇਂ ਦੇਵਤੇ ਸੱਨਤਕੁਮਾਰ ਕੋਲ ਆਏ। ਸੱਨਤਕੁਮਾਰ ਉਸ ਸਮੇਂ ਸਰੀਰ ਦੀ ਮਾਲਸ ਕਰਵਾ ਰਹੇ ਸਨ। ਸੱਨਤਕੁਮਾਰ ਦੇ ਸੁੰਦਰ ਸਰੀਰ ਨੂੰ ਵੇਖ ਕੇ ਦੋਵੇਂ ਹੈਰਾਨ ਹੋ ਗਏ। ਉਹਨਾਂ ਇੰਦਰ ਦੇ ਕੱਥਨ ਨੂੰ ਸੱਚਾ ਮਨ ਕੇ ਉਸ ਦੀ ਪ੍ਰਸ਼ੰਸਾ ਕੀਤੀ। ਜਦ ਉਹ ਚੱਲਣ ਲੱਗੇ ਤਾਂ ਰਾਜੇ ਨੇ ਪੁੱਛਿਆ, “ਆਪ ਕਿਵੇਂ ਆਏ, ਤਾਂ ਉਹਨਾਂ ਆਖਿਆ ਮਹਾਰਾਜ ਆਪ ਦੇ ਰੂਪ ਦੀ ਪ੍ਰਸ਼ੰਸਾ ਸੁਣ ਕੇ ਅਸੀਂ ਉਸ ਨੂੰ ਵੇਖਣ ਆਏ ਹਾਂ”।

ਇਸ ਤੇ ਚੱਕਰਵਰਤੀ ਨੇ ਆਖਿਆ, "ਅਜੇ ਤੁਸੀਂ ਕੀ ਵੇਖਿਆ ਹੈ! ਜਦੋਂ ਮੈਂ ਨਹਾ ਕੇ ਅਤੇ ਗਹਿਣੇ ਕੱਪੜਿਆਂ ਨਾਲ ਸਰੀਰ ਨੂੰ ਸਜਾ ਕੇ ਰਾਜ ਸਭਾ ਵਿੱਚ ਬੈਠਾਂਗਾ ਫਿਰ ਆਉਣਾ। ਦੋਹਾਂ ਦੇਵਤਿਆਂ ਨੇ ਇਸੇ ਪ੍ਰਕਾਰ ਕੀਤਾ। ਜਦੋਂ ਚੱਕਰਵਰਤੀ ਰਾਜ ਸਭਾ ਵਿੱਚ ਹਾਜਰ ਹੋਏ ਤਾਂ ਬ੍ਰਾਹਮਣ ਭੇਸ ਧਾਰੀ ਦੇਵਤੇ ਵੀ ਉੱਥੇ ਆ ਗਏ। ਕੁੱਝ ਸਮਾਂ ਵੇਖ ਕੇ ਆਪਣੀ ਗਰਦਨ ਹਿਲਾਉਣ ਲੱਗੇ, ਚੱਕਰਵਰਤੀ ਦੇ ਕਾਰਨ ਪੁੱਛਨ 'ਤੇ ਉਹ ਆਖਣ ਲੱਗੇ, "ਮਹਾਰਾਜ! ਘੜੀ ਪਹਿਲਾਂ ਜੋ ਆਪ ਦਾ ਰੂਪ ਸੀ, ਉਹ ਹੁਣ ਨਹੀਂ ਰਿਹਾ। ਹੁਣ ਤੁਹਾਡੇ ਬਦਨ 'ਤੇ ਕੀੜੇ ਹੀ ਕੀੜੇ ਵਿਖਾਈ ਦੇ ਰਹੇ ਹਨ"।

ਜਦ ਸੱਨਤਕੁਮਾਰ ਨੇ ਥੁੱਕਦਾਨ ਵਿੱਚ ਥੁੱਕਿਆ ਤਾਂ ਉਸ ਵਿੱਚ ਕੀੜੇ ਹੀ ਕੀੜੇ ਵਿਖਾਈ ਦਿਤੇ। ਚੱਕਰਵਰਤੀ ਸੱਨਤਕੁਮਾਰ ਸਰੀਰ ਦੀ ਪਰਿਵਰਤਨ ਸ਼ੀਲਤਾ, ਵਿਰੂਪਤਾ ਅਤੇ ਨਾਸਵਾਨਤਾ ਨੂੰ ਵੇਖ ਕੇ ਵਿਰਕਤ ਹੋ ਗਏ। ਵਿਸ਼ਾਲ ਰਾਜ ਪਾਟ ਛੱਡ ਕੇ ਬੁਢੇ ਸਾਧੂਆਂ ਕੋਲ ਦੀਖਿਅਤ ਹੋ ਗਏ। ਇਸਤਰੀਆਂ, ਅਧੀਨ ਰਾਜੇ ਅਤੇ ਕਰਮਚਾਰੀ ਛੇ ਮਹੀਨੇ ਪਿੱਛੇ ਪਿੱਛੇ ਚੱਲਦੇ ਰਹੇ। ਪਰ ਚੱਕਰਵਰਤੀ ਨੇ ਕਿਸੇ ਵੱਲ ਨਜ਼ਰ ਪੁੱਟ ਕੇ ਨਾ ਵੇਖਿਆ। ਉਹਨਾਂ ਦੋ ਦਿਨ ਦੀ ਤੱਪਸਿਆ ਦਾ ਪਾਲਣਾ ਬੱਕਰੀ ਦੇ ਦੁੱਧ ਦੀ ਲੱਸੀ ਨਾਲ ਕੀਤਾ। ਦੋ ਦਿਨ ਬਾਅਦ ਉਹਨਾਂ ਫੇਰ ਦੋ ਦਿਨ ਦਾ ਵਰਤ ਸਵੀਕਾਰ ਕਰ ਲਿਆ। ਇਸ ਪ੍ਰਕਾਰ ਤੱਪ ਅਤੇ ਰਸ ਰਹਿਤ ਭੋਜਨ ਗ੍ਰਹਿਣ ਕਰਨ ਕਾਰਨ ਉਹਨਾਂ ਦੇ ਸਰੀਰ ਵਿੱਚੋਂ ਕਾਸ਼, ਸਾਹ ਅਤੇ ਬੁਖਾਰ ਆਦਿ ਰੋਗ ਉਤਪੰਨ ਹੋ ਗਏ। ਉਹਨਾਂ 700 ਸਾਲ ਤੱਕ ਇਹਨਾਂ ਰੋਗਾਂ ਨੂੰ ਸਹਿਣ ਕੀਤਾ ਪਰ ਆਪਣੀ ਤੱਪਸਿਆ ਨਹੀਂ ਛੱਡੀ। ਸਿੱਟੇ ਵਜੋਂ ਉਹਨਾਂ ਨੂੰ ਬਹੁਤ ਸਾਰੀਆਂ ਮਹਾਨ ਸ਼ਕਤੀਆਂ ਪ੍ਰਾਪਤ ਹੋਈਆਂ। ਪਰ ਉਹਨਾਂ ਨੇ ਕਿਸੇ ਵੀ ਸ਼ਕਤੀ ਨੂੰ ਆਪਣੇ ਰੋਗ ਨੂੰ ਠੀਕ ਕਰਨ ਲਈ ਨਹੀਂ ਵਰਤਿਆ।

ਕੁੱਝ ਸਮੇਂ ਬਾਅਦ ਅਨੇਕਾਂ ਦੇਵਤੇ ਆਪ ਦੀ ਸੇਵਾ ਵਿੱਚ ਹਾਜਰ ਹੋਏ ਅਤੇ ਆਖਣ ਲੱਗੇ, ਅਸੀਂ ਆਪ ਦਾ ਰੋਗ ਖਤਮ ਕਰਦੇ ਹਾਂ। ਇਹ ਗੱਲ ਸੁਣ ਕੇ ਸੱਨਤਕੁਮਾਰ ਚੁੱਪ ਚਾਪ ਖੜੇ ਰਹੇ, ਵਾਰ ਵਾਰ ਦੇਵਤਿਆਂ ਦੇ ਆਖਣ ਤੇ ਉਹਨਾਂ ਆਖਿਆ, "ਭਾਈ ਤੁਸੀ ਕਿਹੜਾ ਰੋਗ ਮਿਟਾਉਣਾ ਚਾਹੁੰਦੇ ਹੋ, ਸਰੀਰ ਦਾ ਜਾਂ ਕਰਮ ਦਾ?" ਇਸ ਤੇ ਦੇਵਤਿਆਂ ਨੇ ਆਖਿਆ, "ਮੁਨੀ ਰਾਜ ਅਸੀਂ ਤਾਂ ਕੇਵਲ ਸਰੀਰ ਦਾ ਰੋਗ ਮਿਟਾ ਸਕਦੇ ਹਾਂ"। ਦੇਵਤਿਆਂ ਦੀ ਗੱਲ ਸੁਣ ਕੇ ਮੁਨੀ ਨੇ ਅਪਣੀ ਉਂਗਲੀ ਨੂੰ ਥੁੱਕ ਲਗਾਇਆ ਅਤੇ ਅਪਣੇ ਸਰੀਰ ਤੇ ਫੇਰਿਆ ਦੇਖਦੇ ਦੇਖਦੇ ਉਹਨਾਂ ਦਾ ਸਰੀਰ ਫਿਰ ਸੁੰਦਰ ਅਤੇ ਨਿਰਮਲ ਬਣ ਗਿਆ। ਮੁਨੀ ਰਾਜ ਦੀ ਮਹਾਨ ਤੱਪ ਲੱਬਧੀ ਅਤੇ ਸਹਿਣ ਸ਼ਕਤੀ ਨੂੰ ਵੇਖ ਕੇ ਦੇਵਤੇ ਹੈਰਾਨ ਹੋ ਗਏ ਅਤੇ ਨਮਸਕਾਰ ਕਰ ਕੇ ਆਪਣੀ ਜਗ੍ਹਾ ਤੇ ਚਲੇ ਗਏ। ਸੱਨਤਕੁਮਾਰ ਜੇ ਚਾਹੁੰਦੇ ਤਾਂ ਸਾਰਾ ਰੋਗ ਉਸੇ ਸਮੇਂ ਨਸ਼ਟ ਕਰ ਸਕਦੇ ਸਨ ਪਰ ਉਹਨਾਂ ਨੂੰ ਸਰੀਰ ਦੇ ਰੋਗ ਦੀ ਚਿੰਤਾ ਨਹੀਂ ਸੀ। ਉਹ ਤਾਂ ਜਨਮ ਮਰਨ ਦਾ ਰੋਗ ਸਮਾਪਤ ਕਰਨਾ ਚਾਹੁੰਦੇ ਸਨ।

ਮਹਾਂ ਮੁਨੀ ਸੱਨਤਕੁਮਾਰ ਅੰਤ ਸਮੇਂ ਸਮਾਧੀ ਪੂਰਵਕ ਮਰ ਕੇ ਤੀਸਰੇ ਸਵਰਗ ਵਿੱਚ ਇੰਦਰ ਰੂਪ ਵਿੱਚ ਉਤਪੰਨ ਹੋਏ। ਇੰਦਰ ਦੀ ਉਮਰ ਪੂਰੀ ਕਰਕੇ ਉਹਨਾਂ ਮਹਾਂਵਿਦੇਹ ਖੇਤਰ ਵਿੱਚ ਜਨਮ ਲੈ ਕੇ ਸਾਰੇ ਕਰਮਾਂ ਦਾ ਖਾਤਮਾ ਕੀਤਾ ਅਤੇ ਉਹ ਸਿੱਧ ਬੁੱਧ ਮੁਕਤ ਹੋ ਗਏ। ਤੱਪ ਦੇ ਪ੍ਰਭਾਵ ਕਾਰਨ ਬੜੀਆਂ ਬੜੀਆਂ ਜੀਵਨ ਨੂੰ ਪ੍ਰਾਪਤ ਹੋ ਜਾਂਦੀਆਂ ਹਨ ਜਿਵੇਂ ਚੱਕਰਵਰਤੀ ਸੱਨਤਕੁਮਾਰ ਨੇ ਵੀ ਖੇਲੋਸਹੀ ਲਬਧੀ ਤੱਪਸਿਆ ਦੇ ਪ੍ਰਭਾਵ ਨਾਲ ਪ੍ਰਾਪਤ ਕੀਤੀ ਅਤੇ ਆਪਣੇ ਕੋਹੜੀ ਸਰੀਰ ਨੂੰ ਫੇਰ ਤੋਂ ਸੁੰਦਰ ਅਤੇ ਨਿਰਮਲ ਬਣਾ ਲਿਆ।

29

# ਦਰਿੜ ਪ੍ਰਹਾਰੀ

ਇੱਕ ਬ੍ਰਾਹਮਣ ਪੁੱਤਰ ਨੂੰ ਉਸ ਦੇ ਦੁਸ਼ਟ ਸੁਭਾਵ ਕਾਰਨ ਸ਼ਹਿਰ ਚੋਂ ਬਾਹਰ ਕੱਢ ਦਿਤਾ ਗਿਆ। ਸਮਾਜਿਕ ਬਹਿਸਕਾਰ ਕਾਰਨ ਉਹ ਜਿਆਦਾ ਦੁਸ਼ਟ ਹੁੰਦਾ ਗਿਆ। ਉਹ ਚੋਰਾਂ ਦੀ ਟੋਲੀ ਵਿੱਚ ਸ਼ਾਮਿਲ ਹੋ ਗਿਆ। ਸਮਾਂ ਪੈਣ ਤੇ ਉਹ ਚੋਰਾਂ ਦੀ ਟੋਲੀ ਦਾ ਸਰਦਾਰ ਬਣ ਗਿਆ। ਉਸ ਦਾ ਨਾਂ ਦਰਿੜ ਪ੍ਰਹਾਰੀ (ਪੱਕਾ ਵਾਰ ਕਰਨ ਵਾਲਾ) ਪੈ ਗਿਆ ਸੀ।

ਚੋਰ ਬਸਤੀ ਦੇ ਕੁੱਝ ਅਸੂਲ ਸਨ। ਚੋਰਾਂ ਦੀ ਫੌਜ ਲੈ ਕੇ ਉਹ ਇੱਕ ਪਿੰਡ ਹਮਲਾ ਕਰਨ ਆਇਆ। ਉਸ ਪਿੰਡ ਵਿੱਚ ਇਹ ਗਰੀਬ ਬ੍ਰਾਹਮਣ ਨੇ ਸਮੱਗਰੀ ਮੰਗ ਕੇ ਖੀਰ ਬਣਾਈ ਹੋਈ ਸੀ। ਖੀਰ ਬਣਾ ਕੇ ਉਹ ਬ੍ਰਾਹਮਣ ਸਨਾਨ ਕਰਨ ਲਈ ਚਲਾ ਗਿਆ। ਉਸੇ ਸਮੇਂ ਚੋਰ ਆਏ ਅਤੇ ਖੀਰ ਦੀ ਥਾਲੀ ਲੈ ਗਏ। ਜਦੋਂ ਗਰੀਬ ਬ੍ਰਾਹਮਣ ਘਰ ਆਇਆ ਤਾਂ ਬੱਚਿਆਂ ਨੇ ਖੀਰ ਚੋਰੀ ਹੋਣ ਦੀ ਸੂਚਨਾ ਦਿਤੀ। ਗੁੱਸੇ ਵਿੱਚ ਆ ਕੇ ਉਹ ਗਰੀਬ ਬ੍ਰਾਹਮਣ ਚੋਰਾਂ ਦਾ ਪਿੱਛਾ ਇਕ ਫਰਸਾ ਲੈ ਕੇ ਕਰਨ ਲੱਗਾ। ਰਾਹ ਵਿੱਚ ਉਸ ਨੂੰ ਜੋ ਵੀ ਚੋਰ ਟੱਕਰਿਆ ਉਸ ਨੇ ਆਪਣੇ ਹੱਥਿਆਰ ਨਾਲ ਵਾਰ ਕਰਕੇ ਉਸ ਨੂੰ ਮਾਰ ਦਿਤਾ। ਕਿਸੇ ਪ੍ਰਕਾਰ ਇਹ ਖਬਰ ਚੋਰਾਂ ਦੇ ਸਰਦਾਰ ਦਰਿੜ ਪ੍ਰਹਾਰੀ ਨੂੰ ਲੱਗੀ। ਉਹ ਬਦਲਾ ਚੁਕਾਉਣ ਲਈ ਬ੍ਰਾਹਮਣ ਦੇ ਘਰ ‘ਤੇ ਹਮਲਾ ਕਰਨ ਲਈ ਚੱਲ ਪਿਆ। ਬ੍ਰਾਹਮਣ ਦੇ ਘਰ ਇੱਕ ਗਾਂ ਖੜੀ ਸੀ। ਜਿਸ ਨੇ ਦਰਿੜ ਪ੍ਰਹਾਰੀ ਨੂੰ ਘਰ ਵੜਨ ਤੋਂ ਰੋਕਿਆ। ਦਰਿੜ ਪ੍ਰਹਾਰੀ ਨੇ ਉਸ ਤੇ ਹਥਿਆਰ ਨਾਲ ਵਾਰ ਕੀਤਾ ਅਤੇ ਗਾਂ ਨੂੰ ਮਾਰ ਦਿੱਤਾ। ਫੇਰ ਸਾਹਮਣੇ ਆਏ ਉਸ ਗਰੀਬ ਬ੍ਰਾਹਮਣ ਨੂੰ ਵੀ ਮਾਰ ਦਿਤਾ।

ਜਦੋਂ ਉਹ ਘਰ ਦੇ ਅੰਦਰ ਗਿਆ ਤਾਂ ਉਸ ਗਰੀਬ ਬ੍ਰਾਹਮਣ ਦੀ ਗਰਭਵਤੀ ਪਤਨੀ ਨੇ ਚੀਖ ਕੇ ਆਖਿਆ, “ਹੇ ਨਿਰਦੇਈ! ਤੂੰ ਇਹ ਕੀ ਪਾਪ ਕੀਤਾ? ਗਾਂ ਅਤੇ

ਬ੍ਰਹਮਣ ਦੀ ਹੱਤਿਆ ਕਰਦੇ ਤੇਰੇ ਹੱਥ ਕਿਉਂ ਨਾ ਕੱਟ ਗਏ"। ਫੇਰ ਉਸ ਨੇ ਉਸ ਗਰਭਵਤੀ ਬ੍ਰਾਹਮਣੀ ਨੂੰ ਵੀ ਮਾਰ ਦਿਤਾ। ਗਰਭਵਤੀ ਬ੍ਰਾਹਮਣੀ ਦੇ ਪੇਟ ਵਿੱਚ ਤੜਪਦੇ ਬੱਚੇ ਨੂੰ ਵੇਖ ਕੇ ਉਸ ਦਾ ਮਨ ਬਦਲ ਗਿਆ ਅਤੇ ਉਹ ਵੇਰਾਗੀ ਹੋ ਗਿਆ। ਉਹ ਜੰਗਲ ਵੱਲ ਜਾਣ ਲੱਗਾ, ਰਾਹ ਵਿੱਚ ਕੁੱਝ ਸੰਜਮੀ ਮੁਨੀਆਂ ਨੂੰ ਵੇਖਕੇ ਦਰਿੜ ਪ੍ਰਹਾਰੀ ਨੇ ਉਹਨਾਂ ਨੂੰ ਘੇਰਿਆ ਅਤੇ ਉਪਦੇਸ਼ ਦੇਣ ਲਈ ਆਖਿਆ। ਮੁਨੀ ਰਾਜ ਨੇ ਧਰਮ ਉਪਦੇਸ਼ ਦਿਤਾ! ਮੁਨੀ ਦੇ ਉਪਦੇਸ਼ ਤੋਂ ਪ੍ਰਭਾਵਿਤ ਹੋ ਕੇ ਉਸ ਨੂੰ ਡੂੰਘਾ ਪਸਚਾਤਾਪ ਹੋਇਆ। ਉਸ ਨੇ ਸਾਧੂ ਜੀਵਨ ਗ੍ਰਹਿਣ ਕੀਤਾ ਅਤੇ ਨਿਮਰਤਾ ਨਾਲ ਅਪਣੇ ਗੁਰੂਆਂ ਦੀ ਸੇਵਾ ਕੀਤੀ।

ਕਠੋਰ ਤੱਪ ਵਿੱਚ ਰਹਿਕੇ ਅਤੇ ਅਪਣੇ ਰਿਸ਼ਤੇਦਾਰਾਂ ਰਾਹੀਂ ਦਿਤੇ ਗਏ, ਭਿੰਨ ਭਿੰਨ ਕਸ਼ਟਾਂ ਨੂੰ ਸਹਿੰਦੇ ਹੋਏ ਉਸ ਨੇ ਛੇ ਮਹੀਨੀਆਂ ਵਿੱਚ ਹੀ ਉਸ ਨੇ ਅਪਣੇ ਕਰਮਾਂ ਦਾ ਅੰਤ ਕਰਕੇ ਕੇਵਲ ਗਿਆਨ ਪ੍ਰਾਪਤ ਕਰ ਲਿਆ। ਅਗਿਆਨ ਅਵੱਸਥਾ ਵਿੱਚ ਜਿੱਥੇ ਉਹ ਕਰਮ ਵਿੱਚ ਸੂਰਵੀਰ ਸੀ। ਗਿਆਨ ਹੁੰਦੇ ਹੀ ਉਹ ਤੱਪ ਸੂਰਮਾ ਬਣ ਗਿਆ। ਬਹੁਤ ਥੋੜੇ ਸਮੇਂ ਵਿੱਚ ਹੀ ਸਾਰੇ ਕਰਮਾਂ ਦਾ ਖਾਤਮਾ ਕਰਕੇ ਮੋਕਸ਼ ਦਾ ਅਧਿਕਾਰੀ ਬਣਿਆ। ਭਾਵ ਸਿੱਧ ਬੁੱਧ ਮੁਕਤ ਹੋ ਗਿਆ।

ਇਹ ਤੱਪਸਿਆ ਦੀ ਖੂਬੀ ਹੈ ਕਿ ਜੋ ਪਾਪੀ ਆਦਮੀ ਨੂੰ ਵੀ ਸਿੱਧ ਕਰ ਦਿੰਦੀ ਹੈ। ਤੱਪਸਿਆ ਕਾਰਨ ਸਰੀਰ ਨਿਰਮਲ ਅਤੇ ਸੋਨੇ ਜਿਹਾ ਚਮਕਦਾਰ ਬਣ ਜਾਂਦਾ ਹੈ। ਇਹ ਤੱਪਸਿਆ ਦਾ ਪ੍ਰਭਾਵ ਹੈ। ਦਰਿੜ ਪ੍ਰਹਾਰੀ ਚੋਰ ਜਿਸ ਨੇ ਆਪਣੇ ਪਹਿਲੇ ਜੀਵਨ ਵਿੱਚ ਗਾਂ, ਬ੍ਰਾਹਮਣ, ਗਰਭਵਤੀ ਇਸਤਰੀ ਦਾ ਘਾਤ ਅਤੇ ਚੋਰੀ ਜਿਹੇ ਪਾਪ ਕਰਮ ਕੀਤੇ ਸਨ। ਉਹ ਵੀ ਤੱਪ ਦੇ ਪ੍ਰਭਾਵ ਕਾਰਨ ਛੇਤੀ ਹੀ ਕੇਵਲ ਗਿਆਨ ਕਰਕੇ ਮੁਕਤੀ ਦਾ ਪਾਤਰ ਬਣਿਆ।

30

# ਨੰਦੀ ਸੈਨ

ਮਗਧ ਦੇਸ਼ ਦੇ ਨੰਦੀ ਗ੍ਰਾਮ ਵਿੱਚ ਗੌਤਮ ਨਾਂ ਦਾ ਇੱਕ ਭਿਖਾਰੀ ਰਹਿੰਦਾ ਸੀ। ਉਸ ਦੀ ਪਤਨੀ ਦਾ ਨਾਂ ਧਾਰਨੀ ਸੀ। ਧਾਰਨੀ ਜਦੋਂ ਛੇ ਮਹੀਨੇ ਦੀ ਗਰਭਵਤੀ ਸੀ ਤਾਂ ਭਿਖਾਰੀ ਗੌਤਮ ਇਸ ਸੰਸਾਰ ਵਿੱਚੋਂ ਚੱਲ ਵਸਿਆ। ਉਸ ਦੇ ਪੁੱਤਰ ਪੈਦਾ ਹੋਣ ਤੋਂ ਬਾਅਦ ਉਸ ਦੀ ਪਤਨੀ ਵੀ ਮਰ ਗਈ। ਉਸ ਯਤੀਮ ਬਾਲਕ ਦਾ ਪਾਲਣ ਪੋਸ਼ਣ, ਉਸ ਦੇ ਮਾਮੇ ਨੇ ਕੀਤਾ ਅਤੇ ਉਸ ਦਾ ਨਾਂ ਨੰਦੀ ਸੈਨ ਰੱਖਿਆ। ਬਹੁਤ ਸਾਰੇ ਲੋਕ ਨੰਦੀ ਸੈਨ ਨੂੰ ਭਰਮ ਵਿੱਚ ਪਾਉਂਦੇ ਰਹਿੰਦੇ ਸਨ। ਪਰ ਮਾਮੇ ਦੇ ਸਮਝਾਉਣ ਤੇ ਉਸ ਦਾ ਮਨ ਇਕਾਗਰ ਹੋ ਗਿਆ।

ਉਸ ਦਾ ਰੂਪ ਬਹੁਤ ਭੱਦਾ ਸੀ। ਉਸ ਨੂੰ ਕੋਈ ਵੀ ਲੜਕੀ ਨਹੀਂ ਚਾਹੁੰਦੀ ਸੀ। ਇਸ ਕਾਰਨ ਉਹ ਆਤਮ ਹੱਤਿਆ ਵੱਲ ਉਤਾਰੂ ਹੋ ਗਿਆ, ਪਰ ਪਰਮ ਦਿਆਲੂ ਮੁਨੀ ਦੇ ਉਪਦੇਸ਼ ਕਾਰਨ ਉਸ ਨੇ ਇਸ ਭੈੜੇ ਕਰਮ ਨੂੰ ਬੰਦ ਕਰਕੇ ਮੁਨੀ ਦੀਖਿਆ ਗ੍ਰਹਿਣ ਕਰ ਲਈ। ਉਹ 2 - 2 ਵਰਤਾਂ ਦੀ ਤੱਪਸਿਆ ਕਰਦਾ ਹੋਇਆ ਛੋਟੇ, ਬਿਮਾਰ ਮੁਨੀਆਂ ਦੀ ਸੇਵਾ ਅਭਿਗ੍ਰਹਿ (ਗੁਪਤ ਪ੍ਰਤਿਗਿਆ) ਨਾਲ ਕਰਨ ਲੱਗਾ।

ਇੱਕ ਦਿਨ ਦੇਵਤਿਆਂ ਦੇ ਰਾਜੇ ਇੰਦਰ ਦੀ ਸਭਾ ਵਿੱਚ ਮੁਨੀ ਨੰਦੀ ਸੈਨ ਦੀ ਸੇਵਾ ਦੀ ਪ੍ਰਸ਼ੰਸਾ ਹੋਈ। ਦੋ ਦੇਵਤਿਆਂ ਨੇ ਇਸ ਦੀ ਪ੍ਰੀਖੀਆ ਲੈਣ ਦਾ ਵਿਚਾਰ ਕੀਤਾ। ਉਹਨਾਂ ਵਿਚੋਂ ਇੱਕ ਅਤਿਸਾਰ (ਖੂਨੀ ਦਸਤ) ਦਾ ਰੋਗੀ ਬਣ ਗਿਆ ਅਤੇ ਦੂਸਰਾ ਪਿੰਡ ਦੇ ਬਾਹਰ ਆ ਕੇ ਨੰਦੀ ਸੈਨ ਨੂੰ ਆਖਣ ਲੱਗਾ, "ਪਿੰਡ ਦੇ ਬਾਹਰ ਇਕ ਸਾਧੂ ਬਿਮਾਰ ਪਿਆ ਹੈ ਜੇ ਕੋਈ ਸੇਵਾ ਕਰਨ ਵਾਲਾ ਹੋਵੇ ਤਾਂ ਉਸ ਨੂੰ ਸੰਭਾਲ ਲਵੇ"। ਨੰਦੀ ਸੈਨ ਦਾ ਉਸ ਦਿਨ ਦੋ ਵਰਤਾਂ ਦਾ ਪਾਰਨਾ ਸੀ। ਹੱਥ ਵਿੱਚ ਗ੍ਰਹਿਣ ਕੀਤੇ ਰੋਟੀ ਦੇ ਟੁਕੜੇ ਨੂੰ ਛੱਡ ਕੇ, ਉਹ ਉਸ ਮੁਨੀ ਵੱਲ ਆਇਆ ਅਤੇ ਮੁਨੀ ਨੂੰ ਆਖਿਆ, ਮੈਨੂੰ ਯੋਗ ਸੇਵਾ ਦੱਸੋ"। ਮੁਨੀ ਬਣੇ ਦੇਵ ਨੇ

ਆਖਿਆ, "ਅਜੇ ਸਾਨੂੰ ਪਾਣੀ ਦੀ ਜ਼ਰੂਰਤ ਹੈ"। ਨੰਦੀ ਸੈਨ ਪਿੰਡ ਵਿੱਚ ਜੈਨ ਵਿਧੀ ਨਾਲ ਪਾਣੀ ਮੰਗਣ ਲਈ ਗਿਆ। ਪਰ ਉਸ ਨੂੰ ਕਿਤੇ ਵੀ ਮੁਨੀ ਦੇ ਗ੍ਰਹਿਣ ਕਰ ਯੋਗ ਪਾਣੀ ਨਾ ਮਿਲਿਆ ਕਿਉਂਕਿ ਦੇਵਤੇ ਨੇ ਸਾਰਾ ਪਾਣੀ ਨਾ ਗ੍ਰਹਿਣ ਕਰਨ ਯੋਗ ਬਣਾ ਦਿੱਤਾ ਸੀ।

ਨੰਦੀ ਸੈਨ ਨੇ ਹਾਰ ਨਾ ਮੰਨੀ, ਦੂਜੀ ਅਤੇ ਤੀਸਰੀ ਵਾਰ ਪਿੰਡ ਵਿੱਚ ਘੁੰਮਿਆ ਤਾਂ ਉਸ ਨੂੰ ਪਾਣੀ ਮਿਲ ਗਿਆ। ਉਹ ਪਾਣੀ ਲੈ ਕੇ ਮੁਨੀ ਬਣੇ ਰੋਗੀ ਦੇਵ ਕੋਲ ਆਇਆ। ਰੋਗੀ ਬਣੇ ਦੇਵ ਨੇ ਨੰਦੀ ਸੈਨ ਮੁਨੀ ਨੂੰ ਵੇਖ ਕੇ ਗਾਲ ਕੱਢੀ ਅਤੇ ਕਰੋਧ ਵਿੱਚ ਆਖਿਆ, "ਤੂੰ ਨਾਂ ਦਾ ਹੀ ਸੇਵਾ ਕਰਨ ਵਾਲਾ ਹੈਂ, ਕੰਮ ਤੇਰਾ ਬਿਲਕੁਲ ਉਲਟ ਹੈ। ਇੱਕ ਬਿਮਾਰ ਸਾਧੂ ਨੂੰ ਸੰਭਾਲਣਾ ਤੇਰੇ ਲਈ ਔਖਾ ਹੋ ਗਿਆ ਹੈ। ਸੇਵਾ ਦਾ ਕੰਮ ਤਾਂ ਤੁਸੀ ਕਿਥੋਂ ਕਰੋਗੇ"। ਨੰਦੀ ਸੈਨ ਨੇ ਉਸ ਦੇ ਹਰ ਕੋੜੇ ਬਚਨ ਨੂੰ ਸਹਿਣ ਕੀਤਾ, ਪਰ ਮਨ ਵਿੱਚ ਕੋਈ ਕਰੋਧ ਨਾ ਲਿਆਉਂਦਾ। ਸਗੋਂ ਮੁਨੀ ਦੇ ਮਲ ਮੂਤਰ ਨਾਲ ਲਿਬੜੇ ਸਰੀਰ ਨੂੰ ਨੰਦੀ ਸੈਨ ਸਾਫ ਕਰਨ ਲੱਗ ਪਏ। ਸਫਾਈ ਕਰਨ ਤੋਂ ਬਾਅਦ ਉਹਨਾਂ ਉਸ ਸਾਧੂ ਬਣੇ ਦੇਵ ਨੂੰ ਪ੍ਰਾਥਨਾ ਕੀਤੀ, "ਮਹਾਰਾਜ! ਚੱਲੋ ਪਿੰਡ ਚੱਲੀਏ। ਉੱਥੇ ਪਹੁੰਚ ਕੇ ਮੈਂ ਤੁਹਾਨੂੰ ਕੁੱਝ ਸਮੇਂ ਵਿੱਚ ਹੀ ਠੀਕ ਕਰ ਦੇਵਾਂਗਾ"। ਇਹ ਗਲ ਸੁਣ ਕੇ ਰੋਗੀ ਸਾਧੂ ਨੇ ਆਖਿਆ, "ਜੇ ਮੈਂ ਚੱਲਣ ਦੀ ਹਾਲਤ ਵਿੱਚ ਹੁੰਦਾ ਤਾਂ ਇੱਥੇ ਕਿਉਂ ਪਿਆ ਰਹਿੰਦਾ"।

ਨੰਦੀ ਸੈਨ ਮੁਨੀ ਨੇ ਰੋਗੀ ਮੁਨੀ ਨੂੰ ਆਪਣੀ ਪਿੱਠ ਤੇ ਬਿਠਾ ਕੇ ਪਿੰਡ ਵੱਲ ਚੱਲਣਾ ਸ਼ੁਰੂ ਕੀਤਾ। ਦੇਵ ਸ਼ਕਤੀ ਰਾਹੀਂ ਉਸ ਮੁਨੀ ਬਣੇ ਦੇਵ ਨੇ ਨੰਦੀ ਸੈਨ ਦੇ ਸਰੀਰ ਨੂੰ ਮਲ ਮੂਤਰ ਨਾਲ ਲਬੇੜ ਦਿੱਤਾ। ਫੇਰ ਗੁੱਸਾ ਖਾ ਕੇ ਗਾਲਾਂ ਕੱਢਣ ਲੱਗ ਪਿਆ। ਨੰਦੀ ਸੈਨ ਨੇ ਇਹ ਸਾਰਾ ਕੁੱਝ ਸਮਤਾ ਨਾਲ ਸਹਿਣ ਕੀਤਾ ਅਤੇ ਇੱਕ ਪਲ ਲਈ ਵੀ ਮਨ ਵਿੱਚ ਕਰੋਧ ਨਹੀਂ ਲਿਆਉਂਦਾ। ਸਗੋਂ ਉਹ ਸੋਚਦਾ ਰਿਹਾ, "ਮੇਰੇ ਚੱਲਣ ਨਾਲ ਮੁਨੀ ਨੂੰ ਤਕਲੀਫ ਹੁੰਦੀ ਹੈ। ਮੈਂ ਅਜਿਹਾ ਉਪਾਅ ਕਰਾਂ ਕਿ ਇਹ ਤਕਲੀਫ ਘੱਟ ਹੋਵੇ"।

ਨੰਦੀ ਸੈਨ ਦੋ ਵਰਤਾਂ ਦਾ ਪਾਰਨਾ ਕਰਨਾ ਭੁੱਲ ਗਿਆ ਅਤੇ ਮੁਨੀ ਦੇ ਠੀਕ ਹੋਣ ਦੀ ਚਿੰਤਾ ਕਰਨ ਲੱਗਾ। ਮੁਨੀ ਬਣੇ ਦੇਵ ਦੀ ਸੇਵਾ ਭਾਵਨਾ ਅਤੇ ਬਾਹਰਲੇ ਅਤੇ ਅੰਦਰਲੇ, ਦੋਹਾਂ ਪ੍ਰਕਾਰ ਦੇ ਤੱਪ ਨੂੰ ਵੇਖ ਕੇ ਉਹ ਦੇਵਤਾ ਸ਼ਰਮਿੰਦਾ ਹੋਇਆ। ਫੇਰ ਉਸ ਨੇ ਆਪਣਾ ਅਸਲ ਰੂਪ ਪ੍ਰਗਟ ਕਰਦੇ ਹੋਏ, ਉਸ ਨੇ ਨੰਦੀ ਸੈਨ ਕੋਲੋ ਖਿਮਾ ਮੰਗੀ ਅਤੇ ਇੰਦਰ ਰਾਹੀਂ ਪ੍ਰਸ਼ੰਸਾ ਦਾ ਵਰਨਣ ਕੀਤਾ।

ਇਸ ਪ੍ਰਕਾਰ ਲੰਬਾ ਸਮਾਂ ਤੱਪ ਅਤੇ ਸੇਵਾ ਕਰਦੇ ਹੋਏ ਨੰਦੀ ਸੈਨ ਦੇ ਸਾਰੇ ਕਰਮਾਂ ਦਾ ਅੰਤ ਹੋ ਗਿਆ। ਉਸ ਨੇ ਤੱਪ ਦੇ 12 ਭੇਦਾਂ ਵਿੱਚੋਂ ਸੇਵਾ ਰਾਹੀਂ ਆਪਣੀ ਆਤਮਾ ਦਾ ਕਲਿਆਣ ਕੀਤਾ ਅਤੇ ਸੰਸਾਰ ਸਾਗਰ ਵਿੱਚੋਂ ਪਾਰ ਹੋ ਗਿਆ।

31

# ਹਰੀ ਕੇਸ਼ੀਬਲ ਮੁਨੀ

ਜੈਨ ਧਰਮ ਵਿੱਚ ਜਾਤ ਪਾਤ, ਛੂਆ ਛੂਤ ਆਦਿ ਦਾ ਕੋਈ ਸਥਾਨ ਨਹੀਂ। ਇਸ ਦਾ ਪ੍ਰਮਾਣ ਹਰੀ ਕੇਸ਼ੀਬਲ ਦੀ ਕਹਾਣੀ ਤੋਂ ਮਿਲਦਾ ਹੈ। ਹਰੀ ਕੇਸ਼ੀਬਲ ਦਾ ਇਤਿਹਾਸ ਸ਼੍ਰੀ ਉਤਰਾਅਧਿਐਨ ਸੂਤਰ ਦੇ 12ਵੇਂ ਅਧਿਐਨ ਵਿੱਚ ਵਿਸਥਾਰ ਨਾਲ ਮਿਲਦਾ ਹੈ।

ਪਿਛਲਾ ਜਨਮ:

ਗੰਗਾ ਨਦੀ ਦੇ ਕਿਨਾਰੇ ਇੱਕ ਚੰਡਾਲਾਂ ਦੀ ਬਸਤੀ ਸੀ। ਉੱਥੇ ਬਲਦੇਵ ਨਾਂ ਦਾ ਆਦਮੀ ਅਪਣੀ ਪਤਨੀ ਗੌਰੀ ਨਾਲ ਰਹਿੰਦਾ ਸੀ। ਗੌਰੀ ਦੇ ਬਲ ਨਾਂ ਦਾ ਪੁੱਤਰ ਸੀ ਜੋ ਜਨਮ ਤੋਂ ਹੀ ਬਦਸ਼ਕਲ ਸੀ। ਆਪਣੀ ਬਦਸ਼ਕਲ ਕਾਰਨ ਬੱਚੇ ਉਸ ਨਾਲ ਖੇਡਣਾ ਪਸੰਦ ਨਹੀਂ ਕਰਦੇ ਸਨ। ਸਗੋਂ ਹਰ ਸਮੇਂ ਜਾਤ ਅਤੇ ਸ਼ਕਲ ਕਾਰਨ ਉਸ ਨੂੰ ਅਪਮਾਨਿਤ ਕਰਦੇ ਸਨ। ਉਹ ਉਹਨਾਂ ਬੱਚਿਆਂ ਦੀ ਨਫਰਤ ਦਾ ਸ਼ਿਕਾਰ ਹੋ ਗਿਆ ਸੀ।

ਇੱਕ ਦਿਨ ਉਹ ਦਰਖਤ ਉੱਪਰ ਬੈਠਾ ਸੀ ਅਤੇ ਉਸ ਨੇ ਵੇਖਿਆ ਕਿ ਕੁੱਝ ਬਾਲਕਾਂ ਨੇ ਮਿਲਕੇ ਇੱਕ ਸੱਪ ਨੂੰ ਮਾਰ ਦਿੱਤਾ। ਵੇਖਦੇ ਵੇਖਦੇ ਇੱਕ ਮੋਟਾ ਸੱਪ ਨਿਕਲਿਆ ਜੋ ਜ਼ਹਰੀਲਾ ਨਹੀਂ ਸੀ। ਜ਼ਹਰੀਲਾ ਨਾ ਹੋਣ ਕਾਰਨ ਕਿਸੇ ਨੇ ਵੀ ਉਸ ਉੱਪਰ ਵਾਰ ਨਹੀਂ ਕੀਤਾ।

ਇਹਨਾਂ ਦੋਹਾਂ ਘਟਨਾਵਾਂ ਨੂੰ ਵੇਖ ਕੇ ਬਲ ਨੂੰ ਆਪਣਾ ਪਿਛਲਾ ਜਨਮ ਯਾਦ ਆ ਗਿਆ। ਪਿਛਲੇ ਜਨਮ ਵਿੱਚ ਉਹ ਸੋਮਦੱਤ ਬ੍ਰਾਹਮਣ ਸੀ। ਤੱਪਸਿਆ ਦੇ ਅਹੰਕਾਰ ਕਾਰਨ ਉਹ ਪਹਿਲਾਂ ਦੇਵ ਲੋਕ ਵਿੱਚ ਪੈਦਾ ਹੋਇਆ, ਦੇਵ ਲੋਕ ਵਿੱਚ ਉਮਰ ਪੂਰੀ ਕਰਕੇ ਉਹ ਚੰਡਾਲ ਦੇ ਰੂਪ ਵਿੱਚ ਪੈਦਾ ਹੋਇਆ।

## ਹਰੀਕੇਸ਼ੀ ਮੁਨੀ:

ਹਰੀਕੇਸ਼ੀ ਮੁਨੀ ਨੇ ਘਰ ਛੱਡਣ ਦਾ ਇਰਾਦਾ ਕਰ ਲਿਆ। ਉਸ ਨੇ ਜੰਗਲ ਵਿੱਚ ਜਾ ਕੇ ਇੱਕ ਤੱਪਸਵੀ ਮੁਨੀ ਤੋਂ ਸਾਧੂ ਜੀਵਨ ਗ੍ਰਹਿਣ ਕੀਤਾ। ਉਸ ਨੇ ਕਠੋਰ ਤੱਪਸਿਆ ਕੀਤੀ। ਨਿਸ਼ਕਾਮ ਭਾਵ ਨਾਲ ਤੱਪਸਿਆ ਕਰਨ ਕਾਰਨ ਇੱਕ ਦੇਵਤਾ, ਉਸ ਮੁਨੀ ਦੀ ਸੇਵਾ ਵਿੱਚ ਰਹਿਨ ਲੱਗਾ।

ਇੱਕ ਵਾਰ ਤੱਪਸਿਆ ਕਰਦੇ ਮੁਨੀ ਵਾਰਾਨਸੀ ਨਗਰੀ ਪਧਾਰੇ। ਉੱਥੇ ਮੰਡੀ ਕੁਕਸੀ ਯਕਸ਼ ਦੇ ਮੰਦਰ ਵਿੱਚ ਧਿਆਨ ਲਗਾਇਆ। ਉਸ ਸਮੇਂ ਇਸ ਮੰਦਰ ਵਿੱਚ ਰਾਜਕੁਮਾਰੀ ਭੱਦਰਾ ਘੁੰਮ ਰਹੀ ਸੀ। ਉਹ ਮੰਦਰ ਵਿੱਚ ਪੂਜਾ ਕਰਨ ਲਈ ਆਈ ਸੀ। ਹਰੀ ਕੇਸ਼ੀ ਮੁਨੀ ਦੀ ਸ਼ਕਲ ਵੇਖ ਕੇ ਰਾਜਕੁਮਾਰੀ ਭੱਦਰਾ ਨੇ ਘ੍ਰਿਣਾ ਵੱਸ ਆਖਿਆ, "ਇੰਹ ਕਾਲਾ ਕਲੂਟਾ ਕੌਣ ਇਸ ਮੰਦਰ ਵਿੱਚ ਧਿਆਨ ਕਰ ਰਿਹਾ ਹੈ"। ਆਪਣੀ ਗੱਲ ਦਾ ਉੱਤਰ ਨਾ ਸੁਣ ਕੇ ਰਾਜਕੁਮਾਰੀ ਨੇ ਮੁਨੀ ਉੱਪਰ ਥੁੱਕ ਦਿਤਾ। ਮੁਨੀ ਦੀ ਸੇਵਾ ਕਰ ਰਹੇ ਯਕਸ਼ ਦੇਵ ਨੂੰ ਰਾਜਕੁਮਾਰੀ ਭੱਦਰਾ ਤੇ ਗੁੱਸਾ ਆਇਆ। ਯਕਸ਼ ਦੇ ਕਰੋਧ ਕਾਰਨ ਰਾਜਕੁਮਾਰੀ ਦਾ ਮੂੰਹ ਟੇਢਾ ਹੋ ਗਿਆ ਅਤੇ ਉਸ ਨੇ ਬੋਲਣਾ ਬੰਦ ਕਰ ਦਿੱਤਾ।

ਇਸ ਘਟਨਾ ਦੀ ਖਬਰ ਰਾਜ ਦਰਬਾਰ ਵਿੱਚ ਪਹੁੰਚੀ ਤਾਂ ਪਰਿਵਾਰ ਵਿੱਚ ਤਹਿਲਕਾ ਮੱਚ ਗਿਆ। ਸਾਰੇ ਰਾਜ ਪਰਿਵਾਰ ਦੇ ਲੋਕ ਮੁਨੀ ਕੋਲ ਆਏ ਅਤੇ ਰਾਜਕੁਮਾਰੀ ਰਾਹੀਂ ਕੀਤੇ ਦੁਰਵਿਵਹਾਰ ਦੀ ਖਿਮਾ ਮੰਗੀ। ਮੁਨੀ ਦੇ ਸੇਵਾ ਕਰ ਰਹੇ ਯਕਸ਼ ਨੇ ਮੁਨੀ ਦੇ ਸਰੀਰ ਵਿੱਚ ਪ੍ਰਵੇਸ਼ ਕਰਕੇ ਕਿਹਾ, "ਜੇ ਤੁਸੀਂ ਰਾਜਕੁਮਾਰੀ ਦੀ ਸ਼ਾਦੀ ਇਸ ਮੁਨੀ ਨਾਲ ਕਰੋਗੇ ਤਾਂ ਹੀ ਰਾਜਕੁਮਾਰੀ ਠੀਕ ਹੋਵੇਗੀ" ਰਾਜੇ ਨੇ ਆਪਣੀ ਔਲਾਦ ਦੇ ਭਲੇ ਲਈ ਰਾਜਕੁਮਾਰੀ ਦੀ ਸ਼ਾਦੀ ਦੀ ਹਾਮੀ ਭਰੀ।

ਜਦ ਉਹ ਹਰੀਕੇਸ਼ੀ ਮੁਨੀ ਨੂੰ ਸ਼ਾਦੀ ਕਰਨ ਲਈ ਬੇਨਤੀ ਕਰਨ ਲੱਗੇ ਤਾਂ ਮੁਨੀ ਨੇ ਆਖਿਆ, "ਅਸੀਂ ਜੈਨ ਮੁਨੀ ਹਾਂ! ਪੰਜ ਮਹਾਂ ਵਰਤ, ਪੰਜ ਸਮਿਤੀ ਅਤੇ ਤਿੰਨ ਗੁਪਤੀ ਦੀ ਅਰਾਧਨਾ ਕਰਦੇ ਹਾਂ। ਸਾਡੇ ਲਈ ਬ੍ਰਹਮਚਰਜ ਸਭ ਤੋਂ ਉੱਤਮ ਤੱਪ ਹੈ। ਹਰ ਇਸਤਰੀ ਸਾਡੀ ਮਾਂ, ਭੈਣ ਅਤੇ ਪੁੱਤਰੀ ਦੇ ਸਮਾਨ ਹੈ। ਅਸੀਂ ਕਿਸੇ ਇਸਤਰੀ ਨਾਲ ਸੰਬੰਧ ਬਣਾਉਨ ਦੀ ਕਲਪਨਾ ਨਹੀਂ ਕਰ ਸਕਦੇ। ਕਿਉਂਕਿ ਅਜਿਹਾ ਵਿਆਹ 'ਕਰਮ' ਮੁਨੀ ਧਰਮ ਦੇ ਵਿਰੁੱਧ ਹੈ। ਅਸੀ ਤਾਂ ਇਸਤਰੀ ਨੂੰ ਛੋਂਹਦੇ ਵੀ ਨਹੀਂ ਵਿਆਹ ਦੀ ਗੱਲ ਬਹੁਤ ਦੂਰ ਹੈ"।

ਰਾਜੇ ਨੇ ਹਾਰ ਕੇ ਰਾਜਕੁਮਾਰੀ ਦੀ ਸ਼ਾਦੀ ਅਪਣੇ ਪਰੋਹਿਤ ਰੁਦਰਦੱਤ ਨਾਲ ਕਰ ਦਿੱਤੀ। ਇੱਕ ਵਾਰ ਹਰੀ ਕੇਸ਼ੀ ਮੁਨੀ ਇੱਕ ਮਹੀਨੇ ਦਾ ਪਾਰਨਾ ਕਰਨ ਲਈ, ਉਸੇ ਨਗਰ ਵਿੱਚ ਭਿਖਸ਼ਾ ਲਈ ਗਏ। ਉੱਥੇ ਪਰੋਹਿਤ ਰੁਦਰਦੱਤ ਆਪਣੇ ਵਿਦਿਆਰਥੀਆਂ ਨਾਲ ਯੱਗਸ਼ਾਲਾ ਵਿੱਚ ਯੱਗ ਕਰ ਰਿਹਾ ਸੀ। ਉਸ ਨੇ ਬ੍ਰਾਹਮਣਾਂ ਲਈ ਬਹੁਤ ਸਾਰਾ ਭੋਜਨ ਤਿਆਰ ਕੀਤਾ ਹੋਇਆ ਸੀ। ਉਸ ਸਮੇਂ ਯਕਸ਼ ਮੁਨੀ ਦੇ ਸਰੀਰ ਵਿੱਚ ਪ੍ਰਵੇਸ਼ ਕਰ ਗਿਆ। ਮੁਨੀ ਯੱਗਸ਼ਾਲਾ ਵੱਲ ਵਧੇ ਯਕਸ਼ ਨੇ ਆਖਿਆ, "ਇੱਥੇ ਬਹੁਤ ਸਾਰਾ ਭੋਜਨ ਬਣਿਆ ਹੈ, ਉਸ ਭੋਜਨ ਵਿਚੋਂ ਤੁਸੀ ਕੁੱਝ ਮੈਨੂੰ ਦਾਨ ਕਰ ਦਿਉ"। ਹਰੀ ਕੇਸ਼ੀ ਮੁਨੀ ਨੂੰ ਵੇਖ ਕੇ ਸਾਰੇ ਵਿਦਿਆਰਥੀ ਹੱਥ ਵਿੱਚ ਡੰਡੇ ਲੈ ਕੇ ਉਹਨਾਂ ਨੂੰ ਮਾਰਨ ਲਈ ਭੱਜੇ। ਰੁਦਰਦੱਤ ਬ੍ਰਾਹਮਣ ਨੇ ਉਹਨਾਂ ਨੂੰ ਰੋਕਿਆ ਤੇ ਆਖਿਆ, "ਇਹ ਭੋਜਨ ਬ੍ਰਾਹਮਣਾਂ ਲਈ ਹੈ, ਹੋਰ ਕਿਸੇ ਲਈ ਨਹੀਂ" ਯਕਸ਼ ਨੇ ਹਰੀ ਕੇਸ਼ੀ ਦੇ ਸਰੀਰ ਰਾਹੀਂ ਬ੍ਰਾਹਮਣਾਂ ਨੂੰ ਸੱਚੇ ਬ੍ਰਾਹਮਣ ਦਾ ਸਰੂਪ ਆਖਿਆ।

ਮੁਨੀ ਨੂੰ ਅਪਮਾਨਤ ਅਤੇ ਕੁੱਟ ਮਾਰਦਾ ਵੇਖ ਕੇ ਭੱਦਰਾ ਰਾਜਕੁਮਾਰੀ ਵੀ ਸਾਹਮਣੇ ਆਈ। ਉਸ ਨੇ ਆਪਣੇ ਪਤੀ ਅਤੇ ਵਿਦਿਆਰਥੀਆਂ ਨੂੰ ਦੱਸਿਆ ਕਿ ਮੁਨੀ ਮਹਾਨ ਤਿਆਗੀ ਹਨ। ਜਿਹਨਾਂ ਰਾਜ ਕੰਨਿਆਂ ਨਾਲ ਸ਼ਾਦੀ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

ਤੁਸੀਂ ਲੋਕ ਤੱਪਸਵੀ ਨੂੰ ਅਪਮਾਨਿਤ ਕਰਕੇ ਜਾਨ ਬੁਝ ਕੇ ਪਰਬਤ ਨਾਲ ਸਿਰ ਤੋੜ ਰਹੇ ਹੋ। ਬਲਦੀ ਅੱਗ ਵਿੱਚ ਕਿਉਂ ਸੜਦੇ ਹੋ? ਇਹ ਮੁਨੀ ਅਪਣੀ ਸ਼ਕਤੀ ਰਾਹੀਂ ਇੱਕ ਪਲ ਵਿੱਚ ਸਾਰੇ ਸੰਸਾਰ ਨੂੰ ਖਤਮ ਕਰਨ ਦੀ ਸ਼ਕਤੀ ਰੱਖਦੇ ਹਨ।

ਯਕਸ਼ ਨੂੰ ਬ੍ਰਾਹਮਣਾਂ ਦੇ ਦੁਰਵਿਵਹਾਰ ਤੇ ਬਹੁਤ ਗੁੱਸਾ ਆਇਆ। ਉਸਨੇ ਆਪਣੇ ਸਰੀਰ ਵਿੱਚੋਂ ਇਕ ਚਿੰਗਾਰੀ ਕੱਢੀ, ਮੁਨੀ ਨੂੰ ਕੁਟਨ ਵਾਲੇ ਸਾਰੇ ਲੋਕ ਪੁੱਠੇ ਹੋ ਕੇ ਗਿਰਨ ਲੱਗੇ। ਉਹਨਾਂ ਨੂੰ ਖੂਨ ਦੀਆਂ ਉੱਲਟੀਆਂ ਲੱਗ ਗਈਆਂ ਅਤੇ ਕਈ ਪਾਗਲਾਂ ਵਾਂਗੋ ਚਿਲਾਉਣ ਲੱਗੇ। ਆਖਰ ਪਰੋਹਿਤ ਪਰਿਵਾਰ ਨੇ ਅਪਣੀ ਗਲਤੀ ਤੇ ਕੀਤੇ ਬੁਰੇ ਵਿਵਹਾਰ ਲਈ ਖਿਮਾ ਮੰਗੀ, ਯਕਸ਼ ਨੇ ਸਭ ਨੂੰ ਠੀਕ ਕਰ ਦਿਤਾ। ਸ਼ਰਧਾ ਵੱਸ ਖੁਸ਼ ਹੋ ਕੇ ਬ੍ਰਾਹਮਣ ਰੁਦਰਦੱਤ ਨੇ ਮੁਨੀ ਨੂੰ ਭਿਖਸ਼ਾ ਦਿੱਤੀ। ਇਸ ਦਾਨ ਤੋਂ ਸਵਰਗ ਦੇ ਦੇਵਤੇ ਖੁਸ਼ ਹੋਏ ਅਤੇ ਉਹਨਾਂ ਸੋਨੇ ਚਾਂਦੀ ਦੇ ਸਿਕੇ ਵਰਸਾਉਣੇ ਸ਼ੁਰੂ ਕਰ ਦਿਤੇ।

ਅਕਾਸ਼ ਵਿੱਚ ਦੇਵਤੇ ਖੁਸ਼ੀ ਨਾਲ ਬਾਜੇ ਬਜਾਉਣ ਲੱਗੇ, ਸਾਰੇ ਲੋਕ ਹਰੀ ਕੇਸ਼ੀ ਮੁਨੀ ਦੀ ਤੱਪਸਿਆ ਦੀ ਪ੍ਰਸੰਸਾ ਕਰਨ ਲੱਗੇ। ਬ੍ਰਾਹਮਣਾਂ ਨੇ ਸ਼ਰਧਾ ਵੱਸ ਹਰੀ ਕੇਸ਼ੀ ਮੁਨੀ ਤੋਂ ਪੁਛਿਆ, "ਸੱਚਾ ਯੱਗ ਕਿਹੜਾ ਹੈ? ਸੱਚਾ ਯੱਗ ਕਿਵੇਂ ਕਰ ਸਕਦੇ ਹਾਂ? ਸੰਸਾਰ ਵਿੱਚ ਪੁੰਨ ਦੇ ਖੇਤਰ ਕਿਹੜੇ ਹਨ, ਜਿੱਥੇ ਦਾਨ ਦੇਣ ਨਾਲ ਕਲਿਆਣ ਹੁੰਦਾ ਹੈ?" ਹਰੀ ਕੇਸ਼ੀ ਮੁਨੀ ਨੇ ਉੱਤਰ ਦਿਤਾ, "ਹੇ ਬ੍ਰਾਹਮਣੋ! ਅਪਣੀ ਆਤਮਾ ਨੂੰ ਯੱਗ ਦਾ ਅਗਨੀ ਕੁੰਡ ਸਮਝੋ, ਜਿਸ ਵਿੱਚ ਤੱਪ ਦੀ ਜੋਤ ਜਲਦੀ ਹੈ, ਸ਼ੁਭ ਕਰਮਾਂ ਰਾਹੀਂ ਸ਼ੁਭ ਵਿਚਾਰਾਂ ਦੀ ਆਹੂਤੀ ਦੇਵੋ ਸੱਚਾ ਸਦਾਚਾਰੀ ਅਤੇ ਸੰਜਮੀ ਹੀ ਬ੍ਰਾਹਮਣ ਹੈ। ਧਰਮ ਰੂਪੀ ਤਲਾਬ ਵਿੱਚ ਬ੍ਰਹਮਚਰਜ ਸ਼ਾਂਤੀ ਤੀਰਥ ਉੱਪਰ ਜੋ ਕਸ਼ਾਏ ਨੂੰ ਸ਼ਾਂਤ ਕਰਕੇ ਸਮ ਭਾਵ ਰੂਪੀ ਜਲ ਇਸਨਾਨ ਕਰਦਾ ਹੈ। ਉਹ ਸਦਾ ਪਵਿੱਤਰ ਰਹਿੰਦਾ ਹੈ"।

ਇਸ ਪ੍ਰਕਾਰ ਹਰੀ ਕੇਸ਼ੀ ਬਲ ਮੁਨੀ ਨੇ ਚੰਡਾਲ ਕੁਲ ਵਿੱਚ ਜਨਮ ਲੈ ਕੇ ਤੱਪਸਿਆ ਕਾਰਨ ਸੰਸਰ ਵਿੱਚ ਪ੍ਰਸਿਧੀ ਪਾਈ ਅਤੇ ਉਹ ਜਗਤ ਗੁਰੂ ਅਖਵਾਏ, ਉਹਨਾਂ ਦੀ ਪ੍ਰਸ਼ੰਸਾ ਖੁਦ ਭਗਵਾਨ ਮਹਾਵੀਰ ਨੇ ਅਪਣੇ ਮੁੱਖ ਤੋਂ ਕੀਤੀ।

32

# ਤੱਪਸਵੀ ਢੰਢਨ ਮੁਨੀ

22ਵੇਂ ਤੀਰਥੰਕਰ ਭਗਵਾਨ ਅਰਿਸ਼ਟ ਨੇਮੀ ਦੇ ਸਮੇਂ ਦੀ ਗੱਲ ਹੈ। ਇੱਕ ਵਾਰ ਸ਼੍ਰੀ ਕ੍ਰਿਸ਼ਨ, ਤੀਰਥੰਕਰ ਭਗਵਾਨ ਅਰਿਸ਼ਟ ਨੇਮੀ ਦਾ ਉਪਦੇਸ਼ ਸੁਣਨ ਲਈ ਆਏ। ਉਪਦੇਸ਼ ਸੁਣਨ ਤੋਂ ਬਾਅਦ ਉਹਨਾਂ ਪ੍ਰਸ਼ਨ ਕੀਤਾ, "ਤੁਹਾਡੇ 18000 ਸਾਧੂਆਂ ਵਿੱਚੋਂ ਸਭ ਤੋਂ ਉੱਤਮ ਕੌਣ ਹੈ?" ਉੱਤਰ ਵਿੱਚ ਭਗਵਾਨ ਅਰਿਸ਼ਟ ਨੇਮੀ ਨੇ ਸ਼੍ਰੀ ਕ੍ਰਿਸ਼ਨ ਦੇ ਵੰਸ਼ ਵਿੱਚੋਂ ਬਣੇ ਮੁਨੀ ਢੰਢਨ ਦਾ ਨਾਂ ਲਿਆ। ਸ਼੍ਰੀ ਕ੍ਰਿਸ਼ਨ ਭਗਵਾਨ ਅਰਿਸ਼ਟ ਨੇਮੀ ਦੀ ਗੱਲ ਸੁਣ ਕੇ ਬਹੁਤ ਖੁਸ਼ ਹੋਏ। ਢੰਢਨ ਮੁਨੀ ਪ੍ਰਤਿਗਿਆ ਪੂਰਵਕ ਤੱਪ ਕਰਕੇ ਭੋਜਨ ਗ੍ਰਹਿਣ ਕਰਦੇ ਸਨ। ਉਹਨਾਂ ਨੂੰ ਤੱਪ ਕਾਰਨ ਅਨੇਕਾਂ ਲੱਬਧੀਆਂ ਪ੍ਰਾਪਤ ਹੋ ਗਈਆਂ ਸਨ।

ਇੱਕ ਵਾਰ ਉਹਨਾਂ ਨੂੰ ਤੱਪ ਦੀ ਪ੍ਰਤਿਗਿਆ ਪੂਰੀ ਨਾ ਹੋਣ ਕਾਰਨ, ਇੱਕ ਮਹੀਨਾ ਭੋਜਨ ਨਾ ਮਿਲਿਆ। ਇਸ ਸਮੇਂ ਢੰਢਨ ਮੁਨੀ ਦੇ ਸਾਥੀ ਵੀ ਉਹਨਾਂ ਦਾ ਸਾਥ ਛੱਡ ਗਏ। ਮੁਨੀ ਹਰ ਰੋਜ ਅਪਣੀ ਗੁਪਤ ਪ੍ਰਤਿਗਿਆ ਪੂਰੀ ਕਰਨ ਲਈ ਭਿਖਸ਼ਾ ਲਈ ਘੁੰਮਦੇ, ਪਰ ਉਹਨਾਂ ਨੂੰ ਭੋਜਨ ਨਾ ਮਿਲਦਾ। ਉਹਨਾਂ ਦੇ ਮਨ ਵਿੱਚ ਕਿਸੇ ਪ੍ਰਕਾਰ ਦਾ ਦੁੱਖ ਜਾਂ ਚਿੰਤਾ ਨਹੀਂ ਸੀ। ਭੋਜਨ ਨਾ ਮਿਲਣ ਕਾਰਨ ਉਹਨਾਂ ਦਾ ਸਰੀਰ ਸ਼ੁਕ ਗਿਆ ਸੀ। ਚਹਿਰੇ ਦੀ ਚਮਕ ਖਤਮ ਹੋਣ ਤੇ ਵੀ ਉਹ ਖੁਸ਼ ਰਹਿੰਦੇ ਸਨ। ਇੱਕ ਵਾਰ ਸ਼੍ਰੀ ਕ੍ਰਿਸ਼ਨ ਦੇ ਮੱਨ ਵਿੱਚ ਤੱਪਸਵੀ ਢੰਢਨ ਮੁਨੀ ਦੇ ਦਰਸ਼ਨ ਕਰਨ ਦੀ ਇੱਛਾ ਹੋਈ। ਸੰਜੋਗ ਵੱਸ ਮੁਨੀ ਰਸਤੇ ਵਿੱਚੋ ਗੁਜਰ ਰਹੇ ਸਨ ਅਤੇ ਸ਼੍ਰੀ ਕ੍ਰਿਸ਼ਨ ਹਾਥੀ ਤੇ ਸਵਾਰ ਸਨ। ਸ਼੍ਰੀ ਕ੍ਰਿਸ਼ਨ ਨੇ ਹਾਥੀ ਤੋਂ ਉਤਰ ਕੇ ਤੱਪਸਵੀ ਮੁਨੀ ਨੂੰ ਨਮਸਕਾਰ ਕੀਤਾ ਦੋਹਾਂ ਦਾ ਇੱਕਠੇ ਮਿਲਣ ਹੋਇਆ। ਉਸ ਸਮੇਂ ਸ਼੍ਰੀ ਕ੍ਰਿਸ਼ਨ ਨੇ ਆਖਿਆ, "ਮੁਨੀ ਰਾਜ! ਤੁਸੀਂ ਤੱਪਸਿਆ ਰਾਹੀਂ ਸਾਡੇ ਕੁਲ ਦਾ ਨਾਂ ਰੋਸ਼ਨ

ਕੀਤਾ ਹੈ। ਤੁਹਾਡੇ ਜਿਹੇ ਮਹਾਤਮਾ ਅਪਣਾ ਅਤੇ ਸੰਸਾਰ ਦੇ ਹੋਰ ਲੋਕਾਂ ਦਾ ਕਲਿਆਣ ਕਰਦੇ ਹਨ"।

ਸ਼੍ਰੀ ਕ੍ਰਿਸ਼ਨ ਰਾਹੀਂ ਮੁਨੀ ਦੀ ਮਹਿਮਾਂ ਕਰਨ ਕਾਰਨ ਹੋਰ ਲੋਕਾਂ ਨੂੰ ਵੀ ਮੁਨੀ ਪ੍ਰਤੀ ਸ਼ਰਧਾ ਉਤਪਨ ਹੋਈ। ਸਾਰੇ ਸ਼ਹਿਰ ਦੇ ਲੋਕ ਭਗਤੀ ਵੱਸ ਉਹਨਾਂ ਨੂੰ ਘਰ ਲੈਜਾਕੇ ਭੋਜਨ ਦੀ ਪ੍ਰਾਥਨਾ ਕਰਨ ਲੱਗੇ। ਇੱਕ ਗਾਥਾਪਤੀ ਨੇ ਮੁਨੀ ਨੂੰ ਘਰ ਬੁਲਾ ਕੇ ਲੱਡੂ ਭੇਂਟ ਕੀਤੇ। ਦੋਸ਼ ਰਹਿਤ ਭੋਜਨ ਜਾਣ ਕੇ ਮੁਨੀ ਨੇ ਲੱਡੂ ਗ੍ਰਹਿਣ ਕਰ ਲਏ। ਉਹ ਭਗਵਾਨ ਅਰਿਸ਼ਟ ਨੇਮੀ ਕੋਲ ਆਏ ਅਤੇ ਪੁੱਛਣ ਲੱਗੇ ਪ੍ਰਭੂ ਅੱਜ ਮਿਲਿਆ ਭੋਜਨ ਕੀ ਮੈਨੂੰ ਲੱਬਧੀ ਰਾਹੀਂ ਪ੍ਰਾਪਤ ਹੋਇਆ ਹੈ? ਕੀ ਇਹ ਮੇਰੇ ਗ੍ਰਹਿਣ ਕਰਨ ਯੋਗ ਹੈ? ਭਗਵਾਨ ਅਰਿਸ਼ਟ ਨੇਮੀ ਨੇ ਉੱਤਰ ਦਿਤਾ, "ਇਹ ਭੋਜਨ ਤੈਨੂੰ ਲੱਬਧੀ ਰਾਹੀਂ ਨਹੀਂ ਪ੍ਰਾਪਤ ਹੋਇਆ"। ਢੰਢਨ ਮੁਨੀ ਨੇ ਸੋਚਿਆ, ਇਹ ਭੋਜਨ ਮੇਰੇ ਗ੍ਰਹਿਣ ਕਰਨਯੋਗ ਨਹੀਂ ਹੈ। ਉਹਨਾਂ ਘੁਮਾਰ ਦੀ ਭੱਠੀ ਵਿੱਚ ਲੱਡੂਆਂ ਨੂੰ ਤੋੜਨਾ ਸ਼ੁਰੂ ਕਰ ਦਿਤਾ। ਲੱਡੂ ਤੋੜਦੇ ਤੋੜਦੇ ਹੀ ਉਹਨਾਂ ਦੀ ਆਤਮਾ ਸਰਵਉੱਚ ਅਵਸਥਾ ਨੂੰ ਪ੍ਰਾਪਤ ਹੋ ਗਈ। ਲੱਡੂ ਟੁਟਨ ਨਾਲ ਹੀ, ਉਹਨਾਂ ਦੇ ਸਾਰੇ ਕਰਮ ਵੀ ਚੱਕਨਾਚੂਰ ਹੋ ਗਏ। ਉਹਨਾਂ ਨੂੰ ਕੇਵਲ ਗਿਆਨ ਦੀ ਪ੍ਰਾਪਤੀ ਹੋ ਗਈ। ਇਸ ਪ੍ਰਕਾਰ ਤੱਪ ਦੇ ਸਹਾਰੇ ਢੰਢਨ ਮੁਨੀ ਨੇ ਕੇਵਲ ਗਿਆਨ ਪ੍ਰਾਪਤ ਕੀਤਾ।

33

# ਅਰਜਨ ਮਾਲੀ ਮੁਨੀ

ਅਰਜਨ ਮਾਲੀ ਮੁਨੀ ਦੀ ਕਥਾ ਅੰਤਕ੍ਰਿਤ ਦਸ਼ਾਂਗ ਅੰਗ ਵਿੱਚ ਮਿਲਦੀ ਹੈ। ਇਹ ਘਟਨਾਂ ਭਗਵਾਨ ਮਹਾਵੀਰ ਦੇ ਸਮੇਂ ਦੀ ਹੈ। ਉਸ ਸਮੇਂ ਰਾਜਗ੍ਰਹਿ ਨਗਰੀ ਵਿੱਚ ਰਾਜਾ ਸ਼੍ਰੇਣਿਕ ਬਿੰਬਸਾਰ ਰਾਜ ਕਰਦਾ ਸੀ। ਅਰਜਨ ਮਾਲੀ ਇਕ ਅਮੀਰ ਮਾਲੀ ਸੀ, ਜਿਸ ਦਾ ਅਪਣਾ ਬਾਗ ਸੀ। ਉਸ ਦੇ ਅਧੀਨ ਅਨੇਕਾਂ ਕਰਮਚਾਰੀ ਕੰਮ ਕਰਦੇ ਸਨ। ਅਰਜਨ ਮਾਲੀ ਦੇ ਬਾਗ ਵਿੱਚ ਇੱਕ ਮੁਦਗਰ ਪਾਣੀ ਨਾਂ ਦੇ ਯਕਸ਼ ਦਾ ਮੰਦਰ ਸੀ। ਇਸ ਯਕਸ਼ ਦੀ ਮੂਰਤੀ ਲੱਕੜੀ ਦੀ ਬਣੀ ਹੋਈ ਸੀ। ਉਸ ਦੇ ਹੱਥ ਵਿੱਚ ਇੱਕ ਲੋਹੇ ਦਾ ਮੁਦਗਰ ਸੀ। ਬਚਪਨ ਤੋਂ ਹੀ ਅਰਜਨ ਮਾਲੀ ਅਤੇ ਉਸ ਦੀ ਪਤਨੀ ਬੰਧੂਮਤੀ ਇਸ ਯਕਸ਼ ਦੇ ਭਗਤ ਸਨ। ਅਰਜਨ ਮਾਲੀ ਹਰ ਰੋਜ ਸਵੇਰੇ ਉੱਠ ਕੇ ਪਹਿਲਾਂ ਇਸ਼ਨਾਨ ਕਰਦਾ, ਫੇਰ ਉਹ ਆਪਣੀ ਪਤਨੀ ਨਾਲ ਉਸ ਯਕਸ਼ ਦੇ ਮੰਦਰ ਵਿੱਚ ਜੋ ਕਿ ਉਸ ਦੇ ਬਾਗ ਵਿੱਚ ਸਥਿਤ ਸੀ ਪੂਜਾ ਲਈ ਜਾਂਦਾ ਸੀ। ਪਹਿਲਾਂ ਉਹ ਖੁਦ ਫੁੱਲਾਂ ਨਾਲ ਯਕਸ਼ ਦੀ ਪੂਜਾ ਕਰਦਾ।

ਉਸ ਤੋਂ ਬਾਅਦ ਉਸ ਦੇ ਕਰਮਚਾਰੀ ਬਾਗ ਵਿੱਚੋਂ ਫੁਲ ਤੋੜਦੇ, ਫੁਲਾਂ ਦੀਆਂ ਮਾਲਾ ਤਿਆਰ ਕਰਦੇ ਅਤੇ ਸ਼ਹਿਰ ਦੇ ਚੌਰਾਹਿਆਂ ਵਿੱਚ ਖੜੇ ਹੋਕੇ ਉਹਨਾਂ ਮਾਲਾਵਾਂ ਨੂੰ ਵੇਚਦੇ ਸਨ। ਇਸ ਕੰਮ ਵਿੱਚ ਅਰਜਨ ਮਾਲੀ ਖੁਦ ਵੀ ਅਪਣੀ ਪਤਨੀ ਨਾਲ ਹਿੱਸਾ ਲੈਂਦਾ ਸੀ। ਉਸ ਨੂੰ ਚੰਗੀ ਕਮਾਈ ਹੋ ਰਹੀ ਸੀ, ਉਸ ਦਾ ਜੀਵਨ ਖੁਸ਼ੀ ਨਾਲ ਬੀਤ ਰਿਹਾ ਸੀ।

ਉਸ ਨਗਰ ਵਿੱਚ ਇੱਕ ਛੇ ਬਦਮਾਸ਼ਾਂ ਦੀ ਟੋਲੀ ਰਹਿੰਦੀ ਸੀ। ਜਿਸ ਦਾ ਮੁੱਖੀ ਲਲਿਤ ਨਾਂ ਦਾ ਬਦਮਾਸ਼ ਸੀ। ਇਹ ਲੋਕ ਸ਼ਹਿਰ ਵਿੱਚ ਹਰ ਤਰ੍ਹਾਂ ਨਾਲ ਆਂਤਕ ਮਚਾ ਕੇ ਰੱਖਦੇ ਸਨ। ਇੱਕ ਵਾਰ ਇਹ ਅਰਜਨ ਮਾਲੀ ਦੇ ਬਾਗ ਵਿੱਚ ਆਏ ਤਾਂ ਉਹਨਾਂ ਦੀ ਨਜਰ ਅਰਜਨ ਮਾਲੀ ਦੀ ਸੁੰਦਰ ਪਤਨੀ ਬੰਧੂਮਤੀ ਤੇ ਪਈ। ਉਸ ਸਮੇਂ ਅਰਜਨ ਮਾਲੀ ਆਪਣੀ

ਪਤਨੀ ਨਾਲ ਮੰਦਰ ਵਿੱਚ ਪੂਜਾ ਕਰ ਰਿਹਾ ਸੀ। ਛੇ ਬਦਮਾਸ਼ ਮੂਰਤੀ ਦੇ ਪਿੱਛੇ ਲੁੱਕ ਗਏ ਅਤੇ ਜਦੋਂ ਅਰਜਨ ਮਾਲੀ ਸਿਰ ਝੁਕਾ ਕੇ ਨਮਸਕਾਰ ਕਰ ਰਿਹਾ ਸੀ ਤਾਂ ਉਹਨਾਂ ਨੇ ਅਰਜਨ ਮਾਲੀ ਨੂੰ ਰੱਸੀਆਂ ਨਾਲ ਬੰਨ ਦਿਤਾ। ਉਹਨਾਂ ਨੇ ਅਰਜਨ ਮਾਲੀ ਦੀ ਪਤਨੀ ਨਾਲ ਬਲਾਤਕਾਰ ਕੀਤਾ। ਇਹ ਘਟਨਾ ਵੇਖ ਕੇ ਅਰਜਨ ਮਾਲੀ ਨੂੰ ਗੁੱਸਾ ਆ ਗਿਆ। ਉਸ ਨੇ ਸੋਚਿਆ ਕਿ ਇਹ ਲੱਕੜ ਦੀ ਮੂਰਤ ਮੇਰੀ ਹੁਣ ਵੀ ਮਦਦ ਨਹੀਂ ਕਰ ਰਹੀ। ਮੈਂ ਬਚਪਨ ਤੋਂ ਇਸ ਦੀ ਪੂਜਾ ਕਰਦਾ ਆ ਰਿਹਾ ਹਾਂ, ਕੀ ਇਹ ਸ਼ਕਤੀ ਹੀਣ ਹੈ, ਜੋ ਮੇਰੇ ਸਾਹਮਣੇ ਮੈਨੂੰ ਅਜਿਹਾ ਭੈੜਾ ਦ੍ਰਿਸ਼ ਵੇਖਣ ਨੂੰ ਮਿਲ ਰਿਹਾ ਹੈ।

ਅਰਜਨ ਮਾਲੀ ਦੀ ਭਗਤੀ ਤੋਂ ਯਕਸ਼ ਖੁਸ਼ ਹੋ ਗਿਆ, ਉਸ ਨੇ ਉਸੇ ਸਮੇਂ ਅਰਜਨ ਮਾਲੀ ਦੇ ਸਰੀਰ ਵਿੱਚ ਪ੍ਰਵੇਸ਼ ਕੀਤਾ ਅਤੇ ਉਸ ਦੇ ਸਾਰੇ ਬੰਧਨ ਖੁਲ ਗਏ ਤੇ ਯਕਸ਼ ਨੇ ਆਪਣਾ ਲੋਹੇ ਦਾ ਮੁਦਗਰ ਅਰਜਨ ਮਾਲੀ ਦੇ ਹਵਾਲੇ ਕਰ ਦਿਤਾ। ਯਕਸ਼ ਦੇ ਵਸ ਪਏ ਅਰਜਨ ਮਾਲੀ ਨੇ ਉਸੇ ਸਮੇਂ ਉਹਨਾਂ ਛੇ ਬਦਮਾਸ਼ਾਂ ਅਤੇ ਆਪਣੀ ਪਤਨੀ ਦੀ ਹੱਤਿਆ ਕਰ ਦਿੱਤੀ।

ਹੁਣ ਉਹ ਹਰ ਰੋਜ ਛੇ ਆਦਮੀ ਅਤੇ ਇੱਕ ਇਸਤਰੀ ਦੀ ਹੱਤਿਆ ਕਰਨ ਲੱਗਾ। ਇਸ ਦਾ ਭੈ ਸਾਰੇ ਮਗਧ ਦੇਸ਼ ਵਿੱਚ ਫੈਲ ਗਿਆ। ਰਾਜੇ ਸ਼੍ਰੇਣਿਕ ਨੇ ਸ਼ਹਿਰ ਵਿੱਚ ਘੋਸ਼ਨਾ ਕਰਵਾਈ, "ਅਰਜਨ ਮਾਲੀ ਨਾਂ ਦਾ ਇੱਕ ਵਿਅਕਤੀ ਸ਼ਹਿਰ ਵਿੱਚ ਹਰ ਰੋਜ 7 ਹੱਤਿਆ ਕਰਦਾ ਫਿਰ ਰਿਹਾ ਹੈ, ਕੋਈ ਵੀ ਆਦਮੀ ਸ਼ਹਿਰ 'ਚੋ ਬਾਹਰ ਨਾ ਜਾਵੇ"। ਲੋਕਾਂ ਨੇ ਸੋਚਿਆ ਕਿ ਰਾਜੇ ਨੇ ਸਾਡੇ ਭਲੇ ਲਈ ਹੁਕਮ ਜਾਰੀ ਕੀਤਾ ਹੈ ਅਤੇ ਸਾਨੂੰ ਅਰਜਨ ਮਾਲੀ ਤੋਂ ਡਰਨਾ ਚਾਹੀਦਾ ਹੈ।

ਇੱਕ ਵਾਰ ਧਰਮ ਪ੍ਰਚਾਰ ਕਰਦੇ ਭਗਵਾਨ ਮਹਾਂਵੀਰ ਉਸ ਨਗਰੀ ਵਿੱਚ ਪਧਾਰੇ ਡਰ ਕਾਰਨ ਹਮੇਸ਼ਾਂ ਦਰਸ਼ਨ ਕਰਨ ਵਾਲਾ ਰਾਜਾ ਸ਼੍ਰੇਣਿਕ ਭਗਵਾਨ ਨੂੰ ਨਮਸਕਾਰ ਕਰਨ ਨਾ

ਆਇਆ। ਉਸ ਨੇ ਮਹਿਲ ਵਿੱਚ ਬੈਠਿਆਂ ਹੀ ਅਪਣੇ ਹਿਰਦੇ ਨਾਲ ਭਗਵਾਨ ਨੂੰ ਨਮਸਕਾਰ ਕੀਤਾ। ਉਸੇ ਨਗਰ ਵਿੱਚ ਸੁਦਰਸ਼ਨ ਨਾਂ ਦਾ ਉਪਾਸ਼ਕ ਰਹਿੰਦਾ ਸੀ ਜੋ ਕਿ 12 ਵਰਤ ਧਾਰੀ ਸੀ ਜਦ ਉਸ ਨੂੰ ਭਗਵਾਨ ਮਹਾਵੀਰ ਦੇ ਆਉਣ ਦੀ ਸੂਚਨਾ ਮਿਲੀ ਤਾਂ ਉਹ ਫੌਰਨ ਧਰਮ ਉਪਦੇਸ਼ ਸੁਣਨ ਲਈ ਤਿਆਰ ਹੋਇਆ। ਉਸ ਨੇ ਆਪਣੇ ਮਾਤਾ ਪਿਤਾ ਕੋਲੋ ਸ਼ਹਿਰ ਤੋਂ ਬਾਹਰ ਜਾਣ ਦੀ ਆਗਿਆ ਮੰਗੀ। ਮਾਤਾ ਪਿਤਾ ਨੇ ਕਿਹਾ ਤੈਨੂੰ ਪਤਾ ਨਹੀਂ ਕਿ ਸਾਡੇ ਸ਼ਹਿਰ ਵਿੱਚ ਅਰਜਨ ਮਾਲੀ ਨਾਂ ਦਾ ਦੁਸ਼ਟ ਹਰ ਰੋਜ਼ ਹੱਤਿਆਵਾਂ ਕਰ ਰਿਹਾ ਹੈ। ਅਜਿਹੀ ਹਾਲਤ ਵਿੱਚ ਅਸੀਂ ਤੈਨੂੰ ਭਗਵਾਨ ਮਹਾਵੀਰ ਦੇ ਦਰਸ਼ਨ ਕਰਨ ਲਈ ਨਹੀਂ ਭੇਜ ਸਕਦੇ।

ਸੁਦਰਸ਼ਨ ਪੱਕੇ ਇਰਾਦੇ ਦਾ ਮਾਲਿਕ ਸੀ ਉਸ ਅੱਗੇ ਉਸ ਦੇ ਮਾਤਾ ਪਿਤਾ ਨੂੰ ਝੁਕਨਾ ਪਿਆ ਅਤੇ ਆਗਿਆ ਦੇਣੀ ਪਈ। ਸੁਦਰਸ਼ਨ ਨਿਡਰ ਹੋ ਕੇ ਜੰਗਲ ਵੱਲ ਚੱਲ ਪਿਆ। ਜੰਗਲ ਦੇ ਅੱਧ ਵਿੱਚ ਉਸ ਦਾ ਟਾਕਰਾ ਅਰਜਨ ਮਾਲੀ ਨਾਲ ਹੋਇਆ। ਉਸ ਦੇ ਹੱਥ ਵਿੱਚ ਲੋਹੇ ਦਾ ਮੁਦਗਰ ਸੀ। ਅਰਜਨ ਮਾਲੀ ਸੁਦਰਸ਼ਨ ਦੇ ਪਿੱਛੇ ਭੱਜਿਆ। ਧਰਮ ਸੰਕਟ ਸਮਝ ਕੇ ਸੁਦਰਸ਼ਨ ਉਸੇ ਜਗ੍ਹਾ ਪਰ ਖੜਾ ਹੋ ਗਿਆ। ਉਸ ਨੇ ਭਗਵਾਨ ਮਹਾਵੀਰ ਨੂੰ ਭਾਵ ਬੰਦਨ ਕੀਤਾ ਤੇ ਸਮਾਧੀ ਮਰਨ ਵਰਤ ਗ੍ਰਹਿਣ ਕਰ ਲਿਆ। ਜਦ ਅਰਜਨ ਮਾਲੀ ਨੇ ਆਪਣਾ ਮੁਦਗਰ ਸੁਦਰਸ਼ਨ ਵੱਲ ਮਾਰਨ ਲਈ ਚੁਕਿਆ ਤਾਂ ਉਸੇ ਸਮੇਂ ਉਸ ਦੇ ਸਰੀਰ ਵਿੱਚ ਬੈਠਾ ਯਕਸ਼ ਭੱਜ ਗਿਆ। ਅਰਜਨ ਮਾਲੀ ਆਪਣੇ ਅਸਲ ਰੂਪ ਵਿੱਚ ਆ ਗਿਆ।

ਅਰਜਨ ਮਾਲੀ ਨੇ ਸੁਦਰਸ਼ਨ ਨੂੰ ਕਿਹਾ, "ਤੁਸੀਂ ਕੌਣ ਹੋ ਅਤੇ ਕਿੱਥੇ ਜਾ ਰਹੇ ਹੋ"। ਸੁਦਰਸ਼ਨ ਉਪਾਸ਼ਕ ਨੇ ਆਖਿਆ, "ਮੈਂ ਆਪਣੇ ਧਰਮ ਅਚਾਰਿਆ ਭਗਵਾਨ ਮਹਾਵੀਰ ਦਾ ਉਪਦੇਸ਼ ਸੁਣਨ ਲਈ ਜਾ ਰਿਹਾ ਹਾਂ"। ਅਰਜਨ ਮਾਲੀ ਨੇ ਆਖਿਆ ਕਿ ਤੁਸੀਂ ਮੈਨੂੰ ਵੀ ਆਪਣੇ ਨਾਲ ਲੈ ਜਾ ਸਕਦੇ ਹੋ? ਸੁਦਰਸ਼ਨ ਨੇ ਖੁਸ਼ੀ ਨਾਲ ਹਾਂ ਕੀਤੀ ਤੇ

ਭਗਵਾਨ ਮਹਾਵੀਰ ਦੀ ਧਰਮ ਸਭਾ ਵਿੱਚ ਪਹੁੰਚੇ। ਧਰਮ ਉਪਦੇਸ਼ ਸੁਣਨ ਤੋਂ ਬਾਅਦ ਅਰਜਨ ਮਾਲੀ ਦੇ ਮਨ ਵਿੱਚ ਵੈਰਾਗ ਉਤਪੰਨ ਹੋਇਆ ਅਤੇ ਉਹ ਸਾਧੂ ਬਣ ਗਿਆ।

ਸਾਧੂ ਬਣਨ ਦੇ ਨਾਲ ਹੀ ਉਸ ਨੇ ਆਪਣੀ ਆਤਮਾ ਨੂੰ ਸ਼ੁਧ ਕਰਨ ਲਈ ਤੱਪ ਕਰਨਾ ਸ਼ੁਰੂ ਕਰ ਦਿਤਾ। ਉਹ ਸਾਰੀ ਜਿੰਦਗੀ ਪ੍ਰਤਿਗਿਆ ਪੂਰਨ ਰੋਜਾ 2 - 2 ਵਰਤ ਦੀ ਤੱਪਸਿਆ ਕਰਦਾ। ਉਸ ਨੂੰ ਵੇਖ ਕੇ ਲੋਕ ਉਸ ਨੂੰ ਇੱਟਾਂ ਰੋੜੇ ਮਾਰਦੇ ਅਤੇ ਆਖਦੇ ਕਿ ਇਸ ਦੁਸ਼ਟ ਨੇ ਮੇਰੇ ਮਾਂ, ਪਿਓ, ਪੁੱਤਰ, ਪੁਤਰੀ ਆਦਿ ਨੂੰ ਬਿਨਾਂ ਕਾਰਨ ਮਾਰਿਆ ਹੈ। ਇਸ ਨੂੰ ਜਿੰਨਾ ਤੰਗ ਕੀਤਾ ਜਾਵੇ ਉਨ੍ਹਾਂ ਘੱਟ ਹੈ। ਇਸ ਪ੍ਰਕਾਰ ਅਰਜਨ ਮਾਲੀ ਮੁਨੀ ਨੂੰ ਲੋਕਾਂ ਦੀ ਤਾੜਨਾ, ਕਰੋਧ ਅਤੇ ਮਾਰਕੁਟਾਈ ਨੂੰ ਸਹਿਣ ਕਰਨਾ ਪਿਆ। ਪਰ ਉਸ ਨੇ ਕਦੇ ਵੀ ਮਨ ਵਿੱਚ ਕਸ਼ਟ ਦੇਣ ਵਾਲੇ ਪ੍ਰਤੀ ਬੁਰਾ ਵਿਚਾਰ ਨਾ ਲਿਆਉਂਦਾ। ਉਹਨਾ ਸਾਰੇ ਕਸ਼ਟ ਸਮਤਾ ਨਾਲ ਸਹਿਣ ਕੀਤੇ ਇਸ ਪ੍ਰਕਾਰ ਕਸ਼ਟ ਝੱਲਦੇ ਝੱਲਦੇ ਉਹਨਾਂ ਨੂੰ ਛੇ ਮਹੀਨੇ ਦੀ ਕਠੋਰ ਤੱਪਸਿਆ ਕਰਨ ਤੋਂ ਬਾਅਦ ਕੇਵਲ ਗਿਆਨ ਪ੍ਰਾਪਤ ਹੋ ਗਿਆ ਅਤੇ ਉਹ ਮੋਕਸ਼ ਦੇ ਅਧਿਕਾਰੀ ਬਣੇ।

ਇਹ ਉਪਸਮ ਭਾਵ ਨਾਲ ਕੀਤੀ ਤੱਪਸਿਆ ਦਾ ਹੀ ਫਲ ਹੈ ਕਿ ਅਰਜਨ ਮਾਲੀ ਮੁਨੀ ਜਿਹੀਆਂ ਨੇ ਅਪਣੇ ਸਰੀਰ ਨੂੰ ਤੱਪ ਦੀ ਭੱਠੀ ਵਿੱਚ ਤਪਾ ਕੇ ਕੁੰਦਨ ਬਣਾ ਲਿਆ ਅਤੇ ਤੱਪ ਰਾਹੀ ਜੀਵਨ ਦਾ ਉਦੇਸ਼ ਪ੍ਰਾਪਤ ਕਰ ਲਿਆ।

# ਮਹਾਨ ਤੱਪਸਵੀ ਧੰਨਾ ਮੁਨੀ

ਧੰਨਾ ਮੁਨੀ ਦਾ ਵਰਣਨ ਅਨੁਤਰੋਪਾਤਿਕ ਅੰਗ ਵਿੱਚ ਬੜੇ ਵਿਸਤਾਰ ਨਾਲ ਮਿਲਦਾ ਹੈ। ਆਪ ਕਾਕੰਦੀ ਨਗਰੀ ਦੇ ਰਹਿਣ ਵਾਲੇ ਸਨ। ਇਕ ਸਮੇਂ ਭਗਵਾਨ ਮਹਾਵੀਰ ਕਾਕੰਦੀ ਨਗਰੀ ਪਧਾਰੇ। ਧੰਨ ਕੁਮਾਰ ਭਗਵਾਨ ਮਹਾਵੀਰ ਦੇ ਦਰਸ਼ਨ ਅਤੇ ਉਪਦੇਸ਼ ਸੁਣ ਕੇ ਬਹੁਤ ਪ੍ਰਭਾਵਿਤ ਹੋਇਆ। ਉਸ ਨੇ ਅਪਣੀ ਵਿਸ਼ਾਲ ਸੰਪਤੀ ਦਾ ਤਿਆਗ ਕਰਕੇ ਸਾਧੂ ਬਣਨ ਦਾ ਨਿਰਨਾ ਕੀਤਾ। ਉਹ ਭਗਵਾਨ ਮਹਾਵੀਰ ਕੋਲ ਸਾਧੂ ਬਣ ਗਿਆ।

ਸਾਧੂ ਬਣਦੇ ਹੀ ਉਸ ਨੇ ਦੋ - ਦੋ ਵਰਤਾਂ ਦਾ ਤੱਪ ਸ਼ੁਰੂ ਕੀਤਾ। ਪਾਰਨੇ ਵਾਲੇ ਦਿਨ ਵੀ ਉਹ ਰੁੱਖੇ ਸੁਕੇ ਅਤੇ ਰਸ ਰਹਿਤ ਭੋਜਨ ਨੂੰ ਗ੍ਰਹਿਣ ਕਰਕੇ ਵਰਤ ਖ੍ਹੋਲਦੇ ਸਨ। ਉਸ ਧੰਨ ਮੁਨੀ ਨੇ ਕਿਸੇ ਪ੍ਰਕਾਰ ਦਾ ਸ਼ਕਤੀ ਵਰਧਕ ਘੀ ਆਦਿ ਦਾ ਇਸਤਮਾਲ ਬੰਦ ਕਰ ਦਿਤਾ। ਉਹ ਬਚਿਆ ਖੁਚਿਆ ਭੋਜਨ ਵੀ ਥੋੜੀ ਮਾਤਰਾ ਵਿੱਚ ਕਰਦੇ। ਜੋ ਵੀ ਉਹ ਆਪਣੀ ਗੁਪਤ ਪ੍ਰਤਿਗਿਆ ਅਨੁਸਾਰ ਗ੍ਰਹਿਣ ਕਰਦੇ ਸਨ। ਕਦੇ ਉਹਨਾਂ ਨੂੰ ਭੋਜਨ ਮਿਲਦਾ ਤਾਂ ਪਾਣੀ ਨਾ ਮਿਲਦਾ ਅਤੇ ਜੇ ਪਾਣੀ ਮਿਲਦਾ ਤਾਂ ਭੋਜਨ ਨਾ ਮਿਲਦਾ। ਸਿੱਟੇ ਵਜੋਂ ਉਹ ਸਰੀਰ ਨੂੰ ਚਲਾਉਣ ਲਈ ਹੀ ਭੋਜਨ ਕਰਦੇ ਸਨ, ਨਾ ਕੀ ਅਪਣੇ ਸਰੀਰ ਦੇ ਪਾਲਨ ਪੋਸ਼ਣ ਲਈ।

ਇਸ ਪ੍ਰਕਾਰ ਧੰਨ ਮੁਨੀ ਭੋਜਨ ਨੂੰ ਰਾਗ ਰਹਿਤ ਹੋ ਕੇ ਗਲੇ ਦੇ ਹੇਠਾਂ ਉਤਾਰਦੇ ਸਨ। ਲੰਬਾ ਸਮਾਂ ਤੱਪ ਕਰਨ ਕਾਰਨ ਧੰਨਾ ਮੁਨੀ ਦਾ ਸਰੀਰ ਕਮਜ਼ੋਰ ਹੋ ਗਿਆ ਅਤੇ ਉਹਨਾਂ ਦੇ ਅੰਗ ਸੁਕ ਕੇ ਕੰਡਾ ਬਣ ਗਏ। ਉਹਨਾਂ ਦੀਆਂ ਹੱਡੀਆਂ ਵਿਖਾਈ ਦੇਣ ਲੱਗ ਪਈਆਂ। ਜਿਸ ਪ੍ਰਕਾਰ ਕੋਲਿਆਂ ਨਾਲ ਭਰੀ ਗੱਡੀ ਦੇ ਚੱਲਣ ਦਾ ਸ਼ਬਦ ਸੁਣਾਈ ਦਿੰਦਾ ਹੈ। ਉਸੇ ਪ੍ਰਕਾਰ ਧੰਨਾ ਮੁਨੀ ਦੇ ਸਰੀਰ ਦੀਆਂ ਹੱਡੀਆਂ ਉੱਠਦੇ ਬੈਠਦੇ ਕੜ ਕੜ ਕਰਦੀਆਂ ਸਨ। ਸਰੀਰ ਬਹੁਤ ਸੁਕ ਗਿਆ ਅਤੇ ਉਹਨਾਂ ਨੂੰ ਬੋਲਣ ਵਿੱਚ ਤਕਲੀਫ ਹੋਣ ਲੱਗ ਪਈ।

ਸਭ ਕੁਝ ਹੋਣ ਦੇ ਬਾਵਜੂਦ ਉਹਨਾਂ ਦੇ ਚਿਹਰੇ ਤੇ ਤੱਪ ਤੇਜ ਦਾ ਸੂਰਜ ਸਾਫ ਵਿਖਾਈ ਦਿੰਦਾ ਸੀ।

ਇੱਕ ਵਾਰ ਧਰਮ ਪ੍ਰਚਾਰ ਕਰਦੇ ਭਗਵਾਨ ਮਹਾਵੀਰ ਰਾਜਗ੍ਰਹਿ ਨਗਰੀ ਪਧਾਰੇ। ਰਾਜਾ ਸ਼੍ਰੇਣਿਕ ਨੇ ਬੰਦਨਾ ਨਮਸਕਾਰ ਕਰਨ ਤੋਂ ਬਾਅਦ ਧਰਮ ਉਪਦੇਸ਼ ਸੁਣਿਆ। ਫੇਰ ਉਸ ਨੇ ਭਗਵਾਨ ਮਹਾਵੀਰ ਤੋਂ ਪ੍ਰਸ਼ਨ ਕੀਤਾ, "ਭਗਵਾਨ! ਆਪ ਦੇ 14000 ਸਾਧੂਆਂ ਵਿੱਚੋਂ ਕਿਹੜੇ ਸਾਧੂ ਵੱਧ ਤੱਪਸਵੀ ਹਨ ਅਤੇ ਤੱਪ ਰਾਹੀਂ ਕਰਮਾਂ ਦਾ ਖਾਤਮਾ (ਨਿਰਜਰਾ) ਕਰਨ ਵਾਲੇ ਹਨ" ਭਗਵਾਨ ਮਹਾਵੀਰ ਨੇ ਉੱਤਰ ਦਿੱਤਾ, "ਹੇ ਸ਼੍ਰੇਣਿਕ! ਨਿਸ਼ਚੈ ਹੀ ਮੇਰੇ 14000 ਸਾਧੂਆਂ ਵਿੱਚੋ ਮਹਾਂ ਤੱਪਸਵੀ ਅਤੇ ਕਰਮਾਂ ਦੀ ਨਿਰਜਰਾ ਕਰਨ ਵਾਲਾ ਇੱਕ ਮਾਤਰ ਸਾਧੂ ਧੰਨਾ ਮੁਨੀ (ਅਨਗਾਰ) ਹੈ, ਹੋਰ ਕੋਈ ਨਹੀਂ"।

ਭਗਵਾਨ ਮਹਾਵੀਰ ਦੇ ਪਵਿੱਤਰ ਮੁੱਖ ਤੋਂ ਧੰਨਾ ਮੁਨੀ ਦੀ ਪ੍ਰਸ਼ੰਸਾ ਸੁਣ ਕੇ, ਰਾਜਾ ਸ਼੍ਰੇਣਿਕ ਉਹਨਾਂ ਦੇ ਦਰਸ਼ਨ ਕਰ ਲਈ ਗਏ ਅਤੇ ਭਗਵਾਨ ਮਹਾਵੀਰ ਰਾਹੀਂ ਕੀਤੀ ਪ੍ਰਸ਼ੰਸਾ ਦੀ ਗੱਲ ਧੰਨਾ ਮੁਨੀ ਨਾਲ ਕੀਤੀ। ਪ੍ਰਸ਼ੰਸਾ ਸੁਣ ਕੇ ਵੀ ਧੰਨਾ ਮੁਨੀ ਸਮਭਾਵ ਵਿੱਚ ਰਹੇ, ਕਿਉਂਕਿ ਉਹਨਾਂ ਨੂੰ ਨਿੰਦਾ ਪ੍ਰਸ਼ੰਸਾ ਨਾਲ ਕੋਈ ਲਗਾਉ ਨਹੀਂ ਸੀ।

ਲੰਬਾ ਸਮਾਂ ਤੱਪ ਕਰਨ ਤੋਂ ਬਾਅਦ, ਇੱਕ ਰਾਤ ਧੰਨਾ ਮੁਨੀ ਦੇ ਮਨ ਵਿੱਚ ਵਿਚਾਰ ਆਇਆ, ਤੱਪ ਕਾਰਨ ਮੇਰਾ ਸਰੀਰ ਸੁਕ ਗਿਆ ਹੈ। ਮੈਂ ਇਸ ਸਰੀਰ ਤੋਂ ਕੋਈ ਵੀ ਧਰਮ ਕ੍ਰਿਆ ਕਰਨ ਤੋਂ ਅਸਮਰਥ ਹਾਂ। ਇਸ ਲਈ ਮੈਨੂੰ ਇਹੋ ਠੀਕ ਹੈ, ਕਿ ਮੈਂ ਰਾਜਗਿਰੀ ਨਗਰੀ ਦੇ ਵਿਪਲਾਚਲ ਪਰਬਤ 'ਤੇ ਜਾ ਕੇ ਸਮਾਧੀ ਮਰਨ ਗ੍ਰਹਿਣ ਕਰਾਂ। ਇਸ ਪ੍ਰਕਾਰ ਧੰਨਾ ਮੁਨੀ ਨੇ ਇੱਕ ਮਹੀਨੇ ਤੱਕ ਸਮਾਧੀ ਮਰਨ ਗ੍ਰਹਿਣ ਕੀਤਾ। ਨੌ ਮਹੀਨੇ ਸੰਜਮ ਪਾਲ ਕੇ ਉਹਨਾਂ ਸਭ ਤੋਂ ਓੁੱਚ ਸਵਰਗ ਦੇ ਸਰਵਾਰਥਸਿੱਧ ਦੇਵ ਵਿਮਾਨ ਵਿੱਚ ਜਨਮ ਲਿਆ।

14000 ਸਾਧੂ ਪਰਿਵਾਰ ਵਿੱਚੋਂ ਉਹ ਭਗਵਾਨ ਮਹਾਵੀਰ ਦੀ ਪ੍ਰਸ਼ੰਸਾ ਦੇ ਪਾਤਰ ਬਣੇ, ਇਹ ਸਭ ਤੱਪ ਦੀ ਮਹਿਮਾ ਹੈ।

35

# ਮਹਾਂਸਤੀ ਸੁੰਦਰੀ

ਮਹਾਂਸਤੀ ਸੁੰਦਰੀ ਦਾ ਵਰਣਨ ਸ਼ੀਲ ਕੁਲਕਮ ਵਿੱਚ ਵਿਸਥਾਰ ਨਾਲ ਕੀਤਾ ਜਾ ਚੁੱਕਾ ਹੈ। ਆਪ ਭਗਵਾਨ ਰਿਸ਼ਭਦੇਵ ਦੀ ਪੁੱਤਰੀ ਅਤੇ ਚੱਕਰਵਰਤੀ ਭਰਤ ਦੀ ਭੈਣ ਸਨ। ਤੱਪਸਿਆ ਕਾਰਨ ਆਪ ਦਾ ਸਰੀਰ ਸੁਕ ਗਿਆ ਸੀ ਆਪ ਨੇ ਆਪਣੇ ਭਰਾ ਚੱਕਰਵਰਤੀ ਭਰਤ ਤੋਂ ਸਾਧਵੀ ਬਣਨ ਦੀ ਆਗਿਆ ਗ੍ਰਹਿਣ ਕੀਤੀ ਅਤੇ ਭਗਵਾਨ ਰਿਸਭਦੇਵ ਤੋਂ ਸਾਧਵੀ ਜੀਵਨ ਗ੍ਰਹਿਣ ਕਰਕੇ ਆਪਣਾ ਜੀਵਨ ਲੰਬਾ ਸਮਾਂ ਤੱਪ ਵਿੱਚ ਗੁਜਾਰਿਆ। ਦੀਨਿਆਂ ਦੇ ਭੋਗਾਂ ਅਤੇ ਸਵਾਰਥਾਂ ਵੱਲੋਂ ਮੁੱਖ ਮੋੜ ਕੇ ਆਪ ਨੇ ਲੰਬਾ ਸਮਾਂ ਆਯੰਵਿੱਲ ਤੱਪ ਕੀਤਾ।

ਤੱਪ ਕਾਰਨ ਆਪ ਦਾ ਸਰੀਰ ਭਾਵੇਂ ਸੁਕ ਗਿਆ, ਪਰ ਆਪ ਦੀ ਆਤਮਾ ਨਿਰਮਲ ਹੋ ਗਈ ਅਤੇ ਆਪ ਨੂੰ ਕੇਵਲ ਗਿਆਨ ਪ੍ਰਾਪਤ ਹੋ ਗਿਆ। ਤੱਪ ਕਾਰਨ ਆਪ ਮੋਕਸ਼ ਦੀ ਅਧਿਕਾਰੀ ਬਣੀ।

36

## ਸ਼ਿਵ ਕੁਮਾਰ

ਵਿਦੇਹ ਖੇਤਰ ਵਿੱਚ ਵੀਤਸ਼ੋਕਾ ਨਾਂ ਦੀ ਨਗਰੀ ਵਿੱਚ ਮਹਾਰਾਜਾ ਪਦਮਰਥ ਦੀ ਰਾਣੀ ਬਨਮਾਲਾ ਰਹਿੰਦੀ ਸੀ। ਉਹਨਾਂ ਦਾ ਇਕਲੌਤਾ ਪੁੱਤਰ ਸ਼ਿਵ ਕੁਮਾਰ ਸੀ, ਜੋ ਕਿ ਬਹੁਤ ਹੀ ਸੁੰਦਰ, ਵਿਨੈਵਾਨ ਅਤੇ ਧਰਮਾਤਮਾ ਸੀ। ਕਿਸੇ ਸਮੇਂ ਇੱਕ ਸਾਰਥਵਾਹ ਨੇ ਘੋਰ ਤੱਪਸਵੀ ਸਾਗਰਦੱਤ ਮੁਨੀ ਨੂੰ ਬੜੀ ਸ਼ੁਭ ਭਾਵਨਾ ਨਾਲ ਭੋਜਨ ਦੇ ਕੇ ਦਾਨ ਦਾ ਲਾਭ ਪ੍ਰਾਪਤ ਕੀਤਾ। ਸਿੱਟੇ ਵਜੋਂ ਦੇਵਤਿਆਂ ਨੇ ਆਕਾਸ਼ ਵਿਚੋਂ ਫੁਲਾਂ ਦੀ ਵਰਖਾ ਕੀਤੀ। ਸ਼ਿਵ ਕੁਮਾਰ ਨੇ ਜਦ ਇਹ ਦਾਨ ਦੀ ਮਹਿਮਾ ਸੁਣੀ ਤਾਂ ਉਹ ਖੁਸ਼ੀ ਨਾਲ ਮੁਨੀ ਦੀ ਸੇਵਾ ਵਿੱਚ ਬੈਠ ਗਿਆ। ਯੋਗ ਸਮਝ ਕੇ ਮੁਨੀ ਨੇ ਉਸ ਨੂੰ ਧਰਮ ਉਪਦੇਸ਼ ਦਿਤਾ।

ਇੱਕ ਵਾਰ ਸ਼ਿਵ ਕੁਮਾਰ ਨੇ ਆਪਣੇ ਗੁਰੂ ਤੋਂ ਪੁੱਛਿਆ, "ਗੁਰੂ ਦੇਵ! ਤੁਹਾਡੇ ਦਰਸ਼ਨਾ ਨਾਲ ਮੈਨੂੰ ਬਹੁਤ ਆਨੰਦ ਮਿਲਦਾ ਹੈ, ਕਿ ਇਹ ਸਾਡੇ ਪਿਛਲੇ ਜਨਮ ਦਾ ਸੰਬਧ ਹੈ"? ਅੱਬਧੀ ਗਿਆਨ ਦੀ ਸ਼ਕਤੀ ਨਾਲ ਮੁਨੀ ਨੇ ਭਵਦੇਵ ਦੇ ਰੂਪ ਵਿੱਚ ਪਿਛਲੇ ਜਨਮ ਸਮੇਂ ਦੇ ਸੰਬਧਾਂ ਦਾ ਵਰਣਨ ਕੀਤਾ। ਆਪਣੇ ਪਿਛਲੇ ਜਨਮ ਦਾ ਵਰਣਨ ਸੁਣ ਕੇ ਸ਼ਿਵ ਕੁਮਾਰ ਖੁਸ਼ ਹੋਇਆ ਅਤੇ ਕਹਿਣ ਲੱਗਾ, "ਮਾਤਾ ਪਿਤਾ ਤੋਂ ਪੁੱਛ ਕੇ ਮੈਂ ਆਪ ਦੇ ਚਰਨਾਂ ਵਿੱਚ ਸਾਧੂ ਬਣਨਾ ਚਾਹੁੰਦਾ ਹਾਂ"।

ਉਹ ਘਰ ਪਹੁੰਚਿਆ ਅਤੇ ਮਾਤਾ ਪਿਤਾ ਤੋਂ ਸਾਧੂ ਬਣਨ ਦੀ ਆਗਿਆ ਮੰਗਣ ਲੱਗਾ। ਮਾਤਾ ਪਿਤਾ ਨੇ ਆਖਿਆ, "ਜੇ ਤੂੰ ਸਾਡਾ ਸੱਚਾ ਭਗਤ ਹੈਂ ਅਤੇ ਸਾਨੂੰ ਪੁੱਛ ਕੇ ਸਾਧੂ ਬਣਨਾ ਚਾਹੁੰਦਾ ਹੈ। ਅਸੀਂ ਤੈਨੂੰ ਜਿੰਦਗੀ ਵਿੱਚ ਕਦੇ ਵੀ ਸਾਧੂ ਬਣਨ ਦੀ ਆਗਿਆ ਨਹੀਂ ਦੇ ਸਕਦੇ। ਚੁੱਪ ਚਾਪ ਰਾਜ ਦਾ ਸੁਖ ਭੋਗ ਕਰੋ"। ਮਾਤਾ ਪਿਤਾ ਦੇ ਇਸ ਪ੍ਰਕਾਰ ਆਖਣ ਤੇ ਸ਼ਿਵ ਕੁਮਾਰ ਨੂੰ ਜਾਪਿਆ ਕਿ ਮੈਂ ਸੰਸਾਰ ਦੇ ਬੰਧਨਾ ਵਿੱਚ ਜੱਕੜਿਆ ਹੋਇਆ ਹਾਂ। ਮੇਰੇ

ਰਿਸ਼ਤੇਦਾਰਾਂ ਦਾ ਪਿਆਰ ਮੈਨੂੰ ਇਹ ਬੰਧਨ ਤੋੜਨ ਵਿੱਚ ਸਹਾਇਤਾ ਨਹੀਂ ਕਰ ਰਿਹਾ। ਇਸ ਲਈ ਮੈਨੂੰ ਕਰਮ ਰੂਪੀ ਦਲਦਲ ਨੂੰ ਹਟਾਉਣ ਲਈ ਰਾਗ ਦਾ ਤਿਆਗ ਕਰਨਾ ਚਾਹੀਦਾ ਹੈ। ਸਾਰੇ ਪਾਪਕਾਰੀ ਕੰਮਾਂ ਨੂੰ ਛੱਡ ਕੇ ਉਹ ਭਾਵ (ਅੰਦਰਲੀ) ਸੰਜਮ ਦੀ ਸਾਧਨਾ ਕਰਨ ਲੱਗਾ। ਉਸ ਨੇ ਮੋਨ ਵਰਤ ਧਾਰਨ ਕਰਕੇ ਕਾਮ ਭੋਗਾਂ ਨੂੰ ਛੱਡ ਦਿੱਤਾ ਅਤੇ ਭੋਜਨ ਦਾ ਤਿਆਗ ਵੀ ਕਰ ਦਿੱਤਾ। ਮਾਤਾ ਪਿਤਾ ਨੂੰ ਰਾਜਕੁਮਾਰ ਦੇ ਇਸ ਪ੍ਰਕਾਰ ਭੋਜਨ ਛੱਡਣ ਤੇ ਬਹੁਤ ਦੁੱਖ ਹੋਇਆ। ਉਹਨਾਂ ਪੁੱਤਰ ਨੂੰ ਸਮਝਾਉਣ ਲਈ ਸ਼ਹਿਰ ਦੇ ਇਭੈਪੁਤਰ ਨਾਂ ਦੇ ਜੈਨ ਉਪਾਸ਼ਕ ਨੂੰ ਬੁਲਾਇਆ ਅਤੇ ਉਸ ਨੂੰ ਸਾਰੀ ਗੱਲ ਦੱਸਦਿਆਂ ਆਖਿਆ ਕਿ ਆਪ ਰਾਜਕੁਮਾਰ ਨੂੰ ਸਮਝਾ ਕੇ ਭੋਜਨ ਕਰਨ ਲਈ ਮਨਾਉ। ਉਪਾਸ਼ਕ ਨੇ ਰਾਜੇ ਨੂੰ ਵਿਸ਼ਵਾਸ ਦਿਲਾਇਆ ਕਿ ਮੈਂ ਹਰ ਸੰਭਵ ਯਤਨ ਕਰਾਂਗਾ ਕਿ ਰਾਜਕੁਮਾਰ ਭੋਜਨ ਕਰ ਲਵੇ।

ਉਹ ਇਭੈਪੁਤਰ ਸ਼ਿਵ ਕੁਮਾਰ ਕੋਲ ਵਿਧੀ ਪੂਰਵਕ ਧਰਮ ਅਰਾਧਨਾ ਕਰਨ ਬੈਠ ਗਿਆ। ਸ਼ਿਵ ਕੁਮਾਰ ਨੇ ਵੀ ਸੋਚਿਆ ਕਿ ਇਹ ਉਪਾਸ਼ਕ ਬਿਨੈ ਪੱਖੋਂ ਸਾਧੂ ਦੀ ਤਰ੍ਹਾਂ ਹੈ। ਮੈਂ ਇਸ ਤੋਂ ਕੁੱਝ ਜਾਣਕਾਰੀ ਲਵਾਂ। ਸ਼ਿਵ ਕੁਮਾਰ ਨੇ ਆਖਿਆ, “ਇਭੈਪੁਤਰ! ਮੈਂ ਸਾਗਰਦੱਤ ਗੁਰੂ ਦੇ ਕੋਲ ਰਹਿੰਦੇ ਸਾਧੂਆਂ ਦੇ ਬਿਨੈ ਪਾਲਣ ਨੂੰ ਵੇਖਿਆ ਹੈ। ਤੁਸੀ ਅਜਿਹਾ ਕਰਕੇ ਕੁਝ ਗਲਤ ਤਾਂ ਨਹੀਂ ਕਰ ਰਹੇ”? ਇਸ ਦੇ ਉੱਤਰ ਵਿੱਚ ਉਪਾਸ਼ਕ ਨੇ ਆਖਿਆ, “ਰਾਜਕੁਮਾਰ ਜੈਨ ਧਰਮ ਵਿੱਚ ਤੀਰਥੰਕਰਾਂ ਨੇ ਦੋ ਪ੍ਰਕਾਰ ਦਾ ਧਰਮ ਦੱਸਿਆ ਹੈ। ਪਹਿਲਾ ਧਰਮ ਸਾਧੂ ਦਾ ਹੈ ਜੋ ਪੰਜ ਮਹਾਂਵਰਤ, ਪੰਜ ਸਮਿਤੀ ਅਤੇ ਪੰਜ ਗੁਪਤੀ ਦਾ ਪਾਲਣ ਕਰਦੇ ਹਨ। ਦੂਸਰਾ ਧਰਮ ਉਪਾਸ਼ਕ ਦਾ ਹੈ, ਜੋ ਘਰ ਵਿੱਚ ਰਹਿੰਦੇ ਹੋਏ 12 ਵਰਤਾਂ ਦੀ ਉਪਾਸ਼ਨਾ ਕਰਦੇ ਹਨ। ਸਾਧੂ ਮਹਾਂਵਰਤੀ ਹਨ ਅਤੇ ਉਪਾਸ਼ਕ ਅਨੁਵਰਤੀ, ਤੁਸੀਂ ਵੀ ਸਭਾਵ ਕਾਰਨ ਨਮਸਕਾਰ ਕਰਨ ਯੋਗ ਹੋ।

ਤੁਸੀਂ ਵਰਤ ਗ੍ਰਹਿਣ ਕੀਤਾ ਇਹ ਤਾਂ ਚੰਗਾ ਹੈ ਪਰ ਮੈਂ ਜਾਣਨਾ ਚਾਹੁੰਦਾ ਹਾਂ ਕਿ ਤੁਸੀਂ ਭੋਜਨ ਕਿਉਂ ਛੱਡ ਰੱਖਿਆ ਹੈ? ਰਾਜਕੁਮਾਰ! ਸਰੀਰ ਪੁਦਗਲਾਂ ਦਾ ਪਿੰਡ ਹੈ, ਇਸ ਨੂੰ ਚਲਾਉਣ ਲਈ ਭੋਜਨ ਦੀ ਸ਼ਖਤ ਜ਼ਰੂਰਤ ਹੈ। ਭੋਜਨ ਤੋਂ ਬਿਨਾਂ ਨਾ ਤਾਂ ਸਰੀਰ ਚੱਲ ਸਕਦਾ ਹੈ ਅਤੇ ਨਾ ਹੀ ਸੰਜਮ ਦੀ ਸਾਧਨਾ ਹੋ ਸਕਦੀ ਹੈ"। ਰਾਜਕੁਮਾਰ ਨੇ ਉੱਤਰ ਦਿੱਤਾ, ਘਰ ਵਿੱਚ ਰਹਿੰਦਿਆਂ ਦੋਸ਼ ਰਹਿਤ ਭੋਜਨ ਪ੍ਰਾਪਤ ਨਹੀਂ ਹੋ ਸਕਦਾ। ਇਸ ਲਈ ਮੈਂ ਭੋਜਨ ਤਿਆਗਨ ਦਾ ਫੈਸਲਾ ਕੀਤਾ ਹੈ।

ਉਪਾਸ਼ਕ ਨੇ ਆਖਿਆ, "ਜੇ ਅਜਿਹੀ ਗੱਲ ਹੈ ਤਾਂ ਮੈਂ ਇੱਕ ਚੇਲੇ ਦੇ ਰੂਪ ਵਿੱਚ ਆਪ ਦੀ ਸੇਵਾ ਕਰਾਂਗਾ ਅਤੇ ਆਪ ਨੂੰ ਨਿਰਦੋਸ਼ ਭੋਜਨ ਲਿਆ ਕੇ ਦੇਵਾਂਗਾ"। ਉਪਾਸ਼ਕ ਦੇ ਨਿਮਰਤਾ ਭਰੇ ਬਚਨ ਨੂੰ ਸੁਣ ਕੇ ਸ਼ਿਵ ਕੁਮਾਰ ਨੇ ਦੋ ਦੋ ਵਰਤਾਂ ਦਾ ਤੱਪ ਸ਼ੁਰੂ ਕਰ ਦਿਤਾ ਪਾਰਨੇ ਵਾਲੇ ਦਿਨ ਉਹ ਆਯੰਵਿਲ ਤੱਪਸਿਆ ਕਰਦੇ ਸਨ। 12 ਸਾਲ ਆਯੰਵਿਲ ਤੱਪਸਿਆ ਕਰਦੇ ਹੋਏ ਉਹਨਾਂ ਜਿੰਦਗੀ ਗੁਜਾਰੀ। ਉਪਾਸ਼ਕ ਨੇ ਦੋਸ਼ ਰਹਿਤ ਭੋਜਨ ਦੇ ਕੇ ਉਹਨਾਂ ਦੀ ਸੇਵਾ ਕੀਤੀ। ਘਰ ਵਿੱਚ ਰਹਿੰਦਿਆਂ ਲੰਬੀ ਤੱਪਸਿਆ ਦਾ ਜੀਵਨ ਗੁਜਾਰਨਾ ਕੋਈ ਸਧਾਰਨ ਗੱਲ ਨਹੀਂ, ਸ਼ਿਵ ਕੁਮਾਰ ਨੇ ਆਪਣੀ ਉਜਵਲ ਸਾਧਨਾ ਰਾਹੀਂ ਵਿਧੂਨਮਾਲੀ ਦੇਵਤੇ ਦੇ ਰੂਪ ਵਿੱਚ ਦਿਵ ਰਿਧੀ ਪ੍ਰਾਪਤ ਕੀਤੀ। ਦੇਵਤੇ ਦੀ ਉਮਰ ਪੂਰੀ ਕਰਕੇ ਉਹ ਰਾਜਗ੍ਰਹਿ ਨਗਰੀ ਵਿੱਚ ਅੰਤਿਮ ਕੇਵਲੀ ਜੰਬੂ ਕੁਮਾਰ ਦੇ ਰੂਪ ਵਿਚ ਪੈਦਾ ਹੋਏ ਅਤੇ ਜਪ ਤੱਪ ਸਾਧਨਾ ਰਾਹੀਂ ਮੋਕਸ਼ ਦੇ ਅਧਿਕਾਰੀ ਬਣੇ।

ਤੱਪ ਦੇ ਪ੍ਰਭਾਵ ਨਾਲ ਦੇਹ ਦੇ ਸਵਰੂਪ ਵਿੱਚ ਮਹਾਨ ਪਰਿਵਰਤਨ ਹੁੰਦਾ ਹੈ। ਸ਼ਿਵ ਕੁਮਾਰ ਨੇ ਆਯੰਵਿਲ ਤੱਪ ਨਾਲ ਅਜਿਹੀ ਸਾਧਨਾ ਕੀਤੀ ਕਿ ਉਸ ਨੂੰ ਜੰਬੂ ਕੁਮਾਰ ਦੇ ਰੂਪ ਵਿੱਚ ਕੋਮਲ ਅਤੇ ਆਕਰਸ਼ਕ ਦੇਹ ਮਿਲੀ। ਜੰਬੂ ਕੁਮਾਰ ਦੇ ਰੂਪ ਨੂੰ ਵੇਖ ਕੇ, ਰਾਜਾ ਕੋਣਿਕ ਅਜਾਤ ਸ਼ਤਰੂ ਵੀ ਹੈਰਾਨ ਹੋ ਗਿਆ ਸੀ ਕਿ ਧਰਤੀ ਤੇ ਕੋਈ ਅਜਿਹਾ ਸੁੰਦਰ ਪੁਰਸ਼ ਵੀ

ਪੈਦਾ ਹੋ ਸਕਦਾ ਹੈ। ਇਹ ਸਭ ਤੱਪਸਿਆ ਦਾ ਫਲ ਸੀ ਕਿ ਉਹਨਾਂ ਨੂੰ ਜੰਬੂ ਕੁਮਾਰ ਦੇ ਰੂਪ ਵਿੱਚ ਵਿਸ਼ਾਲ ਰਿਧੀ ਪ੍ਰਾਪਤ ਹੋਈ।

37

# ਬਲ ਭੱਦਰ ਮੁਨੀ

ਹਜਾਰਾਂ ਸਾਲ ਪਹਿਲਾਂ ਦੀ ਗੱਲ ਹੈ ਕਿ ਦੁਆਰਕਾ ਨਗਰੀ ਵਿੱਚ ਸ਼੍ਰੀ ਕ੍ਰਿਸ਼ਨ ਮਹਾਰਾਜ ਦਾ ਰਾਜ ਸੀ। ਦਿਪਾਇਨ ਰਿਸਿ ਦੇ ਗੁੱਸੇ ਕਾਰਨ ਦੁਆਰਕਾ ਨਗਰੀ ਦਾ ਵਿਨਾਸ ਹੋ ਗਿਆ। ਵਾਸੂਦੇਵ ਸ਼੍ਰੀ ਕ੍ਰਿਸ਼ਨ ਅਪਣੇ ਮਾਤਾ ਪਿਤਾ ਨੂੰ ਲੈ ਕੇ ਨਗਰ ਤੋਂ ਬਾਹਰ ਨਿਕਲ ਰਹੇ ਸਨ। ਦਰਵਾਜੇ ਦੀ ਛੱਤ ਟੁੱਟਣ ਕਾਰਨ ਉਹਨਾਂ ਦੇ ਮਾਤਾ ਪਿਤਾ ਦੀ ਮੌਤ ਹੋ ਗਈ। ਦੁੱਖੀ ਸ਼੍ਰੀ ਕ੍ਰਿਸ਼ਨ ਬਲ ਭੱਦਰ ਦੇ ਨਾਲ ਉੱਥੋਂ ਚੱਲ ਕੇ ਅੱਗੇ ਵੱਧੇ ਧੁੱਪ ਬਹੁਤ ਤੇਜ਼ ਸੀ। ਪਿਆਸ ਨੇ ਸ਼੍ਰੀ ਕ੍ਰਿਸ਼ਨ ਨੂੰ ਵਿਆਕੁਲ ਕਰ ਦਿਤਾ। ਸ਼੍ਰੀ ਕ੍ਰਿਸ਼ਨ ਇਕ ਬੋਹੜ ਦੇ ਦਰਖਤ ਹੇਠਾਂ ਆਰਾਮ ਕਰਨ ਲਈ ਬੈਠ ਗਏ। ਬਲ ਭੱਦਰ ਪਾਣੀ ਲੈਣ ਚਲਾ ਗਿਆ। ਇਸੇ ਸਮੇਂ ਜਰਾਕੁਮਾਰ ਨਾਂ ਦਾ ਰਾਜਕੁਮਾਰ ਉੱਥੇ ਸ਼ਿਕਾਰ ਕਰਨ ਲਈ ਨਿਕਲਿਆ ਹੋਇਆ ਸੀ। ਮਿਰਗ ਦੇ ਭਰਮ ਕਾਰਨ ਉਸ ਨੇ ਤੀਰ ਚਲਾਇਆ, ਜੋ ਸ਼੍ਰੀ ਕ੍ਰਿਸ਼ਨ ਦੇ ਜਾ ਲੱਗਾ ਅਤੇ ਸਿੱਟੇ ਵਜੋਂ ਉਹ ਸੰਸਾਰ ਵਿੱਚੋ ਚੱਲ ਵਸੇ।

ਕੁੱਝ ਸਮੇਂ ਬਾਅਦ ਬਲ ਭੱਦਰ ਪਾਣੀ ਲੈ ਕੇ ਆਇਆ ਉਹ ਇਹ ਵੇਖ ਕੇ ਹੈਰਾਨ ਰਹਿ ਗਿਆ ਅਤੇ ਉਸ ਨੇ ਸੋਚਿਆ ਕਿ ਸ਼੍ਰੀ ਕ੍ਰਿਸ਼ਨ ਪਿਆਸ ਕਾਰਨ ਬੇਹੋਸ਼ ਹੋ ਗਏ ਹਨ। ਕੁੱਝ ਸਮੇਂ ਬਾਅਦ ਉਹ ਠੀਕ ਹੋ ਜਾਣਗੇ। ਇਸ ਲਈ ਉਹਨਾਂ ਨੇ ਸ਼੍ਰੀ ਕ੍ਰਿਸ਼ਨ ਨੂੰ ਅਪਣੇ ਮੋਢੇ ਉੱਪਰ ਚੁੱਕ ਲਿਆ ਅਤੇ ਅੱਗੇ ਵੱਧਨ ਲੱਗੇ। ਦੇਵਤਿਆਂ ਨੇ ਜਦ ਬਲ ਭੱਦਰ ਦੀ ਇਸ ਪ੍ਰਕਾਰ ਦੀ ਹਾਲਤ ਵੇਖੀ ਤਾਂ ਉਹਨਾਂ ਨੂੰ ਉਸ ਪਰ ਤਰਸ ਆਇਆ। ਉਹ ਬਲ ਭੱਦਰ ਨੂੰ ਸਮਝਾਉਣ ਲਈ ਉਹਨਾਂ ਇੱਕ ਤੇਲੀ ਨੂੰ ਉਤਪੰਨ ਕੀਤਾ। ਜੋ ਕਿ ਕੋਹਲੂ ਵਿੱਚ ਮਿਟੀ ਪਾ ਕੇ ਤੇਲ ਪੀੜ ਰਿਹਾ ਸੀ। ਬਲ ਭੱਦਰ ਰੁਕਿਆ ਅਤੇ ਆਖਣ ਲੱਗਾ, "ਮੂਰੱਖ ਕਦੇ ਰੇਤ ਵਿਚੋਂ ਵੀ ਤੇਲ ਨਿਕਲਦਾ ਹੈ"। ਦੇਵਤੇ ਨੇ ਕਿਹਾ, "ਰੇਤ ਵਿਚੋਂ ਜੇ ਤੇਲ ਨਹੀ ਨਿਕਲਦਾ ਤਾਂ ਆਪ

ਦੱਸੋ ਕਿ ਕਦੇ ਮਰਿਆ ਸਰੀਰ ਵੀ ਜਿਉਂਦਾ ਹੋ ਸਕਦਾ ਹੈ”? ਦੇਵਤੇ ਦੀ ਗੱਲ ਸੁਣ ਕੇ ਬਲ ਭੱਦਰ ਨੇ ਸਮਝ ਲਿਆ ਕਿ ਉਸ ਦਾ ਭਰਾ ਹੁਣ ਸੰਸਾਰ ਵਿੱਚ ਨਹੀਂ ਰਿਹਾ। ਮੈਂ ਮੋਹ ਅਤੇ ਪ੍ਰੇਮ ਵੱਸ ਹੁਣ ਤੱਕ ਭਰਮ ਵਿੱਚ ਸੀ।

ਅਜਿਹਾ ਸੋਚ ਕੇ ਉਹਨਾਂ ਸ਼੍ਰੀ ਕ੍ਰਿਸ਼ਨ ਦਾ ਦਾਹ ਸੰਸਕਾਰ ਕੀਤਾ। ਬਲ ਭੱਦਰ ਨੂੰ ਵੈਰਾਗ ਉਤਪੰਨ ਹੋ ਗਿਆ। ਉਹਨਾਂ ਸਾਧੂ ਜੀਵਨ ਗ੍ਰਹਿਣ ਕਰਕੇ ਕਠੋਰ ਤੱਪਸਿਆ ਸ਼ੁਰੂ ਕਰ ਦਿਤੀ। ਇਕ ਸਮੇਂ ਉਹ ਇਕ ਮਹੀਨੇ ਦੀ ਤੱਪਸਿਆ ਦੇ ਪਾਰਨੇ ਲਈ ਤੁਲਾ ਨਗਰੀ ਵਿੱਚ ਭੋਜਨ ਲਈ ਪਧਾਰੇ। ਮੁਨੀ ਦੇ ਸਰੀਰ ਦੀ ਸੁੰਦਰਤਾ ਪਹਿਲਾਂ ਹੀ ਦਿਲ ਖਿਚਵੀਂ ਸੀ। ਤੱਪ ਕਾਰਨ ਉਸ ਵਿੱਚ ਹੋਰ ਚਮਕ ਆ ਗਈ ਸੀ। ਸ਼ਹਿਰ ਤੋਂ ਬਾਹਰ ਇਸਤਰੀਆਂ ਖੂਹ ‘ਤੇ ਪਾਣੀ ਭਰ ਰਹੀਆਂ ਸਨ। ਉਹਨਾਂ ਦੀ ਨਜ਼ਰ ਬਲ ਭੱਦਰ ਮੁਨੀ ‘ਤੇ ਪਈ ਅਤੇ ਉਹ ਉਸ ਦੇ ਰੂਪ ਵਿੱਚ ਮਸਤ ਹੋ ਗਈਆਂ। ਉਹਨਾਂ ਵਿਚੋਂ ਇਕ ਇਸਤਰੀ ਨੇ ਘੜੇ ਦੇ ਬਦਲੇ ਆਪਣੇ ਬੱਚੇ ਦੇ ਗਲ ਵਿੱਚ ਰੱਸਾ ਪਾ ਦਿੱਤਾ। ਹੋਰ ਇਸਤਰੀਆਂ ਵੀ ਉਸ ਦੀ ਸੁੰਦਰਤਾ ਨੂੰ ਵੇਖ ਕੇ ਬੇਹੋਸ਼ ਹੋ ਗਈਆਂ। ਜਦ ਬਲ ਭੱਦਰ ਮੁਨੀ ਨੇ ਇਹ ਦ੍ਰਿਸ਼ ਵੇਖਿਆ, ਤਾਂ ਉਹ ਬਹੁਤ ਦੁਖੀ ਹੋਏ। ਉਹਨਾਂ ਪ੍ਰਤਿਗਿਆ ਲਈ ਕਿ ਮੈਂ ਸ਼ਹਿਰ ਵਿੱਚ ਭੋਜਨ ਮੰਗਣ ਲਈ ਨਹੀਂ ਜਾਵਾਗਾ। ਮੁਨੀ ਉੱਥੋ ਹੀ ਵਾਪਸ ਹੋ ਗਏ ਅਤੇ ਸ਼ਹਿਰ ਤੋਂ ਬਾਹਰ ਬਾਗ ਵਿੱਚ ਧਿਆਨ ਲਗਾ ਕੇ ਖੜ੍ਹ ਗਏ। ਉਹਨਾਂ ਪਾਰਨੇ ਦੀ ਭਾਵਨਾ ਨੂੰ ਭੁਲਾ ਦਿਤਾ ਇਸ ਪ੍ਰਕਾਰ ਕਈ ਦਿਨ ਬੀਤ ਗਏ। ਜੰਗਲ ਦੇ ਪਸ਼ੂ ਪੰਛੀ ਵੀ ਮੁਨੀ ਦੀ ਸਾਧਨਾ ਤੋਂ ਪ੍ਰਭਾਵਿਤ ਹੋ ਚੁੱਕੇ ਸਨ। ਉਹਨਾਂ ਨੇ ਵੀ ਆਪਣਾ ਜਨਮ ਜਾਤ ਵੈਰ ਭੁਲਾ ਦਿਤਾ ਅਤੇ ਆਪਸ ਵਿੱਚ ਪ੍ਰੇਮ ਨਾਲ ਰਹਿਣ ਲੱਗ ਪਏ ਸਨ। ਇਕ ਮਿਰਗ ਤਾਂ ਉਹਨਾਂ ਦਾ ਪਰਮ ਭਗਤ ਬਣ ਗਿਆ ਉਹ ਮੁਨੀ ਦੇ ਪਾਰਨੇ ਦੀ ਤਾਕ ਵਿੱਚ ਬੈਠਾ ਰਹਿੰਦਾ।

ਇੱਕ ਦਿਨ ਇਕ ਕਾਰੀਗਰ ਜੰਗਲ ਵਿੱਚ ਦਰਖਤ ਕੱਟਣ ਲਈ ਆਇਆ। ਦੁਪਿਹਰ ਸਮੇਂ ਖਾਣ ਲਈ ਉਸ ਦੀ ਪਤਨੀ ਨੇ ਉਸ ਨੂੰ ਭੋਜਨ ਬਣਾਕੇ ਦਿਤਾ ਸੀ, ਮੌਕਾ ਪਾ ਕੇ ਮਿਰਗ ਨੇ ਮੁਨੀ ਬਲ ਭੱਦਰ ਨੂੰ ਇਸ਼ਾਰਾ ਕੀਤਾ, ਮੁਨੀ ਉਸ ਦੇ ਪਿੱਛੇ ਪਿੱਛੇ ਚੱਲ ਪਏ ਜਿੱਥੇ ਉਹ ਕਾਰੀਗਰ ਬੈਠਾ ਸੀ। ਕਾਰੀਗਰ ਜੰਗਲ ਵਿੱਚ ਮੁਨੀ ਨੂੰ ਵੇਖ ਕੇ ਬਹੁਤ ਖੁਸ਼ ਹੋਇਆ ਅਤੇ ਅਪਣੇ ਆਪ ਨੂੰ ਭਾਗਸ਼ਾਲੀ ਸਮਝਣ ਲੱਗਾ। ਉਸ ਨੇ ਆਪਣੇ ਭੋਜਨ ਵਿੱਚੋ ਚਾਰ ਰੋਟੀਆਂ ਮੁਨੀ ਨੂੰ ਦੇ ਦਿਤੀਆਂ। ਕਾਰੀਗਰ ਰਾਹੀਂ ਦਿਤੇ ਦਾਨ ਨੂੰ ਵੇਖ ਕੇ ਮਿਰਗ ਮਨ ਵਿੱਚ ਸੋਚ ਰਿਹਾ ਸੀ ਕਿ ਜੇ ਮੈਂ ਵੀ ਮਨੁੱਖ ਹੁੰਦਾ ਤਾਂ ਇਸ ਤਰ੍ਹਾਂ ਕਰਦਾ। ਤਿੰਨਾਂ ਦੀ ਉੱਮਰ ਨੇੜੇ ਆ ਪਹੁੰਚੀ ਸੀ ਸੰਜੋਗ ਨਾਲ ਹਵਾ ਦੇ ਤੇਜ ਝੋਂਕੇ ਨਾਲ ਦਰਖਤ ਦੀ ਅੱਧੀ ਕੱਟੀ ਸਾਖ, ਉਹਨਾਂ ਦੇ ਸਿਰ ਤੇ ਗਿਰ ਪਈ ਅਤੇ ਉਮਰ ਪੂਰੀ ਕਰਕੇ ਤਿੰਨੇ ਪੰਜਵੇ ਦੇਵ ਲੋਕ ਵਿੱਚ ਪੈਦਾ ਹੋਏ।

ਬਲ ਭੱਦਰ ਮੁਨੀ ਦੇ ਨਾਲ ਕਾਰੀਗਰ ਅਤੇ ਮਿਰਗ ਨੇ ਵੀ ਸਵਰਗ ਦਾ ਲਾਭ ਪ੍ਰਾਪਤ ਕੀਤਾ। ਸ਼੍ਰੀ ਬਲ ਭੱਦਰ ਮੁਨੀ ਰੂਪਵਾਨ ਹੋ ਕੇ ਵੀ ਵਿਰਕਤ ਹੋਏ ਅਤੇ ਉਹ ਅੱਧਾ ਮਹਿਨਾਂ ਅਤੇ ਮਹਿਨੇ ਦੀ ਤੱਪਸਿਆ ਕਰਦੇ ਰਹੇ। ਪਿੰਡ ਛੱਡ ਕੇ ਜੰਗਲ ਵਿੱਚ ਰਹੇ ਅਤੇ ਹਜ਼ਾਰਾਂ ਹਿੰਸਕ ਪਸ਼ੂਆਂ ਨੂੰ ਉਪਦੇਸ਼ ਦੇ ਕੇ, ਉਹਨਾਂ ਦਾ ਜਨਮ ਜਾਤ ਵੈਰ ਸਮਾਪਤ ਕਰ ਦਿਤਾ। ਇਹ ਤੱਪਸਿਆ ਦਾ ਹੀ ਫਲ ਸੀ ਕਿ ਬਲ ਭੱਦਰ ਮੁਨੀ ਨੇ ਘੋਰ ਸਾਧਨਾ ਕਰਕੇ ਅਪਣੀ ਆਤਮਾ ਦਾ ਕਲਿਆਣ ਕੀਤਾ।

38

# ਮੁਨੀ ਵਿਸ਼ਨੂ ਕੁਮਾਰ

ਕੁਰੂ ਦੇਸ਼ ਦੇ ਹਸਤਿਨਾਪੁਰ ਨਗਰ ਵਿੱਚ ਪਦਮੋਤਰ ਨਾਂ ਦਾ ਰਾਜਾ ਅਪਣੀ ਰਾਣੀ ਜਵਾਲਾ ਨਾਲ ਰਹਿੰਦਾ ਸੀ। ਸੁਭ ਕਰਮ ਨਾਲ ਉਹਨਾਂ ਦੇ ਘਰ ਇੱਕ ਦੇਵਤੇ ਵਰਗਾ ਪੁੱਤਰ ਪੈਦਾ ਹੋਇਆ। ਉਹਨਾਂ ਨੇ ਉਸ ਦਾ ਨਾਂ ਵਿਸ਼ਨੂ ਕੁਮਾਰ ਰੱਖਿਆ। ਹੌਲੀ ਹੌਲੀ ਬਾਲਕ ਵਿਸ਼ਨੂ ਜਵਾਨ ਹੋਣ ਲੱਗਾ। ਕੁੱਝ ਦਿਨਾਂ ਬਾਅਦ ਮਹਾਰਾਣੀ ਜਵਾਲਾ ਨੇ ਫੇਰ ਇੱਕ ਪੁੱਤਰ ਨੂੰ ਜਨਮ ਦਿਤਾ ਜਿਸ ਦਾ ਨਾਂ ਮਹਾਂਪਦਮ ਰੱਖਿਆ ਗਿਆ। ਉਹ ਜਨਮ ਤੋਂ ਹੀ ਮਹਾਂਪਦਮ ਚੱਕਰਵਰਤੀ ਦੇ ਲੱਛਣ ਲੈ ਕੇ ਆਇਆ ਸੀ। ਇਸ ਕਰਕੇ ਪਿਤਾ ਨੇ ਉਸ ਨੂੰ ਯੁਵਰਾਜ ਬਣਾਇਆ।

ਉਹਨਾਂ ਦਿਨਾਂ ਵਿੱਚ ਉਜੈਨੀ ਨਗਰੀ ਵਿੱਚ ਸ਼੍ਰੀ ਧਰਮ ਨਾਂ ਦਾ ਰਾਜਾ ਰਾਜ ਕਰਦਾ ਸੀ। ਉਸ ਦਾ ਮੰਤਰੀ ਜਿਸ ਦਾ ਨਾਂ ਨਮੂਚੀ ਸੀ। ਇੱਕ ਵਾਰ ਤੀਰਥੰਕਰ ਮੁਨੀ ਸੁਵਰਤ ਸਵਾਮੀ ਦੇ ਚੇਲੇ ਸੁਵੱਰਤਾਚਾਰਿਆ ਅਪਣੇ ਚੇਲਿਆਂ ਨਾਲ ਉਸ ਨਗਰੀ ਵਿੱਚ ਪਧਾਰੇ। ਨਗਰ ਦੇ ਲੋਕ ਵੱਡੀ ਗਿਣਤੀ ਵਿੱਚ ਉਹਨਾਂ ਦੇ ਧਰਮ ਉਪਦੇਸ਼ ਸੁਣਨ ਲਈ ਆਉਣ ਲੱਗੇ। ਰਾਜੇ ਨੇ ਭੀੜ ਦਾ ਕਾਰਨ ਪੁੱਛਿਆ ‘ਤਾਂ ਨਮੂਚੀ ਨੇ ਆਖਿਆ ਕਿ ਇਥੇ ਜੈਨ ਸਾਧੂ ਆਏ ਹਨ। ਰਾਜੇ ਨੇ ਆਖਿਆ, “ਚਲੋ ਆਪਾਂ ਵੀ ਉਹਨਾਂ ਦੇ ਦਰਸ਼ਨ ਕਰਨ ਚੱਲੀਏ”। ਮੰਤਰੀ ਨੇ ਆਖਿਆ ਉੱਥੇ ਸਾਡੇ ਲੋਕਾਂ ਲਈ ਜਾਣਾ ਠੀਕ ਨਹੀਂ ਕਿਉਂਕਿ ਇਹ ਸਾਧੂ ਵੇਦ ਤੋਂ ਉਲਟ ਉਪਦੇਸ਼ ਦਿੰਦੇ ਹਨ। ਜੇ ਆਪ ਨੇ ਵੇਦਾਂ ਦਾ ਉਪਦੇਸ਼ ਸੁਣਨਾ ਹੈ ਤਾਂ ਮੇਰੇ ਪਾਸੋਂ ਸੁਣ ਲਵੋ। ਚਾਹੇ ਤੁਸੀ ਵੀ ਉਪਦੇਸ਼ ਦਿੰਦੇ ਹੋ ਪਰ ਫਿਰ ਵੀ ਸਾਨੂੰ ਇਹਨਾਂ ਦਾ ਧਰਮ ਉਪਦੇਸ਼ ਸੁਣਨ ਵਿੱਚ ਕੋਈ ਗਲਤ ਗਲ ਨਹੀਂ ਹੈ।

ਇਹ ਸੁਣ ਕੇ ਮੰਤਰੀ ਨੇ ਆਖਿਆ ਠੀਕ ਹੈ, ਮੈਂ ਉਸ ਨਾਲ ਸ਼ਾਸਤਰਾਰਥ ਕਰਾਂਗਾ ਅਤੇ ਤੁਹਾਨੂੰ ਉਸ ਦਾ ਗਵਾਹ ਬਣਾਵਾਂਗਾ। ਰਾਜਾ, ਮੰਤਰੀ ਅਤੇ ਹੋਰ ਅਹੁਦੇਦਾਰ ਸਭ ਧਰਮ ਸਭਾ ਵਿੱਚ ਗਏ ਅਤੇ ਯੋਗ ਸਥਾਨ ਤੇ ਬੈਠ ਗਏ। ਨਮੂਚੀ ਨੇ ਕਿਸੇ ਗੱਲ ਦੀ ਪ੍ਰਵਾਹ ਨਾ ਕਰਦੇ ਹੋਏ ਮੁਨੀ ਤੋਂ ਕੁੱਝ ਪ੍ਰਸ਼ਨ ਕੀਤੇ। ਮੰਤਰੀ ਦਾ ਇਸ ਪ੍ਰਕਾਰ ਦਾ ਵਿਵਹਾਰ ਵੇਖ ਕੇ ਆਚਾਰਿਆ ਦਾ ਇੱਕ ਚੇਲਾ ਉਸ ਦੇ ਉੱਤਰ ਦੇਣ ਲੱਗਾ। ਇਸ ਪਰ ਮੰਤਰੀ ਚੁੱਪ ਹੋ ਗਿਆ ਅਤੇ ਦੁੱਖੀ ਹੋਇਆ। ਉਹ ਰਾਤ ਨੂੰ ਤਲਵਾਰ ਲੈ ਕੇ ਉਹਨਾਂ ਨੂੰ ਮਾਰਨ ਲਈ ਗਿਆ। ਪਰ ਕਿਸੇ ਅਗਿਆਤ ਸ਼ਕਤੀ ਕਾਰਨ ਉਹ ਅਜਿਹਾ ਕਰਨ ਵਿੱਚ ਸਫਲ ਨਾ ਹੋਇਆ।

ਰਾਜੇ ਨੇ ਜੈਨ ਧਰਮ ਸਵੀਕਾਰ ਕਰ ਲਿਆ। ਨਮੂਚੀ ਇਸ ਅਪਮਾਨ ਤੋਂ ਦੁੱਖੀ ਹੋ ਕੇ ਹਸਤਿਨਾਪੁਰ ਚਲਾ ਗਿਆ ਅਤੇ ਪਦਮੋਤਰ ਰਾਜੇ ਦਾ ਮੰਤਰੀ ਬਣ ਗਿਆ। ਉਸ ਸਮੇਂ ਸਿੰਘਬਲ ਨਾਂ ਦੇ ਇੱਕ ਦੁਸ਼ਟ ਰਾਜੇ ਨੇ ਦੇਸ਼ ਵਿੱਚ ਅਫਰਾ ਤਫਰੀ ਮਚਾ ਰੱਖੀ ਸੀ। ਮਹਾਂਪਦਮ ਨੇ ਨਮੂਚੀ ਤੋਂ ਸਿੰਘਬਲ ਨੂੰ ਫੜਨ ਦਾ ਉਪਾਅ ਪੁਛਿਆ, ਨਮੂਚੀ ਨੇ ਆਪਣੀ ਬੁੱਧੀ ਨਾਲ ਸਿੰਘਬਲ ਨੂੰ ਗਿਰਫਤਾਰ ਕਰ ਲਿਆ। ਰਾਜਾ ਉਸਦੀ ਇਸ ਸਫਲਤਾ ਤੋਂ ਖੁਸ਼ ਹੋਇਆ ਅਤੇ ਨਮੂਚੀ ਨੂੰ ਵਰ ਮੰਗਣ ਲਈ ਆਖਿਆ। ਨਮੂਚੀ ਨੇ ਆਖਿਆ ਮੈਂ ਜਦ ਚਾਹਾਂ ਆਪ ਤੋਂ ਵਰ ਮੰਗ ਲਵਾਂਗਾ, ਆਪਣੀ ਜੁਬਾਨ ਦੇ ਪੱਕੇ ਰਹਿਣਾ।

ਇੱਕ ਵਾਰ ਯੁਵਰਾਜ ਮਹਾਂਪਦਮ ਕਿਸੇ ਕਾਰਨ ਨਰਾਜ ਹੋ ਕੇ ਜੰਗਲ ਵਿੱਚ ਚਲਾ ਗਿਆ। ਉਹ ਇੱਕ ਆਸ਼ਰਮ ਵਿੱਚ ਠਹਿਰ ਗਿਆ। ਉਸੇ ਸਮੇਂ ਜਨਮਿਜੈ, ਨਰਿੰਦਰ ਤੋਂ ਹਾਰ ਕੇ ਪਰਿਵਾਰ ਸਮੇਤ ਇੱਧਰ ਉੱਧਰ ਭੱਜਿਆ ਫਿਰਦਾ ਸੀ। ਜਨਮਿਜੈ ਦੀ ਦੋਹਤਰੀ ਮਦਨਾਬਲੀ ਭੱਜ ਕੇ ਉਸੇ ਆਸ਼ਰਮ ਵਿੱਚ ਪਹੁੰਚੀ। ਉੱਥੇ ਉਸ ਦਾ ਪਿਆਰ ਮਹਾਂਪਦਮ ਨਾਲ ਹੋ ਗਿਆ। ਕੁੱਝ ਦਿਨ ਬਾਅਦ ਉਹ ਆਸ਼ਰਮ ਵਿੱਚੋ ਚੱਲ ਕੇ ਸਿੰਧੂ ਨਦੀ ਨਾਮਕ ਨਗਰ ਪਹੁੰਚਿਆ। ਜਿੱਥੇ ਬਾਗ ਵਿੱਚ ਮਹੋਤਸਵ ਮਨਾਇਆ ਜਾ ਰਿਹਾ ਸੀ। ਮਹੋਤਸਵ ਦੇ ਸਮੇਂ

ਇਕ ਹਾਥੀ ਪਾਗਲ ਹੋ ਗਿਆ ਅਤੇ ਸੰਗਲ ਤੁੜਵਾ ਕੇ ਭੱਜ ਗਿਆ। ਲੋਕ ਇਧਰ ਉਧਰ ਭੱਜ ਰਹੇ ਸਨ ਮਹਾਂਪਦਮ ਨੇ ਉਸ ਨੂੰ ਫੜ ਕੇ ਕਾਬੂ ਕਰ ਲਿਆ।

ਜਦ ਰਾਜੇ ਨੂੰ ਇਸ ਗੱਲ ਦੀ ਖਬਰ ਲੱਗੀ ਤਾਂ ਰਾਜੇ ਨੇ ਖੁਸ਼ ਹੋ ਕੇ ਆਪਣੀਆਂ 100 ਪੁੱਤਰੀਆਂ ਦਾ ਵਿਆਹ ਮਹਾਂਪਦਮ ਨਾਲ ਕਰ ਦਿਤਾ। ਪਰ ਮਹਾਂਪਦਮ ਦੇ ਮਨ ਵਿੱਚ ਤਾਂ ਮਦਨਾਬਲੀ ਬੈਠੀ ਹੋਈ ਸੀ।

ਇੱਕ ਸਮੇਂ ਰਾਤ ਵੇਲੇ ਸੌਂਦੇ ਹੋਏ ਮਹਾਂਪਦਮ ਨੂੰ ਕੋਈ ਵਿਦਿਆ ਧਰਨੀ ਚੁੱਕ ਕੇ ਵੈਤਾਢਿਆ ਪਰਬਤ ਉਤੇ ਵਸੇ ਸੂਰੋਉਦੇ ਨਗਰ ਵਿੱਚ ਲੈ ਗਈ। ਜਿਥੇ ਇੰਦਰਧਨੁਸ਼ ਨਾਂ ਦੇ ਵਿਦਿਆਧਰ ਰਾਜੇ ਦੇ ਸਪੁਰਦ ਕਰ ਦਿਤਾ। ਇੰਦਰਧਨੁਸ ਨੇ ਆਪਣੀ ਪੁੱਤਰੀ ਜੈ ਕਾਂਤਾ ਦਾ ਵਿਆਹ ਉਸ ਨਾਲ ਕਰ ਦਿਤਾ। ਇਸ ਕਾਰਨ ਉਸ ਦੇ ਮਾਮੇ ਦੇ ਭਰਾ ਗੰਗਾਧਰ ਅਤੇ ਮਹੀਂਧਰ ਮਹਾਂਪਦਮ ਤੋਂ ਗੁੱਸੇ ਹੋ ਗਏ। ਉਹਨਾਂ ਨੂੰ ਯੁੱਧ ਦੇ ਮੈਦਾਨ ਵਿੱਚ ਜਿੱਤ ਕੇ ਮਹਾਂਪਦਮ ਵਿਦਿਆਧਰਾਂ ਦਾ ਰਾਜਾ ਬਣ ਗਿਆ। ਪਰ ਉਸ ਨੂੰ ਮਦਨਾਬਲੀ ਦੀ ਯਾਦ ਸਤਾਉਣ ਲੱਗੀ, ਉਹ ਫਿਰ ਆਸ਼ਰਮ ਵਿੱਚ ਆਇਆ ਅਤੇ ਮਦਨਾਬਲੀ ਨਾਲ ਵਿਆਹ ਕਰ ਲਿਆ। ਵਿਦਿਆਧਰਾਂ ਦਾ ਰਾਜਾ ਬਣ ਕੇ ਮਹਾਂਪਦਮ ਅਥਾਹ ਸੰਪਤੀ ਲੈ ਕੇ ਘਰ ਆਇਆ ਅਤੇ ਮਾਤਾ ਪਿਤਾ ਨੂੰ ਮਿਲਕੇ ਬਹੁਤ ਖੁਸ਼ ਹੋਇਆ।

ਕੁੱਝ ਦਿਨਾਂ ਬਾਅਦ ਸੁਵੱਰਤਾਚਾਰਿਆ ਹਸਤਿਨਾਪੁਰ ਨਗਰ ਦੇ ਬਾਹਰ ਪਧਾਰੇ ਵਿਸ਼ਨੂਕੁਮਾਰ ਤੇ ਮਹਾਂਪਦਮ ਦੇ ਨਾਲ ਰਾਜਾ ਵੀ ਉਹਨਾਂ ਨੂੰ ਵੰਦਨਾ ਨਮਸਕਾਰ ਕਰਨ ਲਈ ਗਏ। ਆਚਾਰਿਆ ਨੇ ਧਰਮ ਉਪਦੇਸ਼ ਦਿਤਾ ਧਰਮ ਉਪਦੇਸ਼ ਸੁਣਕੇ ਵਿਸ਼ਨੂਕੁਮਾਰ ਨੂੰ ਵੈਰਾਗ ਹੋ ਗਿਆ। ਉਸ ਨੇ ਰਾਜ ਤਿਆਗ ਕੇ ਸਾਧੂ ਜੀਵਨ ਸਵੀਕਾਰ ਕਰ ਲਿਆ।

ਮਹਾਂਪਦਮ ਨੌਵਾਂ ਚੱਕਰਵਰਤੀ ਸੀ। ਮੁਨੀ ਵਿਸ਼ਨੂਕੁਮਾਰ ਨੇ ਸਾਧੂ ਬਣਦੇ ਹੀ ਘੋਰ ਤੱਪਸਿਆ ਸ਼ੁਰੂ ਕਰ ਦਿਤੀ। ਉਹਨਾਂ ਨੂੰ ਬਹੁਤ ਸਾਰੀਆਂ ਦੈਵੀ ਸ਼ਕਤੀਆਂ ਪ੍ਰਾਪਤ ਹੋ ਗਈਆਂ।

ਕੁੱਝ ਸਮਾਂ ਬੀਤਨ ਤੇ ਸੁਵੱਰਤਾਚਾਰਿਆ ਫੇਰ ਹਸਤਿਨਾਪੁਰ ਪਧਾਰੇ। ਉਹਨਾਂ ਨੂੰ ਵੇਖ ਕੇ ਨਮੂਚੀ ਦਾ ਪੁਰਾਣਾ ਵੈਰ ਜਾਗ ਉਠਿਆ ਬਦਲਾ ਲੈਣ ਦੇ ਉਦੇਸ਼ ਨਾਲ, ਉਸ ਨੇ ਰਾਜਾ ਪਦਮੋਤਰ ਰਾਹੀਂ ਦਿਤਾ ਵਰ ਮਹਾਂਪਦਮ ਤੋਂ ਮੰਗਿਆ। ਮਹਾਂਪਦਮ ਨੇ ਉਸ ਦੀ ਗੱਲ ਸਵੀਕਾਰ ਕਰ ਲਈ। ਨਮੂਚੀ ਨੇ ਆਖਿਆ, "ਮੈਂ ਵੈਦਿਕ ਢੰਗ ਨਾਲ ਯੱਗ ਕਰਨਾ ਚਾਹੁੰਦਾ ਹਾਂ ਆਪ ਕੁੱਝ ਦਿਨਾਂ ਲਈ ਮੈਨੂੰ ਅਪਣਾ ਰਾਜ ਦੇ ਦਿਉ"। ਮਹਾਂਪਦਮ ਨੇ ਮੰਤਰੀ ਦੀ ਗੱਲ ਸਵੀਕਾਰ ਕਰ ਲਈ। ਮੰਤਰੀ ਦੇ ਰਾਜਾ ਬਣਨ ਤੇ ਉਸ ਨੂੰ ਬਹੁਤ ਸਾਰੇ ਲੋਕ ਵਧਾਈ ਦੇਣ ਲਈ ਆਏ। ਪਰ ਕੋਈ ਜੈਨ ਸੰਤ ਉਸ ਕੋਲ ਵਧਾਈ ਦੇਣ ਲਈ ਨਹੀਂ ਆਇਆ। ਕਿਉਂਕਿ ਵਧਾਈ ਆਦਿ ਦੇਣਾ ਜੈਨ ਸਾਧੂ ਦੀ ਮਰਿਆਦਾ ਨਹੀਂ। ਇਸੇ ਗਲਤੀ ਨੂੰ ਲੈ ਕੇ ਨਮੂਚੀ ਨੇ ਜੈਨ ਸਾਧੂਆਂ ਨੂੰ ਬੁਲਾਇਆ ਅਤੇ ਆਖਿਆ, "ਤੁਸੀਂ ਸਾਰੇ ਗੰਦੇ ਰਹਿੰਦੇ ਹੋ ਸੰਸਾਰ ਦੀ ਮਰਿਆਦਾ ਦਾ ਪਾਲਣ ਨਹੀਂ ਕਰਦੇ ਹੋ, ਸਭ ਲੋਕ ਮੈਨੂੰ ਵਧਾਈ ਦੇਣ ਲਈ ਆਏ ਪਰ ਤੁਸੀਂ ਕਿਉਂ ਨਹੀਂ ਆਏ ਹੁਣ ਛੇਤੀ ਤੋਂ ਛੇਤੀ ਮੇਰਾ ਦੇਸ਼ ਛੱਡ ਕੇ ਚਲੇ ਜਾਉ"।

ਇਹ ਗਲ ਸੁਣ ਕੇ ਆਚਾਰਿਆ ਨੇ ਆਖਿਆ, "ਮਹਾਰਾਜ! ਜੈਨ ਮੁਨੀਆਂ ਵਿੱਚ ਅਜਿਹੀ ਕੋਈ ਪ੍ਰੰਮਪਰਾ ਨਹੀਂ ਹੈ, ਅਸੀਂ ਲਾਭ ਹਾਨੀ ਦੀ ਚਿੰਤਾ ਨਹੀਂ ਕਰਦੇ। ਅਸੀਂ ਕੋਈ ਰਾਜ ਨਿਯਮ ਦੇ ਵਿਰੁੱਧ ਕੰਮ ਨਹੀਂ ਕੀਤਾ। ਅਸੀਂ ਆਪ ਦੇ ਰਾਜ ਵਿੱਚ ਸੰਜਮੀ ਜੀਵਨ ਗੁਜਾਰਦੇ ਹਾਂ, ਅਜਿਹੀ ਹਾਲਤ ਵਿੱਚ ਸਾਨੂੰ ਦੇਸ਼ ਨਿਕਾਲੇ ਦਾ ਹੁਕਮ ਕਿਸੇ ਵੀ ਤਰ੍ਹਾਂ ਨਾਲ ਠੀਕ ਨਹੀਂ ਹੈ। ਜੇਕਰ ਆਪ ਨੇ ਸਾਨੂੰ ਬਾਹਰ ਕਰਨਾ ਹੀ ਹੈ ਤਾਂ ਚੋਮਾਸਾ (ਵਰਖਾ ਕਾਲ) ਬੀਤਨ ਤੋਂ ਬਾਅਦ ਅਸੀਂ ਆਪਣੇ ਆਪ ਹੀ ਚਲੇ ਜਾਵਾਗੇ"। ਨਮੂਚੀ ਕਰੋਧਿਤ ਹੋ ਗਿਆ

ਅਤੇ ਆਖਣ ਲੱਗਾ, "ਜੇ ਜਿਉਂਣਾ ਚਾਹੁੰਦੇ ਹੋ ਤਾਂ ਸੱਤ ਦਿਨ ਦੇ ਅੰਦਰ ਅੰਦਰ ਇਹ ਸਥਾਨ ਛੱਡ ਕੇ ਚਲੇ ਜਾਉ"।

ਨਮੂਚੀ ਦਾ ਹੁਕਮ ਸੁਣ ਕੇ ਸਾਰੇ ਮੁਨੀ ਇੱਕ ਸਥਾਨ 'ਤੇ ਇੱਕਠੇ ਹੋਏ ਅਤੇ ਵਿਚਾਰ ਕਰਨ ਲੱਗੇ, ਕਿਸੇ ਨੇ ਆਖਿਆ, "ਵਿਸ਼ਨੂਕੁਮਾਰ ਮੁਨੀ ਦੀ ਇਹ ਗੱਲ ਨਹੀਂ ਮੋੜੇਗਾ ਇਸ ਲਈ ਉਹਨਾਂ ਨੂੰ ਕਿਸੇ ਮੁਨੀ ਨੂੰ ਵਿਸ਼ਨੂੰਕੁਮਾਰ ਮੁਨੀ ਨੂੰ ਬੁਲਾਉਣ ਲਈ ਭੇਜਣਾ ਚਾਹੀਦਾ ਹੈ"। ਆਚਾਰਿਆ ਨੇ ਪੁੱਛਿਆ, "ਅਜਿਹਾ ਕਿਹੜਾ ਮੁਨੀ ਹੈ ਜੋ ਜਲਦੀ ਇਹ ਕੰਮ ਕਰ ਸਕਦਾ ਹੈ"। ਇਸ ਤੇ ਇਕ ਮੁਨੀ ਨੇ ਆਖਿਆ, "ਮੈਂ ਉਹਨਾਂ ਕੋਲ ਜਾ ਸਕਦਾ ਹਾਂ, ਪਰ ਵਾਪਸ ਨਹੀਂ ਆ ਸਕਦਾ"। ਇਸ ਤੇ ਆਚਾਰਿਆ ਨੇ ਆਖਿਆ, "ਤੁਸੀਂ ਮੁਨੀ ਵਿਸ਼ਨੂਕੁਮਾਰ ਨਾਲ ਵਾਪਸ ਆ ਜਾਣਾ"।

ਉਹ ਮੁਨੀ ਉਡਕੇ ਮੰਦਰ ਪਰਬਤ ਤੇ ਪਹੁੰਚਿਆ, ਜਿੱਥੇ ਵਿਸ਼ਨੂੰ ਕੁਮਾਰ ਤੱਪਸਿਆ ਕਰ ਰਹੇ ਸਨ। ਆਏ ਮੁਨੀ ਦੀ ਸਾਰੀ ਗੱਲ ਸੁਣ ਕੇ ਵਿਸ਼ਨੂਕੁਮਾਰ ਅਪਣੀ ਲੱਬਦੀ ਨਾਲ ਉਸ ਮੁਨੀ ਨੂੰ ਲੈ ਕੇ ਹਸਤਿਨਾਪੁਰ ਪਹੁੰਚੇ। ਆਪਣੇ ਗੁਰੂ ਨੂੰ ਨਮਸਕਾਰ ਕਰਕੇ ਉਹ ਇਕ ਸਾਧੂ ਨੂੰ ਲੈ ਕੇ ਮੰਤਰੀ ਨਮੂਚੀ ਦੇ ਕੋਲ ਗਏ। ਨਮੂਚੀ ਨੂੰ ਛੱਡ ਕੇ ਸਾਰੇ ਰਾਜ ਦਰਬਾਰੀਆਂ ਨੇ ਦੋਹਾਂ ਮੁਨੀਆਂ ਨੂੰ ਨਮਸਕਾਰ ਕੀਤਾ। ਵਿਸ਼ਨੂ ਕੁਮਾਰ ਮੁਨੀ ਨੇ ਆਖਿਆ ਕਿ ਚੋਮਾਸੇ ਤੱਕ ਮੁਨੀਆਂ ਨੂੰ ਇਥੇ ਰਹਿਣ ਦਿਉ। ਬਾਅਦ ਵਿੱਚ ਜਿਸ ਤਰ੍ਹਾਂ ਆਖੋਗੇ ਉਸ ਤਰ੍ਹਾਂ ਹੋ ਜਾਵੇਗਾ। ਕਿਉਂਕਿ ਚੋਮਾਸੇ ਵਿਚ ਜੈਨ ਮੁਨੀ ਘੁੰਮਣ ਫਿਰਨ ਦੀ ਇਜਾਜਤ ਨਹੀਂ ਹੁੰਦੀ ਅਤੇ ਸਾਧੂਆਂ ਨੇ ਚਾਰ ਮਹੀਨੇ ਇੱਕ ਸਥਾਨ ਤੇ ਰਹਿ ਕੇ ਧਰਮ ਸਾਧਨਾ ਕਰਨੀ ਹੁੰਦੀ ਹੈ। ਇਸ ਕਰਕੇ ਆਪ ਸਾਡੀ ਬੇਨਤੀ ਸਵੀਕਾਰ ਕਰੋ। ਮੁਨੀ ਦੀ ਗਲ ਸੁਣ ਕੇ ਨਮੂਚੀ ਨੇ ਬੇਪਰਵਾਹ ਹੋ ਕੇ ਆਖਿਆ, "ਤੁਸੀ ਚਾਰ ਮਹੀਨੇ ਦੀ ਗਲ ਆਖਦੇ ਹੋ ਮੈਂ ਤੁਹਾਨੂੰ ਪੰਜ ਦਿਨ ਠਹਿਰਨ ਦੀ ਇਜ਼ਾਜ਼ਤ ਨਹੀਂ ਦੇ ਸਕਦਾ"।

ਮੁਨੀ ਵਿਸ਼ਨੂੰ ਕੁਮਾਰ ਨੇ ਫੇਰ ਆਖਿਆ, "ਜੇ ਤੁਸੀ ਆਖੋਂ ਤਾਂ ਅਸੀ ਸ਼ਹਿਰ ਛੱਡ ਕੇ ਬਾਹਰ ਰਹਿ ਸਕਦੇ ਹਾਂ"। ਨਮੂਚੀ ਨੇ ਗੁੱਸੇ ਨਾਲ ਲਾਲ ਪੀਲੇ ਹੁੰਦੇ ਹੋਏ ਆਖਿਆ, "ਇਹਨਾਂ ਪਾਖੰਡੀਆਂ ਨੂੰ ਮੈਂ ਇਕ ਪਲ ਵੀ ਸਹਿਣ ਕਰਨ ਲਈ ਤਿਆਰ ਨਹੀਂ। ਜੇ ਜਾਨ ਪਿਆਰੀ ਹੈ ਤਾਂ ਹੁਣ ਛੇਤੀ ਹੀ ਮੇਰੇ ਰਾਜ ਤੋਂ ਬਾਹਰ ਨਿਕਲ ਜਾਉ"। ਮੰਤਰੀ ਨਮੂਚੀ ਦੀ ਗੱਲ ਸੁਣ ਕੇ ਮੁਨੀ ਵਿਸ਼ਨੂ ਕੁਮਾਰ ਨੂੰ ਗੁੱਸਾ ਆ ਗਿਆ। ਜੇ ਤੁਸੀ ਜਿਆਦਾ ਨਹੀਂ ਤਾਂ ਮੇਰੀ ਗੱਲ ਮੰਨ ਕੇ ਮੈਨੂੰ ਤਿੰਨ ਪੈਰ ਧਰਤੀ ਰਹਿਣ ਲਈ ਦੇਵੋ। ਨਮੂਚੀ ਨੇ ਉੱਤਰ ਦਿੱਤਾ, "ਜੇ ਇਸ ਤੋਂ ਜਿਆਦਾ ਧਰਤੀ 'ਤੇ ਮੈਂ ਕਿਸੇ ਨੂੰ ਵੇਖਿਆ ਤਾਂ ਉਸ ਦਾ ਸਿਰ ਕੱਟ ਦੇਵਾਂਗਾ"।

ਮੁਨੀ ਵਿਸ਼ਨੂ ਕੁਮਾਰ ਆਪਣੀ ਤੱਪਸਿਆ ਰਾਹੀਂ ਪ੍ਰਾਪਤ ਕੀਤੀ ਲੱਬਦੀ ਰਾਹੀਂ ਆਪਣਾ ਸਰੀਰ ਵਧਾਉਣਾ ਸੁਰੂ ਕਰ ਦਿੰਦੇ ਹਨ। ਉਸ ਦੇ ਵਿਰਾਟ ਰੂਪ ਨੂੰ ਵੇਖ ਕੇ ਸਾਰੇ ਡਰ ਗਏ। ਨਮੂਚੀ ਵੀ ਉਸ ਦੇ ਪੈਰਾਂ ਵਿੱਚ ਗਿਰ ਕੇ ਖਿੰਮਾ ਮੰਗਣ ਲੱਗ ਗਿਆ। ਇਸ ਪ੍ਰਕਾਰ ਸੰਘ ਤੇ ਆਇਆ ਕਸ਼ਟ ਮੁਨੀ ਵਿਸ਼ਨੂ ਕੁਮਾਰ ਨੇ ਦੂਰ ਕੀਤਾ। ਤੱਪਸਿਆ ਕਾਰਨ ਉਹਨਾਂ ਬਾਕੀ ਕਰਮਾ ਦਾ ਨਾਸ਼ ਕਰਕੇ ਮੋਕਸ਼ ਪ੍ਰਾਪਤ ਕੀਤਾ।

ਤੱਪਸਿਆ ਕਾਰਨ ਉਹ ਸਿੱਧ ਬੁੱਧ ਮੁਕਤ ਹੋ ਗਏ। ਚੱਕਰਵਰਤੀ ਮਹਾਂਪਦਮ ਵੀ ਰਾਜ ਪਾਟ ਛੱਡਕੇ ਸਾਧੂ ਬਣ ਗਿਆ ਅਤੇ ਉਸ ਨੇ ਵੀ ਅਪਣੇ ਜੀਵਨ ਦਾ ਕਲਿਆਣ ਕੀਤਾ। ਇਸ ਸਭ ਕੁੱਝ ਰਿਧੀਆਂ ਸਿਧੀਆਂ ਸ਼ੁਧ ਤੱਪਸਿਆ ਦਾ ਹੀ ਫਲ ਹੈ।

## ਭਾਵ ਕੂਲਕ

ਕਮਟ ਨਾਂ ਦੇ ਅਸੁਰ ਰਾਹੀਂ ਭਿੰਅਕਰ ਪਰਲੋ ਸਮਾਨ ਮੀਂਹ ਰਾਹੀਂ ਉਸ ਚੜ੍ਹਦੇ ਪਾਣੀ ਦੇ ਬਹਾਉ ਵਿੱਚ ਸ਼ੁੱਧ ਭਾਵਨਾ ਕੇਵਲੀ ਰੂਪੀ ਲਛਮੀ ਨਾਲ ਸ਼ਾਦੀ ਕਰਨ ਵਾਲੇ ਭਗਵਾਨ ਪਾਰਸ਼ਨਾਥ ਦੀ ਜੈ ਹੋਵੇ। ॥1॥

ਦਾਨ, ਸ਼ੀਲ, ਤੱਪ ਅਤੇ ਭਾਵਨਾ ਬਿਨ੍ਹਾ ਹਿਰਦੇ ਸ਼ੁੱਧੀ ਦਾ ਵਿਚਾਰ ਬੇਕਾਰ ਹੈ ਜਿਵੇਂ ਚੂਨੇ ਦੇ ਤੋਂ ਬਿਨ੍ਹਾਂ ਪਾਨ ਬੇਰੰਗ ਹੈ। ॥2॥

ਮਨੀ ਮੰਤਰ ਅਤੇ ਦਵਾਈ ਦਾ ਸਾਧਨ ਜੰਤਰ, ਮੰਤਰ ਅਤੇ ਦੇਵਤੇ ਦੀ ਵਾਸਨਾ ਵੀ ਭਾਵਾਂ ਤੋਂ ਬਿਨ੍ਹਾਂ ਸ਼ੁੱਧ ਨਹੀਂ ਹੁੰਦੀ। ਸ਼ੁਭ ਭਾਵ ਨਾਲ ਸੰਸਾਰ ਵਿੱਚ ਸਿੱਧੀ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ॥3॥

ਇਹ ਸ਼ੁਭ ਭਾਵਨਾ ਦਾ ਹੀ ਫਲ ਹੈ, ਕਿ ਜਿਸ ਨੇ ਪ੍ਰਸ਼ੰਨ ਚੰਦਰ ਰਾਜ ਰਿਸਿ ਨੂੰ ਇਕ ਮਹੂਰਤ ਵਿੱਚ ਹੀ ਕਰਮਾਂ ਦੀ ਗੱਠ ਖਤਮ ਕਰ ਦਿਤੀ ਅਤੇ ਕੇਵਲ ਗਿਆਨ ਪ੍ਰਾਪਤ ਕੀਤਾ। ॥4॥

ਗੁਰਨੀ ਦੇ ਚਰਨਾ ਵਿੱਚ ਸੇਵਾ ਕਰਦੇ ਹੋਏ ਆਪਣੇ ਦੋਸ਼ਾਂ ਦੀ ਨਿੰਦਾ ਕਰਦੇ ਹੋਏ ਜਿਸਨੇ ਸ਼ੁੱਧ ਭਾਵ ਨਾਲ ਕੇਵਲ ਗਿਆਨ ਪ੍ਰਾਪਤ ਕੀਤਾ, ਉਸ ਸਤੀ ਮਿਰਗਾਵਤੀ ਦੀ ਜੈ ਹੋਵੇ। ॥5॥

ਜੋ ਇਲਾਇਚੀ ਪੁੱਤਰ ਨਟਨੀ ਦੇ ਮੋਹ ਵੱਸ ਖੇਲ ਕਰਨ ਦੇ ਲਈ ਬੜੇ ਬਾਂਸ ਤੇ ਚੜ੍ਹ ਕੇ ਖੇਲ ਵਿਖਾਉਂਦੇ ਨੂੰ, ਉਸ ਨੇ ਭਿਖਸਾ ਮੰਗਣ ਆਏ ਮੁਨੀ ਨੂੰ ਵੇਖ ਕੇ ਸ਼ੁੱਧ ਭਾਵ ਨਾਲ ਖੇਲ ਵਿਖਾਉਂਦੇ ਹੀ ਕੇਵਲ ਗਿਆਨ ਪ੍ਰਾਪਤ ਕਰ ਲਿਆ। ॥6॥

ਕਪਿਲ ਨਾਂ ਦਾ ਬ੍ਰਾਹਮਨ ਰਾਜੇ ਦੇ ਆਖਣ ਤੇ ਅਸ਼ੋਕ ਬਾੜੀ ਵਿੱਚ ਸੋਚਨ ਲੱਗਾ ਕਿ ਲਾਭ ਨਾਲ ਲੋਭ ਵੱਧਦਾ ਹੈ, ਇਸ ਪ੍ਰਕਾਰ ਸੋਚਦੇ ਹੀ ਉਹ ਮੁਨੀ ਬਣ ਗਿਆ। ॥7॥

ਤੱਪਸਵੀਆਂ ਨੂੰ ਬੁਲਾਵਾ ਦੇ ਕੇ ਬਾਸੀ ਠੰਡਾ ਭੋਜਨ ਕਰਨ ਵਾਲੇ ਕਰਕੰਡੂ ਮੁਨੀ ਸ਼ੁੱਧ ਭਾਵ ਨਾਲ ਕੇਵਲ ਗਿਆਨ ਪ੍ਰਾਪਤ ਕੀਤਾ ਅਤੇ ਖਾਂਦੇ ਖਾਂਦੇ ਕੇਵਲ ਗਿਆਨ ਪ੍ਰਾਪਤ ਹੋਣਾ, ਇਹ ਸ਼ੁਭ ਭਾਵ ਦਾ ਫਲ ਹੈ। ॥8॥

ਪਿਛਲੇ ਜਨਮ ਵਿੱਚ ਇੱਕ ਅਚਾਰਿਆ ਪਦ ਦੀ ਕੀਤੀ ਗਈ ਗਿਆਨ ਦੀ ਬੇਇਜਤੀ (ਅਸ਼ਾਤਨਾ) ਦੇ ਪ੍ਰਭਾਵ ਨਾਲ ਮਾਸਤੁਸ਼ ਮੁਨੀ ਬੁੱਧੀਹੀਨ ਹੋ ਗਏ ਪਰ ਉਹ ਹੁਣ ਆਪਣੇ ਨਾਂ ਦਾ ਚਿੰਤਨ ਕਰਨ ਲੱਗੇ ਤਾਂ ਭਾਵਨਾ ਦੇ ਬਲ ਨਾਲ ਕੇਵਲ ਗਿਆਨ ਨੂੰ ਪ੍ਰਾਪਤ ਹੋਣ ਲੱਗੇ। ॥9॥

ਹਾਥੀ ‘ਤੇ ਬੈਠੀ ਮਾਤਾ ਮਰੂਦੇਵੀ ਨੇ ਜਦੋ ਭਗਵਾਨ ਰਿਸ਼ਭ ਦੇਵ ਦੇ ਸਮੋਸਰਨ ਰਿਧੀ ਨੂੰ ਵੇਖਿਆ ਤਾਂ ਉਸੇ ਸਮੇਂ ਸ਼ੁਭ ਧਿਆਨ ਰਾਹੀਂ ਮਾਤਾ ਜੀ ਨੂੰ ਕੇਵਲ ਗਿਆਨ ਹੋ ਗਿਆ ਅਤੇ ਉਹ ਸ਼ਿਧ ਗਤੀ ਨੂੰ ਪ੍ਰਾਪਤ ਹੋ ਗਏ। ॥10॥

ਅਨਿਕਾ ਪੁੱਤਰ ਅਚਾਰਿਆ ਦਾ ਜ਼ੰਘਾਬਲ (ਪੱਟਾਂ ਦੀ ਸ਼ਕਤੀ) ਕਮਜੋਰ ਹੋ ਜਾਣ ‘ਤੇ ਮਹਾਸਤੀ ਪੁਸ਼ਪਚੂਲਾ, ਉਹਨਾਂ ਦੀ ਜਾਗਰੂਕਤਾ ਭਾਵ ਨੂੰ ਦੇਖ ਕੇ ਸੇਵਾ ਕਰਨ ਲੱਗੀ। ਸੇਵਾ ਦੇ ਸ਼ੁਭ ਭਾਵ ਨਾਲ ਕੇਵਲ ਗਿਆਨ ਦਿਲਾਉਣ ਵਾਲੀ ਉਸ ਸਤੀ ਨੂੰ ਬਾਰ ਬਾਰ ਨਮਸਕਾਰ। ॥11॥

ਜੀਵ ਅਤੇ ਸਰੀਰ ਅੱਡ ਅੱਡ ਹਨ ਇਸ ਪ੍ਰਕਾਰ ਦੋਹਾਂ ਦੇ ਭੇਦ ਨੂੰ ਜਾਣਕੇ ਜਿਹਨਾਂ ਕੋਹਲੂ ਵਿੱਚ ਪਿੜੇ ਜਾਣ ਤੇ ਵੀ ਸਮਾਧੀ ਭਾਵ ਬਣਾਕੇ ਰੱਖਿਆ ਅਤੇ ਕੇਵਲ ਗਿਆਨ ਪ੍ਰਾਪਤ ਕਰ ਲਿਆ ਉਸ ਸੁਕੰਦਕ ਮੁਨੀ ਦੇ ਚੇਲਿਆਂ ਨੂੰ ਨਮਸਕਾਰ ਹੋਏ। ॥12॥

ਤਿੰਨ ਲੋਕ ਦੇ ਮਾਲਕ ਸਵਾਮੀ ਭਗਵਾਨ ਮਹਾਵੀਰ ਨੂੰ ਬੰਦਨ ਕਰਨ ਲਈ ਗਏ। ਉਸ ਦੁਰਦਰ ਨਾਂ ਦੇ ਕੱਛੂ ਨੇ ਰਾਹ ਵਿੱਚ ਮਾਰਕੇ ਸ਼ੁਭ ਭਾਵ ਕਾਰਨ ਆਪਣੇ ਨਾਂ ਵਾਲਾ ਦੁਰਦਰ ਦੇਵ ਬਣਿਆ। ॥13॥

ਸ਼੍ਰੀ ਚੰਡ ਰੂਦਰ ਨਾਂ ਦੇ ਅਚਾਰਿਆ ਰਾਹੀਂ ਡੰਡੇ ਰਾਹੀਂ ਮਾਰ ਖਾਕੇ ਵੀ ਉਹਨਾਂ ਦੇ ਚੇਲੇ ਸ਼ੁਧ ਭਾਵ ਨਾਲ ਸ਼ੁਕਲੇਸ਼ਿਆ ਪੁਰਵਕ ਛੇਤੀ ਹੀ ਕੇਵਲੀ ਬਣੀ। ॥14॥

ਸਮਿਤੀ, ਗੁਪਤੀ ਪੂਰਵਕ ਚੱਲਣ ਵਾਲੇ ਸਾਧੂਆਂ ਨੂੰ, ਜੀਵ ਹੱਤਿਆ ਹੋ ਜਾਣ ਤੇ ਵੀ ਜੋ ਹੱਤਿਆ ਨਹੀਂ ਆਖੀ ਗਈ। ਇਸ ਵਿੱਚ ਵੀ ਭਾਵ ਹੀ ਪ੍ਰਮੁੱਖ ਹੈ। ਸਰੀਰ ਦੀ ਨਿਤ ਦੇਖ ਭਾਲ ਕਰਦੇ ਹੋਏ ਜੋ ਹਿੰਸਾ ਦੇ ਕਾਰਨ ਹਨ। ਉਹ ਪ੍ਰਮਾਨ ਨਹੀਂ ਮੰਨਿਆ ਜਾਂਦਾ। ॥15॥

ਭਾਵ ਹੀ ਨਿਸਚੈ ਵਿੱਚ ਪਰਮਾਰਥ ਹੈ ਅਤੇ ਭਾਵ ਹੀ ਧਰਮ ਦਾ ਸਹਾਇਕ ਕਿਹਾ ਗਿਆ ਹੈ। ਸਮਿਅਕਤਵ ਦਾ ਬੀਜ ਵੀ ਜਗਤ ਗੁਰੂ ਤੀਰਥੰਕਰਾਂ ਨੇ ਭਾਵ ਨੂੰ ਆਖਿਆ ਹੈ। ਅਸਲ ਵਿੱਚ ਭਾਵ ਹੀ ਸਾਰੀਆਂ ਕ੍ਰਿਆਵਾਂ ਦਾ ਪ੍ਰਾਣ ਹੈ। ॥16॥

ਬਹੁਤਾ ਕੀ ਆਖਿਏ ਹੇ ਸ਼ੁਧ ਆਤਮਾ! ਤੱਤਵ ਨੂੰ ਸੁਣਿਆ ਕਰੋ, ਤਾਂ ਕਿ ਮੋਕਸ਼ ਰੂਪ ਪਰਮ ਸੁੱਖ ਦਾ ਬੀਜ ਭਾਵ ਹੀ ਜੀਵਾਂ ਦੇ ਲਈ ਸੁਖਦਾਈ ਹੈ। ॥17॥

ਇਸ ਪ੍ਰਕਾਰ ਦਾਨ, ਸ਼ੀਲ, ਤੱਪ ਅਤੇ ਭਾਵਨਾ ਦੀ ਜੋ ਪਵਿੱਤਰ ਆਤਮਾ ਸ਼ਕਤੀ ਤੇ ਭਗਤੀ ਪੂਰਵਕ ਅਰਾਧਨਾ ਕਰਦਾ ਹੈ, ਉਹ ਥੋੜੇ ਹੀ ਸਮੇਂ ਵਿੱਚ ਦੇਵਤਿਆਂ ਰਾਹੀਂ ਪੂਜਨ ਯੋਗ ਹੋ ਜਾਂਦਾ ਹੈ ਅਤੇ ਸਿੱਧੀ ਸੁਖ ਨੂੰ ਪ੍ਰਾਪਤ ਕਰਦਾ ਹੈ। ॥18॥

39

## ਰਾਜਰਿਸ਼ਿ ਪ੍ਰਸ਼ੱਨਚੰਦਰ

ਪੋਦਨਪੁਰ ਦੇ ਮਹਾਰਾਜਾ ਸੋਮਚੰਦਰ ਦੀ ਰਾਣੀ ਧਾਰਨੀ, ਇੱਕ ਦਿਨ ਮਹਿਲ ਵਿੱਚ ਬੈਠੀ ਰਾਜੇ ਦੇ ਬਾਲ ਸੰਵਾਰ ਰਹੀ ਸੀ। ਮਹਾਰਾਣੀ ਨੇ ਰਾਜੇ ਦੇ ਸਿਰ ਵਿੱਚ ਇੱਕ ਚਿੱਟਾ ਬਾਲ ਵੇਖਿਆ ਅਤੇ ਉਸ ਨੇ ਰਾਜੇ ਨੂੰ ਆਖਿਆ, "ਮਹਾਰਾਜ! ਦੂਤ ਆ ਗਿਆ ਹੈ"। ਰਾਣੀ ਦੀ ਗੱਲ ਨੂੰ ਸੁਣ ਕੇ ਰਾਜਾ ਚੁਕੱਨਾ ਹੋ ਗਿਆ ਅਤੇ ਉਸ ਨੇ ਮਹਿਲ ਦੇ ਚਾਰੋ ਪਾਸੇ ਨਜਰ ਮਾਰੀ, ਉਸ ਨੂੰ ਕੋਈ ਵੀ ਦੂਤ ਵਿਖਾਈ ਨਾ ਦਿੱਤਾ। ਰਾਜੇ ਨੇ ਰਾਣੀ ਨੂੰ ਅਪਣੀ ਗੱਲ ਸਪਸ਼ਟ ਕਰਨ ਲਈ ਆਖਿਆ। ਰਾਣੀ ਨੇ ਆਖਿਆ, "ਮੇਰਾ ਭਾਵ ਕਿਸੇ ਮਨੁੱਖੀ ਦੂਤ ਤੋਂ ਨਹੀਂ, ਸਗੋ ਆਪ ਦੇ ਸਿਰ ਵਿੱਚ ਆਏ ਇੱਕ ਚਿੱਟੇ ਬਾਲ ਤੋਂ ਹੈ। ਜਿਸ ਦਾ ਮਤਲਬ ਹੁਣ ਬੁਢਾਪਾ ਆ ਗਿਆ ਹੈ। ਇਹ ਬਾਲ ਤੁਹਾਡੇ ਧਰਮ ਦਾ ਦੂਤ ਬਣਕੇ ਆਇਆ ਹੈ। ਧਰਮ ਦੇ ਰਾਹ ਪਰ ਚੱਲਣ ਲਈ ਕੂਚ ਕਰਨਾ ਹੀ ਠੀਕ ਹੈ"। ਰਾਣੀ ਦੀ ਗੱਲ ਸੁਣ ਕੇ ਰਾਜਾ ਬੁਢਾਪੇ ਤੋਂ ਘਬਰਾ ਗਿਆ ਕਿਉਂਕਿ ਰਾਜੇ ਦਾ ਲੜਕਾ ਹਾਲੇ ਛੋਟੀ ਉਮਰ ਦਾ ਸੀ। ਉਸ ਨੂੰ ਔਲਾਦ ਦੀ ਚਿੰਤਾ ਸਤਾਉਣ ਲੱਗੀ। ਪਰ ਰਾਣੀ ਦੇ ਵੈਰਾਗ ਦੇ ਉਪਦੇਸ਼ ਤੋਂ ਪ੍ਰਭਾਵਤ ਹੋ ਕੇ ਰਾਜਾ ਰਾਣੀ ਆਪਣੇ ਛੋਟੇ ਬਾਲਕ ਨੂੰ ਰਾਜ ਦੇ ਕੇ ਸਾਧੂ ਬਣ ਗਏ। ਇਸੇ ਰਾਜਕੁਮਾਰ ਦਾ ਨਾਂ ਪ੍ਰਸ਼ੱਨਚੰਦਰ ਸੀ, ਜੋ ਰਾਜਾ ਬਣਿਆ ਸੀ।

ਇੱਕ ਵਾਰ ਭਗਵਾਨ ਮਹਾਵੀਰ ਧਰਮ ਪ੍ਰਚਾਰ ਕਰਦੇ ਹੋਏ ਪੋਦਨਪੁਰ ਨਗਰੀ ਪਧਾਰੇ। ਨਗਰ ਦੇ ਬਾਹਰ ਬਾਗ ਵਿੱਚ ਧਰਮ ਸਭਾ ਲੱਗੀ। ਮਹਾਰਾਜਾ ਪ੍ਰਸ਼ੱਨਚੰਦਰ ਅਪਣੇ ਪਰਿਵਾਰ ਸਮੇਤ ਉਪਦੇਸ਼ ਸੁਣਨ ਲਈ ਆਇਆ। ਤੀਰਥੰਕਰ ਦਾ ਉਪਦੇਸ਼ ਸੁਣ ਕੇ, ਉਸ ਨੇ ਵੀ ਅਪਣੇ ਪੁੱਤਰ ਨੂੰ ਰਾਜ ਦੇ ਦਿਤਾ ਅਤੇ ਆਪ ਸਾਧੂ ਬਣ ਗਿਆ। ਉਸ ਸਮੇ ਉਸ ਦਾ ਪੁੱਤਰ ਵੀ ਬਹੁਤ ਛੋਟੀ ਉੱਮਰ ਦਾ ਸੀ। ਸਾਧੂ ਬਣਦੇ ਹੀ ਪ੍ਰਸ਼ੱਨਚੰਦਰ ਮੁਨੀ ਨੇ ਘੋਰ ਤੱਪ

ਕਰਨਾ ਸ਼ੁਰੂ ਕਰ ਦਿਤਾ। ਇੱਕ ਵਾਰ ਉਹ ਰਾਜਗ੍ਰਹਿ ਨਗਰੀ ਦੇ ਬਾਹਰ ਖੜ੍ਹੇ ਧਿਆਨ ਕਰ ਰਹੇ ਸਨ, ਕਿ ਰਾਜਾ ਸ਼੍ਰੇਣਿਕ ਅਪਣੇ ਪਰਿਵਾਰ ਅਤੇ ਸੈਨਾ ਸਮੇਤ ਭਗਵਾਨ ਮਹਾਵੀਰ ਦੇ ਦਰਸ਼ਨ ਕਰਨ ਲਈ ਉਸ ਪਾਸੇ ਤੋਂ ਨਿਕਲਿਆ। ਪ੍ਰਸ਼ੱਨਚੰਦਰ ਮੁਨੀ ਨੂੰ ਧਿਆਨ ਵਿੱਚ ਡੁਬਾ ਵੇਖ ਕੇ, ਰਾਜੇ ਦੇ ਪਿੱਛੇ ਚੱਲਦੇ ਦੋ ਸਪਾਹੀ ਆਪਸ ਵਿੱਚ ਗੱਲਾਂ ਕਰ ਰਹੇ ਸਨ। ਇੱਕ ਨੇ ਆਖਿਆ, "ਇਹ ਮਹਾਤਮਾ ਤਾਂ ਬਹੁਤ ਤੱਪਸਵੀ ਹੈ"। ਦੂਸਰਾ ਆਖਣ ਲੱਗਾ, "ਇਹ ਤਾਂ ਰਾਜਾ ਪ੍ਰਸ਼ੱਨਚੰਦਰ ਹੈ। ਜੋ ਅਪਣੇ ਛੋਟੀ ਉਮਰ ਦੇ ਪੁੱਤਰ ਨੂੰ ਰਾਜ ਦੇ ਕੇ ਸਾਧੂ ਬਣ ਗਿਆ ਹੈ। ਉਸ ਦੇ ਮੰਤਰੀ ਅਤੇ ਫੌਜੀ ਬਗਾਵਤ ਤੇ ਉੱਤਰ ਆਏ ਹਨ ਅਤੇ ਉਸ ਦੇ ਪੁੱਤਰ ਨੂੰ ਮਾਰ ਕੇ ਰਾਜ ਪਰ ਕਬਜਾ ਕਰਨਾ ਚਾਹੁੰਦੇ ਹਨ"।

ਧਿਆਨ ਵਿੱਚ ਡੁੱਬੇ ਮੁਨੀ ਪ੍ਰਸ਼ੱਨਚੰਦਰ ਨੇ ਜਦੋਂ ਫੋਜੀਆਂ ਦੀ ਆਪਸੀ ਗੱਲ ਸੁਣੀ ਤਾਂ ਸੋਚਨ ਲੱਗੇ ਕਿ ਇਹਨਾਂ ਮੰਤਰੀਆਂ ਨੂੰ ਮੈਂ ਪੁੱਤਰਾਂ ਵਾਂਗ ਪਾਲਿਆ ਹੈ। ਉਹ ਅੱਜ ਮੇਰੇ ਪੁੱਤਰ ਪ੍ਰਤੀ ਬਗਾਵਤ ਤੇ ਉੱਤਰ ਆਏ ਹਨ। ਇਸ ਪ੍ਰਕਾਰ ਧਿਆਨ ਵਿੱਚ ਡੁੱਬੇ ਮੁਨੀ ਅਪਣੇ ਮਨ ਹੀ ਮਨ ਵਿਚਾਰ ਯੁੱਧ ਕਰਨ ਲੱਗੇ।

ਉਸੇ ਸਮੇਂ ਰਾਜਾ ਸ਼੍ਰੇਣਿਕ ਭਗਵਾਨ ਮਹਾਵੀਰ ਨੂੰ ਨਮਸਕਾਰ ਕਰ ਕੇ ਪੁੱਛਣ ਲੱਗੇ ਕਿ ਮਹਾਰਾਜ! ਮੈਂ ਆਪ ਦੇ ਇੱਕ ਮੁਨੀ ਨੂੰ ਧਿਆਨ ਕਰਦੇ ਵੇਖਿਆ ਹੈ। ਜੇ ਉਹ ਇਸ ਸਮੇਂ ਮਰਦਾ ਹੈ ਤਾਂ ਉਹ ਮਰ ਕੇ ਕਿੱਥੇ ਜਾਵੇਗਾ? ਭਗਵਾਨ ਮਹਾਵੀਰ ਨੇ ਉੱਤਰ ਦਿਤਾ, "ਸੱਤਵੀਂ ਨਰਕ ਵਿੱਚ ਜਾਵੇਗਾ"। ਕੁੱਝ ਸਮੇਂ ਬਾਅਦ ਰਾਜਾ ਸ਼੍ਰੇਣਿਕ ਨੇ ਅਪਣੇ ਪ੍ਰਸ਼ਨ ਨੂੰ ਫੇਰ ਦੁਹਰਾਇਆ ਤਾਂ ਭਗਵਾਨ ਮਹਾਵੀਰ ਨੇ ਆਖਿਆ, "ਹੁਣ ਉਹ ਦੇਵ ਲੋਕ ਵਿੱਚ ਜਾਵੇਗਾ"। ਕੁੱਝ ਸਮੇਂ ਬਾਅਦ ਆਕਾਸ਼ ਤੋਂ ਦੇਵਤਿਆਂ ਨੇ ਫੁੱਲ ਵਰਸਾਉਣੇ ਸ਼ੁਰੂ ਕਰ ਦਿੱਤੇ ਅਤੇ ਵਾਜੇ ਵਜਾਉਣ ਲੱਗੇ। ਰਾਜਾ ਸ਼੍ਰੇਣਿਕ ਨੇ ਭਗਵਾਨ ਮਹਾਵੀਰ ਤੋਂ ਫੇਰ ਪੁੱਛਿਆ, "ਹੇ ਪ੍ਰਭੂ ਇਹ ਦੇਵਤੇ ਕਿਸ ਗੱਲ ਤੋਂ ਖੁਸ਼ੀ ਮਨਾ ਰਹੇ ਹਨ"। ਭਗਵਾਨ ਮਹਾਵੀਰ ਨੇ ਉੱਤਰ

ਦਿਤਾ, "ਹੁਣ ਮੇਰੇ ਚੇਲੇ ਮੁਨੀ ਪ੍ਰਸ਼ੱਨਚੰਦਰ ਨੂੰ ਕੇਵਲ ਗਿਆਨ ਪ੍ਰਾਪਤ ਹੋ ਗਿਆ ਹੈ ਦੇਵਤੇ ਇਸ ਗੱਲ ਦੀ ਖੁਸੀ ਮਨਾਂ ਰਹੇ ਹਨ"।

ਰਾਜਾ ਸ਼੍ਰੇਣਿਕ ਨੇ ਭਗਵਾਨ ਮਹਾਂਵੀਰ ਦੇ ਵਾਰ ਵਾਰ ਬਿਆਨ ਬਦਲਨ ਦਾ ਕਾਰਨ ਸਮੱਝ ਨਾ ਆਇਆ। ਸਰਵੱਗ ਭਗਵਾਨ ਮਹਾਵੀਰ ਨੇ ਉਸ ਦੇ ਮਨ ਦੀ ਗੱਲ ਜਾਂਣਦੇ ਹੋਏ ਕਿਹਾ, "ਹੇ ਰਾਜਾ ਸ਼੍ਰੇਣਿਕ ਜਿਸ ਸਮੇਂ ਤੁਸੀਂ ਮੈਨੂੰ ਪ੍ਰਸ਼ਨ ਕੀਤਾ ਸੀ। ਉਸ ਸਮੇਂ ਮੇਰਾ ਚੇਲਾ ਅਪਣੇ ਮਨ ਨਾਲ ਯੁੱਧ ਕਰ ਰਿਹਾ ਸੀ। ਉਹ ਭਾਵ ਹਿੰਸਾ ਰਾਹੀਂ ਅਨੇਕਾਂ ਸਤਰੂਆਂ ਨੂੰ ਮਾਰਨ ਦਾ ਯਤਨ ਕਰ ਰਿਹਾ ਸੀ। ਜਦੋਂ ਉਸ ਨੇ ਅਪਣਾ ਹੱਥ ਕਿਸੇ ਦੁਸ਼ਮਣ ਨੂੰ ਮਾਰਨ ਲਈ ਉੱਪਰ ਵਧਾਇਆ ਤਾਂ ਉਸ ਦਾ ਹੱਥ ਉਸ ਦੇ ਸਿਰ ਵੱਲ ਚਲਾ ਗਿਆ ਅਤੇ ਉਹ ਅਪਣੇ ਹੱਥ ਨੂੰ ਪਹਿਲਾਂ ਮੁਕਟ ਧਾਰੀ ਰਾਜਾ ਸਮਝ ਰਿਹਾ ਸੀ ਪਰ ਜਦ ਉਸ ਨੇ ਅਪਣੇ ਮੁੰਨੇ ਸਿਰ ਨੂੰ ਵੇਖਿਆ ਤਾਂ ਉਹ ਉਸੀ ਸਮੇਂ ਸਮਝ ਗਿਆ। ਮਨ ਰਾਹੀਂ ਕੀਤੀ ਭਾਵ ਹਿੰਸਾ ਪ੍ਰਤੀ ਪ੍ਰਾਸਚਿਤ ਕਰਨ ਲੱਗਾ। ਇਸ ਪ੍ਰਕਾਰ ਆਤਮ ਅਲੋਚਨਾ, ਨਿੰਦਾ ਕਰਦੇ ਕਰਦੇ ਉਸ ਨੂੰ ਸੁਕਲ ਧਿਆਨ ਨਾਲ ਕੇਵਲ ਗਿਆਨ ਪ੍ਰਾਪਤ ਹੋ ਗਿਆ। ਸੋ ਨਰਕ ਤੋਂ ਲੈ ਕੇ ਮੋਕਸ਼ ਤੱਕ ਦਾ ਸਫਰ ਉਸ ਦੀ ਭਾਵ ਦਸ਼ਾ ਦਾ ਕਾਰਨ ਸੀ ਇਸੇ ਕਰਕੇ ਮੈਂ ਉਸ ਦੀ ਮਾਨਸਿਕ ਦਸ਼ਾ ਅਨੁਸਾਰ ਆਪ ਨੂੰ ਉਸ ਸਮੇਂ ਅਨੁਸਾਰ ਉਸ ਦੀ ਗਤੀ ਦੱਸੀ"।

ਇਸ ਪ੍ਰਕਾਰ ਤੱਪ ਦੇ ਪ੍ਰਭਾਵ ਕਾਰਨ ਰਾਜਰਿਸ਼ਿ ਪ੍ਰਸ਼ੱਨਚੰਦਰ ਤੱਪ ਕਾਰਨ ਕੇਵਲ ਗਿਆਨ ਪ੍ਰਾਪਤ ਕਰਕੇ ਸਿੱਧ ਬੁੱਧ, ਮੁਕਤ ਹੋਏ ਅਤੇ ਨਿਰਵਾਨ ਪ੍ਰਾਪਤ ਕੀਤਾ।

40

## ਸਤੀ ਮਿਰਗਾਵਤੀ

ਸਤੀ ਮਿਰਗਾਵਤੀ ਦਾ ਵਰਨਣ ਸ਼ੀਲ ਕੁਲਕ ਦੀ ਕਥਾ 24 ਵਿੱਚ ਆ ਚੁੱਕਾ ਹੈ। ਇੱਥੇ ਇਸ ਦਾ ਵਰਨਣ ਤੱਪ ਦੇ ਸੰਬਧ ਵਿੱਚ ਕੀਤਾ ਗਿਆ ਹੈ। ਸਾਧਵੀ ਮਿਰਗਾਵਤੀ ਨੇ ਅਪਣੀ ਨਿਮਰਤਾ, ਸ਼ਰਲਤਾ ਅਤੇ ਧਰਮ ਵਿੱਚ ਸਥਿਰ ਰਹਿਕੇ ਕੇਵਲ ਗਿਆਨ ਪ੍ਰਾਪਤ ਕੀਤਾ। ਸਾਧਵੀ ਮਿਰਗਾਵਤੀ ਦਾ ਜੀਵਨ ਤੱਪ ਦੇ ਪੱਖੋਂ ਵੀ ਬਹੁਤ ਮਹੱਤਵਪੂਰਨ ਹੈ।

56

# ਇਲਾਈਚੀ ਪੁੱਤਰ

ਇਲਾਵਰਧਨ ਨਗਰ ਦੇ ਸੇਠ ਧਨਦੱਤ ਦੀ ਪਤਨੀ ਦਾ ਨਾਂ ਧਨਵਤੀ ਸੀ। ਉਹ ਸਾਰਾ ਪਰਿਵਾਰ ਹਰ ਪੱਖੋਂ ਖੁਸ਼ਹਾਲ ਸੀ। ਪਰ ਉਹਨਾਂ ਦੇ ਘਰ ਪੁੱਤਰ ਦੀ ਘਾਟ ਸੀ। ਇਸ ਕਾਰਨ ਪਤੀ ਪਤਨੀ ਦੁੱਖੀ ਰਹਿੰਦੇ ਸਨ। ਕਿਸੇ ਜਯੋਤਸ਼ੀ ਦੇ ਆਖਣ ਤੇ ਸੇਠ ਨੇ ਨੱਟਾਂ ਦੀ ਦੇਵੀ ਇਲਾਦੇਵੀ ਦੀ ਉਪਾਸ਼ਨਾ ਸ਼ੁਰੂ ਕੀਤੀ। ਦੇਵੀ ਖੁਸ਼ ਹੋਈ ਅਤੇ ਪ੍ਰਗਟ ਹੋ ਕੇ ਸੇਠ ਨੂੰ ਵਰ ਮੰਗਣ ਲਈ ਆਖਿਆ। ਸੇਠ ਨੇ ਪੁੱਤਰ ਦਾ ਵਰ ਮੰਗਿਆ, ਸੁਭਾਗ ਨਾਲ ਇਲਾਦੇਵੀ ਦੇ ਪ੍ਰਭਾਵ ਨਾਲ ਧਨਵਤੀ ਦੇ ਘਰ ਇੱਕ ਸੁੰਦਰ ਪੁੱਤਰ ਉਤਪੰਨ ਹੋਇਆ। ਉਸ ਦਾ ਨਾਂ ਇਲਾਈਚੀ ਪੁੱਤਰ ਰੱਖਿਆ ਗਿਆ।

16 ਸਾਲ ਦੀ ਉਮਰ ਵਿੱਚ ਉਹ ਅਪਣੇ ਮਿੱਤਰਾਂ ਨਾਲ ਘੁੰਮਣ ਲਈ ਨਿਕਲੀਆ। ਇੱਕ ਜਗ੍ਹਾ ਨਟ ਲੋਕ ਕਰਤਵ ਵਿਖਾ ਰਹੇ ਸਨ। ਉਹ ਸਭ ਸਾਥੀ ਕਰਤਵ ਵੇਖਣ ਲਈ ਉੱਥੇ ਰੁਕ ਗਏ। ਇਲਾਈਚੀ ਪੁੱਤਰ ਦੀ ਨਜ਼ਰ ਨਾਟਕ ਵੇਖਦੇ ਵੇਖਦੇ ਨਟ ਪੁੱਤਰੀ ਤੇ ਪਈ। ਉਹ ਉਸ ਸਮੇਂ ਮਰਦੰਗ ਵਜਾ ਰਹੀ ਸੀ। ਇਲਾਈਚੀ ਪੁੱਤਰ ਉਸ ਦੀ ਸੁੰਦਰਤਾ ਤੇ ਮੋਹਿਤ ਹੋ ਗਿਆ। ਉਸ ਨੇ ਉਸ ਲੜਕੀ ਨਾਲ ਸ਼ਾਦੀ ਕਰਨ ਦਾ ਨਿਸ਼ਚੈ ਕੀਤਾ।

ਇਲਾਈਚੀ ਪੁੱਤਰ ਘਰ ਵਿੱਚ ਉਦਾਸ ਰਹਿਣ ਲੱਗਾ। ਮਾਤਾ ਪਿਤਾ ਦੇ ਕਈ ਵਾਰ ਪੁੱਛਣ ਤੇ ਉਸ ਨੇ ਆਖਿਆ ਕਿ ਉਹ ਨਟ ਪੁੱਤਰੀ ਨਾਲ ਪਿਆਰ ਕਰਦਾ ਹੈ। ਉਸ ਨਾਲ ਸ਼ਾਦੀ ਕਰਵਾਉਣਾ ਚਾਹੁੰਦਾ ਹੈ। ਸੇਠ ਨੇ ਅਪਣੀ ਜਾਤ ਦਾ ਵਾਸਤਾ ਪਾਉਂਦੇ ਹੋਏ ਆਖਿਆ, "ਪੁੱਤਰ! ਤੂੰ ਨਟ ਪੁੱਤਰੀ ਪਿੱਛੇ ਕਿਉਂ ਭੱਜਿਆ ਫਿਰਦਾ ਹੈਂ। ਤੈਨੂੰ ਇੱਕ ਤੋਂ ਇੱਕ ਸੁੰਦਰ ਕੰਨਿਆ ਮਿਲ ਸਕਦੀ ਹੈ"। ਮਾਤਾ, ਪਿਤਾ ਦੇ ਲੱਖ ਸਮਝਾਉਣ ਤੇ ਵੀ ਇਲਾਈਚੀ ਪੁੱਤਰ ਤੇ ਕੋਈ ਅਸਰ ਨਾ ਹੋਇਆ। ਮਾਤਾ, ਪਿਤਾ ਨੇ ਅਪਣੇ ਪੁੱਤਰ ਦੀ ਖੁਸੀ ਲਈ ਨਟ ਕੋਲ

ਜਾਕੇ ਉਸ ਦੀ ਪੁੱਤਰੀ ਨਾਲ ਸ਼ਾਦੀ ਦੀ ਮੰਗ ਰੱਖੀ। ਨਟ ਨੇ ਆਖਿਆ, "ਜੇ ਤੁਹਾਡਾ ਪੁੱਤਰ ਸਾਡੀ ਕਲਾ ਵਿੱਚ ਨਿਪੁਨ ਹੋ ਕੇ ਅਪਣੀ ਕਲਾ ਕਿਸੇ ਰਾਜੇ ਨੂੰ ਵਿਖਾ ਦੇਵੇ ਅਤੇ ਰਾਜੇ ਤੋਂ ਪ੍ਰਾਪਤ ਧਨ ਨਾਲ ਸਾਡੀ ਜਾਤੀ ਦਾ ਪਾਲਣ ਪੋਸ਼ਨ ਕਰੇ ਤਾਂ ਹੀ ਅਪਣੀ ਪੁੱਤਰੀ ਦੇ ਸਕਦੇ ਹਾਂ"।

ਇਲਾਈਚੀ ਪੁੱਤਰ ਨੇ ਨਟ ਦੀ ਇਹ ਸ਼ਰਤ ਸਵਿਕਾਰ ਕਰ ਲਈ। ਉਹ ਨਟ ਮੰਡਲੀ ਵਿੱਚ ਸ਼ਾਮਲ ਹੋ ਕੇ ਨਟਾਂ ਦੇ ਕਰਤੱਬ ਸਿੱਖਣ ਲੱਗਾ। ਕੁੱਝ ਸਮੇਂ ਵਿੱਚ ਉਹ ਨਟ ਕਲਾ ਵਿੱਚ ਮਾਹਿਰ ਹੋ ਗਿਆ। ਇੱਕ ਵਾਰ ਪਿੰਡ ਪਿੰਡ ਘੁੰਮਦੇ ਹੋਏ ਇਲਾਈਚੀ ਪੁੱਤਰ ਬੇਨਾਤੱਟ ਨਗਰ ਵਿੱਚ ਅਪਣੀ ਨਟ ਮੰਡਲੀ ਨਾਲ ਪਹੁੰਚਿਆ। ਉੱਥੇ ਉਸ ਨੇ ਰਾਜੇ ਨੂੰ ਅਪਣਾ ਕਰਤੱਬ ਵਿਖਾਉਣ ਲਈ ਬੇਨਤੀ ਕੀਤੀ। ਰਾਜੇ ਨੇ ਉਸ ਦੀ ਬੇਨਤੀ ਸਵੀਕਾਰ ਕਰ ਲਈ ਨਿਸ਼ਚਿਤ ਸਮੇਂ ਤੇ ਸ਼ਹਿਰ ਦੇ ਲੋਕਾਂ ਨਾਲ, ਰਾਜਾ ਵੀ ਪਰਿਵਾਰ ਸਮੇਤ ਉਸ ਦਾ ਨਾਟਕ ਵੇਖਣ ਪਹੁੰਚਿਆ।

ਨਾਟਕ ਸ਼ੁਰੂ ਹੋ ਚੁੱਕਾ ਸੀ, ਇਲਾਈਚੀ ਪੁੱਤਰ ਨੇ ਇੱਕ ਬਾਂਸ ਤੇ ਚੜ੍ਹ ਕੇ ਅਪਣਾ ਖੇਲ ਵਿਖਾਉਣਾ ਸ਼ੁਰੂ ਕੀਤਾ। ਉਸ ਨੇ ਰਾਜੇ ਨੂੰ ਪ੍ਰਨਾਮ ਕੀਤਾ, ਇਸ ਤੇ ਰਾਜੇ ਨੇ ਆਖਿਆ, "ਅਸੀਂ ਤੇਰਾ ਖੇਲ ਠੀਕ ਢੰਗ ਨਾਲ ਨਹੀਂ ਵੇਖਿਆ ਸਾਨੂੰ ਇਹ ਖੇਲ ਫੇਰ ਤੋਂ ਵਿਖਾ"। ਰਾਜਾ ਨਟ ਪੁੱਤਰੀ ਦੀ ਸੁੰਦਰਤਾ ਨੂੰ ਵੇਖ ਕੇ ਉਸ ਪਰ ਮੋਹਿਤ ਹੋ ਗਿਆ। ਇਸੇ ਕਾਰਨ ਰਾਜੇ ਨੇ ਇਹ ਸ਼ਰਤ ਰੱਖੀ। ਉਹ ਚਾਹੁੰਦਾ ਸੀ ਕਿ ਕਿਸੇ ਪ੍ਰਕਾਰ ਛੱਤ ਟੁੱਟ ਕੇ ਇਹ ਬਾਂਸ ਤੋਂ ਗਿਰ ਕੇ ਮਰ ਜਾਏ ਅਤੇ ਮੈਂ ਇਸ ਨਟ ਪੁੱਤਰੀ ਨਾਲ ਸ਼ਾਦੀ ਕਰ ਲਵਾਂ। ਇਸ ਦੇ ਉੱਲਟ ਰਾਣੀ ਇਲਾਈਚੀ ਪੁੱਤਰ ਦੀ ਸੁੰਦਰਤਾ ਨੂੰ ਵੇਖ ਕੇ ਉਸ ਉੱਪਰ ਮੋਹਿਤ ਹੋ ਗਈ। ਇਲਾਈਚੀ ਪੁੱਤਰ ਨੇ ਫੇਰ ਖੇਲ ਵਿਖਾਇਆ ਪਰ ਰਾਜਾ ਖੁਸ਼ ਨਾ ਹੋਇਆ। ਤੀਸਰੀ ਵਾਰ ਖੇਲ ਵਿਖਾਉਣ ਲਈ ਉਹ ਫੇਰ ਬਾਂਸ ਪਰ ਚੜ੍ਹਿਆ, ਤਾਂ ਸਵੇਰ ਹੋ ਚੁੱਕੀ ਸੀ। ਬਾਂਸ ਤੇ ਖੇਡ

ਵਿਖਾਉਂਦੇ ਵਿਖਾਉਂਦੇ ਉਸ ਦੀ ਨਜ਼ਰ ਇਕ ਤੱਪਸਵੀ ਜੈਨ ਮੁਨੀ ਤੇ ਪਈ। ਜੋ ਭੋਜਨ ਲਈ ਕਿਸੇ ਘਰ ਵੱਲ ਜਾ ਰਿਹਾ ਸੀ। ਉਹ ਮੁਨੀ ਇੱਕ ਘਰ ਕੋਲ ਜਾ ਕੇ ਰੁਕਿਆ। ਇਕ ਔਰਤ ਜੋ ਬਹੁਤ ਸੁੰਦਰ ਸੀ, ਉਸ ਨੂੰ ਭੋਜਨ ਦੇਣ ਲਈ ਬਾਹਰ ਆਈ। ਮੁਨੀ ਨੇ ਅੱਖਾਂ ਨਿਵੀਆਂ ਕਰਕੇ ਭੋਜਨ ਦੇ ਰੂਪ ਵਿੱਚ ਉਸ ਸੁੰਦਰ ਇਸਤਰੀ ਤੋਂ ਲੱਡੂ ਪ੍ਰਾਪਤ ਕੀਤੇ।

ਇਹ ਸਾਰਾ ਕੁੱਝ ਇਲਾਈਚੀ ਪੁੱਤਰ ਵੇਖ ਰਿਹਾ ਸੀ। ਉਸ ਨੇ ਉਸ ਨਟਨੀ ਦੀ ਤੁਲਨਾ ਉਸ ਸੁੰਦਰ ਇਸਤਰੀ ਨਾਲ ਕੀਤੀ ਤਾਂ ਉਸ ਨੂੰ ਜਾਪਿਆ ਕਿ ਹੰਸਨੀ ਤੇ ਕੋਇਲ ਦਾ ਕੀ ਮੇਲ? ਉਸ ਨੇ ਸੋਚਿਆ ਕਿ ਮੇਰਾ ਨਟ ਪੁੱਤਰੀ ਪ੍ਰਤੀ ਮੋਹ ਬੇਕਾਰ ਹੈ, ਧਨ ਹੈ, ਇਹ ਮੁਨੀ। ਜੋ ਸੁੰਦਰ ਇਸਤਰੀ ਵੱਲ ਨਾ ਵੇਖਦੇ ਹੋਏ ਲੱਡੂ ਗ੍ਰਹਿਣ ਕਰ ਰਿਹਾ ਹੈ। ਇਸ ਪ੍ਰਕਾਰ ਸੋਚਦੇ ਸੋਚਦੇ ਉਹ ਮਨ ਵਿੱਚ ਅੰਤਰ ਮੁਖੀ ਹੋ ਗਿਆ। ਉਸ ਦੇ ਮਨ ਤੇ ਛਾਇਆ ਮੋਹ ਦੀ ਧੁੰਦ ਦੂਰ ਹੋ ਗਈ। ਉਸ ਨੂੰ ਲੱਗਿਆ ਕਿ ਸੰਸਾਰ ਵਿੱਚ ਸਭ ਤੋਂ ਸੁੰਦਰ ਅਪਣੀ ਆਤਮਾ ਹੈ। ਬਾਕੀ ਚੀਜਾਂ ਤਾਂ ਪਲ ਵਿੱਚ ਨਸ਼ਟ ਹੋਣ ਵਾਲਿਆਂ ਹਨ।

ਇਸ ਪ੍ਰਕਾਰ ਸੋਚਦੇ ਸੋਚਦੇ ਬਾਂਸ ਉੱਪਰ ਖੇਡ ਵਿਖਾਉਂਦੇ, ਉਸ ਨੂੰ ਕੇਵਲ ਗਿਆਨ ਪ੍ਰਾਪਤ ਹੋ ਗਿਆ। ਉਹ ਸੁਭ ਭਾਵ ਕਾਰਨ ਸਿੱਧ ਬੁੱਧ ਮੁਕਤ ਹੋ ਕੇ ਨਿਰਵਾਨ ਦਾ ਅਧਿਕਾਰੀ ਹੋ ਗਿਆ। ਉਹ ਘਰੋਂ ਨਿਕਲਿਆ ਸੀ ਨਟ ਪੁੱਤਰੀ ਨੂੰ ਪ੍ਰਾਪਤ ਕਰਨ ਲਈ ਪਰ ਸ਼ੁਭ ਭਾਵ ਦੇ ਪ੍ਰਗਟ ਹੋਣ ਨਾਲ ਖੇਡ ਖੇਡ ਵਿੱਚ ਹੀ ਉਸ ਨੇ ਅਪਣੇ ਕਰਮਾਂ ਦਾ ਅੰਤ ਕਰਕੇ ਸੰਸਾਰ ਦੇ ਖੇਡ ਤੋਂ ਹਮੇਸ਼ਾ ਲਈ ਅਲਗ ਹੋ ਗਿਆ। ਇਹ ਸਭ ਸੁਭ ਭਾਵ ਕਾਰਨ ਹੋਇਆ।

42

# ਕਪਿਲ ਮੁਨੀ

ਕਪਿਲ ਮੁਨੀ ਦਾ ਵਰਨਣ ਉਤਰਾਅਧਿਐਨ ਸ਼ੂਤਰ ਦੇ 8ਵੇਂ ਅਧਿਐਨ ਵਿੱਚ ਆਇਆ ਹੈ। ਕੋਸ਼ਾਂਭੀ ਦੇ ਰਾਜਾ ਜਿਸਸ਼ਤਰੂ ਦੇ ਕੋਲ ਕੱਸ਼ਯਪ ਨਾਂ ਦਾ ਇੱਕ ਬ੍ਰਾਹਮਨ ਵਿਦਵਾਨ ਰਹਿੰਦਾ ਸੀ। ਜੋ 14 ਵਿਦਿਆਵਾਂ ਦਾ ਜਾਣਕਾਰ ਅਤੇ ਸਾਰੇ ਵਿਦਵਾਨਾ ਵਿੱਚੋਂ ਪ੍ਰਮੁੱਖ ਸੀ। ਰਾਜਾ ਨੇ ਉਸ ਦਾ ਮਾਨ ਕਰਕੇ, ਉਸ ਨੂੰ ਦਰਬਾਰ ਵਿੱਚ ਨੌਕਰੀ ਦਿੱਤੀ। ਉਸ ਦੀ ਪਤਨੀ ਨੇ ਇੱਕ ਪੁੱਤਰ ਨੂੰ ਜਨਮ ਦਿਤਾ। ਜਿਸ ਦਾ ਨਾਂ ਕਪਿਲ ਰੱਖਿਆ ਗਿਆ।

ਇੱਕ ਦਿਨ ਅਚਾਨਕ ਕਪਿਲ ਦੇ ਪਿਤਾ ਦੀ ਮੌਤ ਹੋ ਗਈ। ਰਾਜ ਪ੍ਰੋਹਤ ਦਾ ਪੱਦ ਕਿਸੇ ਹੋਰ ਬ੍ਰਾਹਮਨ ਨੂੰ ਦੇ ਦਿੱਤਾ ਗਿਆ। ਉਸ ਸਮੇਂ ਕਪਿਲ ਪੜ੍ਹਿਆ ਲਿਖੀਆ ਨਹੀਂ ਸੀ। ਇਸੇ ਕਾਰਨ ਰਾਜੇ ਨੂੰ ਦੂਸਰਾ ਵਿਦਵਾਨ ਚੁਨਣਾ ਪਿਆ। ਦੂਸਰਾ ਵਿਦਵਾਨ ਵੀ ਜਲਦੀ ਹੀ ਸਾਰੇ ਰਾਜ ਵਿੱਚ ਪ੍ਰਸਿਧੀ ਪ੍ਰਾਪਤ ਕਰ ਗਿਆ।

ਇੱਕ ਦਿਨ ਉਹ ਬ੍ਰਾਹਮਨ ਰਾਜਭਵਨ ਤੋਂ ਅਪਣੇ ਘਰ ਜਾ ਰਿਹਾ ਸੀ। ਰਾਹ ਵਿੱਚ ਕਸ਼ਯਪ ਦੀ ਪਤਨੀ ਯਸ਼ਾ ਨੇ ਉਸ ਨੂੰ ਵੇਖਿਆ ਅਤੇ ਯਸ਼ਾ ਨੂੰ ਅਪਣਾ ਪੁਰਾਣਾ ਜਮਾਨਾ ਯਾਦ ਆ ਗਿਆ। ਉਹ ਫੁੱਟ ਫੁੱਟ ਕੇ ਰੋਣ ਲੱਗੀ। ਕਪਿਲ ਨੇ ਅਪਣੀ ਮਾਂ ਤੋਂ ਰੋਣ ਦਾ ਕਾਰਨ ਪੁੱਛਿਆ! ਤਾਂ ਮਾਤਾ ਨੇ ਆਖਿਆ, "ਜਿਸ ਪ੍ਰਕਾਰ ਇਹ ਬ੍ਰਾਹਮਨ ਰਾਜ ਵਿੱਚ ਮਸ਼ਹੂਰੀ ਹੋ ਰਿਹਾ ਹੈ। ਉਸੇ ਪ੍ਰਕਾਰ ਕਦੀ ਤੇਰੇ ਪਿਤਾ ਜੀ ਵੀ ਮਸ਼ਹੂਰ ਹੁੰਦੇ ਸਨ। ਪਰ ਹੁਣ ਤੂੰ ਪੜ੍ਹਿਆ ਨਹੀਂ। ਇਸ ਕਰਕੇ ਰਾਜੇ ਨੇ ਨਵੇਂ ਪਰੋਹਿਤ ਦੀ ਨਿਯੁਕਤੀ ਕੀਤੀ ਹੈ। ਇਸੇ ਕਾਰਨ ਮੈਨੂੰ ਤੇਰੇ ਪਿਤਾ ਦੀ ਯਾਦ ਆਈ ਹੈ"। ਕਪਿਲ ਨੇ ਅਪਣੀ ਮਾਂ ਨੂੰ ਹੌਂਸਲਾ ਦਿੰਦੇ ਹੋਏ ਆਖਿਆ, "ਤੂੰ ਹੋਸਲਾ ਰੱਖ ਮੈਂ ਛੇਤੀ ਹੀ ਵਿਦਿਆ ਅਧਿਐਨ ਕਰਕੇ ਅਪਣੇ ਪਿਤਾ ਦਾ ਪੱਦ ਗ੍ਰਹਿਣ ਕਰਾਂਗਾ"। ਇਹ ਸੁਣ ਕੇ ਮਾਤਾ ਖੁਸ਼ ਹੋਈ ਅਤੇ ਉਸ ਨੇ ਕਪਿਲ ਨੂੰ

ਸ਼੍ਰਾਵਸਤੀ ਨਗਰੀ ਵਿੱਚ ਰਹਿੰਦੇ, ਅਪਣੇ ਪਤੀ ਦੇ ਮਿੱਤਰ ਕੋਲ ਪੜ੍ਹਨ ਲਈ ਭੇਜ ਦਿਤਾ। ਜਿਸ ਦਾ ਨਾਂ ਇੰਦਰਦੱਤ ਸੀ। ਇੰਦਰਦੱਤ ਇੱਕ ਗਰੀਬ ਪਰ ਵਿਦਵਾਨ ਬ੍ਰਾਹਮਨ ਸੀ।

ਕਪਿਲ ਅਪਣੇ ਮਾਂ ਦੀ ਆਗਿਆ ਨੂੰ ਮੰਨ ਕੇ ਅਪਣੇ ਪਿਤਾ ਦੇ ਮਿੱਤਰ ਕੋਲ ਪਹੁੰਚਿਆ। ਅਪਣੇ ਵਾਰੇ ਸਾਰੀ ਜਾਣਕਾਰੀ ਦਿੱਤੀ। ਇੰਦਰਦੱਤ ਅਪਣੇ ਮਿੱਤਰ ਦੇ ਪੁੱਤਰ ਨੂੰ ਵੇਖਕੇ ਬਹੁਤ ਖੁਸ਼ ਹੋਇਆ। ਇੰਦਰਦੱਤ ਨੇ ਉਸ ਨੂੰ ਵਿਦਿਆ ਅਧਿਐਨ ਕਰਵਾਉਣਾ ਸ਼ੁਰੂ ਕਰ ਦਿਤਾ। ਉਸ ਦੇ ਖਾਣੇ ਦਾ ਇੰਤਜਾਮ ਨਗਰ ਦੇ ਇੱਕ ਸੇਠ ਸ਼ਾਲੀ ਭੱਦਰ ਦੇ ਘਰ ਕਰ ਦਿਤਾ। ਹੁਣ ਕਪਿਲ ਪੜ੍ਹਾਈ ਤੋਂ ਬਾਅਦ ਖਾਨਾ ਖਾਣ ਲਈ ਸੇਠ ਦੇ ਘਰ ਜਾਣ ਲੱਗਾ। ਉਸ ਸੇਠ ਦੇ ਘਰ ਇੱਕ ਸੁੰਦਰ ਦਾਸੀ ਸੀ। ਜੋ ਹਰ ਰੋਜ ਕਪਿਲ ਨੂੰ ਭੋਜਨ ਪਰੋਸਦੀ ਸੀ। ਛੇਤੀ ਹੀ ਕਪਿਲ ਅਤੇ ਦਾਸੀ ਵਿੱਚਕਾਰ ਪ੍ਰੇਮ ਹੋ ਗਿਆ।

ਹੁਣ ਕਪਿਲ ਦੀ ਕਾਰਜ ਸੈਲੀ ਬਦਲ ਚੁੱਕੀ ਸੀ। ਉਸ ਦਾ ਮਨ ਪੜ੍ਹਾਈ ਵਿੱਚ ਨਹੀਂ ਲੱਗਦਾ ਸੀ। ਗੁਰੂ ਨੂੰ ਜਦੋਂ ਸਾਰੀ ਗੱਲ ਦਾ ਪਤਾ ਲੱਗਾ, ਤਾਂ ਉਸ ਨੇ ਕਪਿਲ ਨੂੰ ਬਹੁਤ ਸਮਝਾਇਆ। ਪਰ ਕਪਿਲ ਤਾਂ ਦਾਸੀ ਦੇ ਪ੍ਰੇਮ ਜਾਲ ਵਿੱਚ ਫੰਸ ਚੁੱਕਾ ਸੀ। ਉਸ ਉੱਪਰ ਇੰਦਰਦੱਤ ਦੀ ਗੱਲ ਦਾ ਕੋਈ ਅਸਰ ਨਾ ਹੋਇਆ। ਉਸ ਨੇ ਵਿਦਿਆ ਅਧਿਐਨ ਛੱਡ ਦਿਤਾ ਅਤੇ ਦਾਸੀ ਨੂੰ ਲੈ ਕੇ ਅਲਗ ਰਹਿਣ ਲੱਗਾ। ਕੁੱਝ ਸਮੇਂ ਬਾਅਦ ਦਾਸੀ ਗਰਭਵਤੀ ਹੋ ਗਈ। ਉਸ ਨੇ ਕਪਿਲ ਨੂੰ ਗੁਜਾਰੇ ਲਈ ਧਨ ਲਿਆਉਣ ਲਈ ਆਖਿਆ। ਪਰ ਕਪਿਲ ਕੋਲ ਕੁੱਝ ਵੀ ਨਹੀਂ ਸੀ। ਦਾਸੀ ਨੇ ਉਸ ਨੂੰ ਰਾਏ ਦਿਤੀ ਕਿ ਇਸ ਸ਼ਹਿਰ ਦਾ ਰਾਜਾ ਸਭ ਤੋਂ ਪਹਿਲਾਂ ਆਸ਼ਿਰਵਾਦ ਦੇਣ ਵਾਲੇ ਬ੍ਰਾਹਮਨ ਨੂੰ ਦੋ ਮਾਸਾ ਸੋਨਾ ਦਾਨ ਕਰਦਾ ਹੈ। ਤੁਸੀ ਛੇਤੀ ਜਾ ਕੇ ਰਾਜੇ ਤੋਂ ਸੋਨਾ ਪ੍ਰਾਪਤ ਕਰ ਲਵੋ ਤਾਂ ਕਿ ਅਸੀਂ ਅਪਣਾ ਗੁਜਾਰਾ ਕਰ ਸਕੀਏ।

ਅਪਣੀ ਪਤਨੀ ਦੀ ਗੱਲ ਮੰਨਕੇ ਕਪਿਲ ਅੱਧੀ ਰਾਤ ਨੂੰ ਹੀ ਰਾਜ ਮਹਿਲ ਵੱਲ ਤੁਰ ਪਿਆ। ਰਾਜੇ ਦੇ ਦਰਵਾਨਾਂ ਨੇ ਉਸ ਨੂੰ ਚੋਰ ਸਮਝ ਕੇ ਕੈਦ ਕਰ ਦਿਤਾ। ਸਵੇਰ ਨੂੰ ਜਦੋਂ

ਉਸਨੂੰ ਰਾਜੇ ਕੋਲ ਪੇਸ਼ ਕੀਤਾ ਗਿਆ। ਕਪਿਲ ਨੇ ਰਾਜ ਮਹਿਲ ਵਿੱਚ ਆਉਣ ਦਾ ਉਦੇਸ਼ ਦੱਸ ਦਿਤਾ। ਰਾਜੇ ਨੂੰ ਉਸ ਉੱਪਰ ਤਰਸ ਆਇਆ। ਰਾਜੇ ਨੇ ਆਖਿਆ, "ਤੈਂ ਸੱਚ ਬੋਲਿਆ ਹੈ। ਤੈਨੂੰ ਛੱਡਿਆ ਜਾਂਦਾ ਹੈ। ਹੁਣ ਤੂੰ ਜੋ ਕੁੱਝ ਮੰਗਣਾ ਹੈ ਮੰਗ ਲੈ"। ਰਾਜੇ ਦੇ ਆਖਣ ਤੇ ਕਪਿਲ ਸੋਚ ਵਿੱਚ ਪੈ ਗਿਆ ਰਾਜੇ ਨੇ ਆਖਿਆ, "ਤੂੰ ਬਾਗ ਵਿੱਚ ਜਾ ਕੇ ਸੋਚ ਕੇ ਦੱਸ ਕਿ ਤੈਨੂੰ ਕੀ ਚਾਹਿਦਾ ਹੈ"।

ਕਪਿਲ ਅਸ਼ੋਕਬਾਟੀਕਾ ਵਿੱਚ ਬੈਠ ਕੇ ਸੋਚਨ ਲੱਗਾ। ਉਹ ਮਨ ਹੀ ਮਨ ਵਿੱਚ ਵਿਚਾਰ ਕਰਨ ਲੱਗਾ ਕਿ ਅਗਰ ਹਜਾਰ ਮੰਗਾਂ, ਉਹ ਲੱਖ ਤੋਂ ਘੱਟ ਹੈ, ਜੇ ਲੱਖ ਮੰਗਦਾ ਹਾਂ, ਉਹ ਕਰੋੜ ਤੋਂ ਘੱਟ ਹੈ। ਇਸ ਪ੍ਰਕਾਰ ਸੋਚਦੇ ਸੋਚਦੇ ਉਸ ਦੀ ਇੱਛਾ ਇਤਨੀ ਵੱਧੀ ਕਿ ਉਸ ਨੇ ਸੋਚਿਆ ਕਿ ਕਿਉਂ ਨਾ ਰਾਜੇ ਤੋਂ ਰਾਜ ਹੀ ਮੰਗ ਲਵਾਂ। ਅਚਾਨਕ ਹੀ ਉਸ ਦੇ ਮਨ ਦੇ ਵਿਚਾਰਾਂ ਨੇ ਪਲਟਾ ਖਾਦਾ ਤੇ ਉਹ ਅਪਣੇ ਆਪ ਨੂੰ ਧਿਕਾਰਨ ਲੱਗਾ, ਕਿ ਕਿੱਥੇ ਦੋ ਮਾਸਾ ਸੋਨਾ ਅਤੇ ਕਿੱਥੇ ਰਾਜ ਪ੍ਰਾਪਤੀ ਕਿੰਨ੍ਹਾ ਅਸੰਤੋਸ਼ ਮੇਰੇ ਮੱਨ ਵਿੱਚ ਹੈ। ਮੈਂ ਚੰਗੇ ਕੁਲ ਵਿੱਚ ਜਨਮ ਲੈ ਕੇ ਵੀ ਤ੍ਰਿਸ਼ਨਾ ਦੇ ਜਾਲ ਵਿੱਚ ਕਿਉਂ ਫੰਸ ਗਿਆ ਹਾਂ। ਇਸ ਪ੍ਰਕਾਰ ਸੋਚਦੇ ਸੋਚਦੇ ਉਸ ਨੂੰ ਜਾਤੀ ਸਿਮਰਨ ਗਿਆਨ (ਪਿਛਲੇ ਜਨਮ ਦਾ ਗਿਆਨ) ਪ੍ਰਾਪਤ ਹੋ ਗਿਆ ਅਤੇ ਉਹ ਸਾਧੂ ਬਣ ਗਿਆ।

ਸਾਧੂ ਬਣਕੇ ਕਪਿਲ ਮੁਨੀ ਜਦ ਰਾਜਾ ਕੋਲ ਗਿਆ ਤਾਂ ਰਾਜੇ ਨੇ ਪੁੱਛਿਆ ਕਿ ਤੁਸੀ ਅਜੇ ਵੀ ਮੰਗਣ ਦਾ ਨਿਸ਼ਚੈ ਨਹੀਂ ਕੀਤਾ? ਇਹ ਗੱਲ ਸੁਣ ਕੇ ਕਪਿਲ ਮੁਨੀ ਨੇ ਆਖਿਆ ਰਾਜਨ ਲਾਭ ਨਾਲ ਲੋਭ ਵੱਧਦਾ ਹੈ ਇਸ ਦਾ ਕੋਈ ਅੰਤ ਨਹੀਂ। ਤ੍ਰਿਸ਼ਨਾ ਆਕਾਸ ਦੇ ਸਮਾਨ ਅੰਨਤ ਹੈ। ਇਸ ਲਈ ਮੈਂ ਤਿਆਗ ਨੂੰ ਹੀ ਚੰਗਾ ਸਮਝਿਆ ਹੈ ਮੇਰੇ ਲਈ ਲੱਖ, ਕਰੋੜ ਕੋਡੀ ਤੋਂ ਜਿਆਦਾ ਮਹੱਤਵ ਨਹੀਂ ਰੱਖਦਾ। ਹੁਣ ਮੈਨੂੰ ਸੰਤੋਸ਼ ਪ੍ਰਾਪਤ ਹੋ ਗਿਆ ਹੈ ਇਸੇ

ਕਰਕੇ ਮੈਂ ਸਾਧੂ ਜੀਵਨ ਵਿੱਚ ਹੀ ਖੁਸ਼ੀ ਅਨੁਭਵ ਕਰਦਾ ਹਾਂ। ਅਜਿਹਾ ਆਖ ਕੇ ਮੁਨੀ ਕਪਿਲ ਰਾਜ ਮਹਿਲ ਤੋਂ ਬਾਹਰ ਆ ਗਿਆ।

ਲਗਾਤਾਰ ਸੰਜਮ ਦੀ ਅਰਾਧਨਾ ਕਰਕੇ ਮੁਨੀ ਨੇ ਸ਼ੁਭ ਭਾਵ ਕਾਰਨ ਕੇਵਲ ਗਿਆਨ ਪ੍ਰਾਪਤ ਕੀਤਾ ਅਤੇ ਉਹ ਕਪਿਲ ਕੇਵਲੀ ਦੇ ਨਾਂ ਨਾਲ ਪ੍ਰਸ਼ਿਧ ਹੋਏ। ਕੇਵਲੀ ਬਣਨ ਤੋਂ ਬਾਅਦ ਉਹ ਸ਼੍ਰਾਵਸਤੀ ਨਗਰੀ ਵਿੱਚ ਰਹਿਣ ਵਾਲੇ 500 ਚੋਰਾਂ ਨੂੰ ਗਿਆਨ ਦੇਣ ਆਏ, ਤਾਂ ਚੋਰਾਂ ਨੇ ਉਹਨਾਂ ਨੂੰ ਮਾਰਨਾ ਸ਼ੁਰੂ ਕਰ ਦਿਤਾ। ਚੋਰਾਂ ਦੇ ਸਰਦਾਰ ਬਲਭੱਦਰ ਨੂੰ ਸਮਝਾਉਣ ਤੇ ਚੋਰ ਇਸ ਗੱਲ ਤੇ ਮੰਨ ਗਏ ਕਿ ਕਪਿਲ ਮੁਨੀ ਇੱਕ ਗੀਤ ਸੁਨਾਵੇਗਾ। ਉਹਨਾਂ ਚੋਰਾਂ ਨੂੰ ਜੋ ਕਪਿਲ ਮੁਨੀ ਨੇ ਗੀਤ ਸੁਣਾਇਆ ਉਹ ਉਤਰਾਅਧਿਐਨ ਸੂਤਰ ਦੇ ਅੱਠਵੇਂ ਅਧਿਐਨ ਵਿੱਚ ਦਰਜ ਹੈ। ਧਰਮ ਰੂਪੀ ਗੀਤ ਸੁਣ ਕੇ ਪੰਜ ਸੋ ਚੋਰਾਂ ਦਾ ਜੀਵਨ ਬਦਲ ਗਿਆ ਤੇ ਉਹਨਾਂ ਨੇ ਕਪਿਲ ਕੇਵਲੀ ਕੋਲ ਦਿਖਿਆ ਲੈ ਲਈ ਅਤੇ ਉਹਨਾ ਦੇ ਨਾਲ ਚੱਲ ਪਏ। ਇਹ ਸੁਭ ਭਾਵ ਦਾ ਹੀ ਫਲ ਸੀ ਕਿ ਕਪਿਲ ਵਰਗੇ ਕਾਮੀ ਬ੍ਰਾਹਮਨ ਨੂੰ ਵੀ ਕੇਵਲ ਗਿਆਨ ਪ੍ਰਾਪਤ ਹੋਇਆ ਅਤੇ ਉਹਨਾਂ ਦਾ ਵਰਨਣ ਖੁਦ ਭਗਵਾਨ ਮਹਾਂਵੀਰ ਨੇ ਕੀਤਾ ਹੈ।

43

# ਮੁਨੀ ਕੁਰਕੰਡੂ

ਬਾਲਕ ਮੁਨੀ ਕੁਰਕੰਡੂ ਭੁੱਖ ਪਿਆਸ ਸਹਿਣ ਕਰਨ ਵਿੱਚ ਅਸਮਰਥ ਸੀ। ਉਹ ਇੱਕ ਸਮੇਂ ਲਈ ਵੀ ਭੋਜਨ ਨਹੀਂ ਛੱਡ ਸਕਦਾ ਸੀ। ਮੁਨੀ ਜੀਵਨ ਦੀ ਹਰ ਸਾਧਨਾ ਉਹ ਕਰਨ ਵਿੱਚ ਸਮਰਥ ਸੀ ਪਰ ਉਹ ਵਰਤ ਰੱਖਣ ਵਿੱਚ ਅਸਮਰਥ ਸੀ।

ਇੱਕ ਵਾਰ ਪ੍ਰਯੂਸਨ ਮਹਾਂਪਰਬ ਦਾ ਤਿਉਹਾਰ ਸੀ ਇਸ ਤਿਉਹਾਰ ਪਰ ਹਰ ਸਾਧੂ ਜਾਂ ਸਾਧਵੀ ਨੂੰ ਹਰ ਪ੍ਰਕਾਰ ਦੇ ਭੋਜਨ ਦਾ ਤਿਆਗ ਕਰਕੇ ਭੁੱਖੇ ਪਿਆਸੇ ਰਹਿਣਾ ਹੁੰਦਾ ਹੈ। ਪਰ ਕੁਰਕੰਡੂ ਮੁਨੀ ਉਸ ਦਿਨ ਵੀ ਅਪਣੇ ਗੁਰੂ ਦੀ ਇਜਾਜਤ ਲੈ ਕੇ ਭੋਜਨ ਮੰਗਨ ਨਿਕਲੀਆ। ਉਸ ਦਾ ਇਹ ਵਿਵਹਾਰ ਵੇਖ ਕੇ, ਹੋਰ ਤੱਪਸਵੀ ਮੁਨੀਆਂ ਨੂੰ ਬਹੁਤ ਬੁਰਾ ਲੱਗਾ। ਕੁਰਕੰਡੂ ਭੋਜਨ ਲੈ ਕੇ ਉਹ ਵਾਪਸ ਆਇਆ। ਉਸ ਨੇ ਭੋਜਨ ਗੁਰੂ ਨੂੰ ਵਿਖਾਇਆ ਅਤੇ ਭੋਜਨ ਕਰਨ ਲਈ ਭੋਜਨ ਦਾ ਪਾਤਰ ਲੈ ਕੇ ਬੈਠ ਗਿਆ। ਜਦੋਂ ਉਸ ਨੇ ਭੋਜਨ ਕਰਨਾ ਸ਼ੁਰੂ ਕੀਤਾ ਤਾਂ ਇੱਕ ਤੱਪਸਵੀ ਮੁਨੀ ਨੇ ਉਸ ਦੇ ਭੋਜਨ ਪਾਤਰ ਵਿੱਚ ਥੁੱਕ ਦਿਤਾ। ਬਾਲ ਮੁਨੀ ਦੇ ਮਨ ਵਿੱਚ ਉਸ ਮੁਨੀ ਪ੍ਰਤੀ ਕੋਈ ਗੁੱਸਾ ਨਾ ਆਇਆ। ਸਗੋਂ ਸੋਚਣ ਲੱਗਾ ਕਿ ਇਹ ਤੱਪਸਵੀ ਮੁਨੀ ਤਾਂ ਮੇਰੇ ਪਰਉਪਕਾਰੀ ਹਨ। ਇਹਨਾਂ ਮੇਰੇ ਰੁਖੇ ਭੋਜਨ ਵਿੱਚ ਥੁੱਕ ਨਹੀਂ ਪਾਇਆ ਸਗੋਂ ਘੀ ਪਾਇਆ ਹੈ।

ਇਸ ਪ੍ਰਕਾਰ ਸੁਭ ਭਾਵ ਆਤਮਾ ਵਿੱਚ ਲਿਆਉਂਦੇ ਹੋਏ, ਉਸ ਨੇ ਜਿਉਂ ਹੀ ਰੋਟੀ ਦੀ ਬੁਰਕੀ ਮੂੰਹ ਵਿੱਚ ਪਾਉਣੀ ਚਾਹੀ, ਤਾਂ ਉਸੇ ਸਮੇਂ ਕੁਰਕੰਡੂ ਮੁਨੀ ਦੇ ਕਰਮ ਬੰਧਨ ਟੁੱਟ ਗਏ 'ਤੇ ਉਸ ਨੂੰ ਭੋਜਨ ਕਰਦੇ ਕਰਦੇ ਕੇਵਲ ਗਿਆਨ ਪ੍ਰਾਪਤ ਹੋ ਗਿਆ। ਉਹ ਛੇਤੀ ਹੀ ਮੋਕਸ਼ ਨੂੰ ਪ੍ਰਾਪਤ ਹੋ ਗਏ।

ਜੈਨ ਧਰਮ ਵਿੱਚ ਕ੍ਰਿਆਕਾਂਡ ਦਾ ਮਹੱਤਵ ਨਹੀਂ, ਸਗੋਂ ਮਹੱਤਵ ਆਤਮਾਂ ਦੇ ਸੁਭ ਭਾਵਾਂ ਦਾ ਮਹੱਤਵ ਹੈ। ਸ਼ੁਭ ਭਾਵਾਂ ਨਾਲ ਕੀਤੀ ਤੱਪਸਿਆ, ਦਾਨ ਅਤੇ ਸ਼ੀਲ ਮੋਕਸ਼ ਦਾ ਕਾਰਨ ਬਣਦੇ ਹਨ।

44

# ਮਾਤਾ ਮਰੂਦੇਵੀ

ਆਪ ਪਹਿਲੇ ਤੀਰਥੰਕਰ ਭਗਵਾਨ ਰਿਸ਼ਭ ਦੇਵ ਦੀ ਮਾਤਾ ਸਨ। ਆਪ ਦੇ ਪਤੀ ਕੁਲਕਰ ਨਾਭੀ ਸਨ। ਆਪ ਬਹੁਤ ਸਰਲ ਆਤਮਾ ਸਨ। ਆਪ ਨੇ ਇਸ ਅਵਸਪਰਨੀ ਕਾਲ ਵਿੱਚ ਮੋਕਸ਼ ਦਾ ਦਰਵਾਜਾ ਖੋਲਿਆ। ਮੋਕਸ਼ ਵਿੱਚ ਜਾਣ ਵਾਲੀ ਸਵੇਤਾਵੰਰ ਜੈਨ ਪ੍ਰੰਪਰਾ ਅਨੁਸਾਰ ਆਪ ਪਹਿਲੀ ਇਸਤਰੀ ਸਨ।

ਭਗਵਾਨ ਰਿਸ਼ਭ ਦੇਵ ਦੇ ਸਾਧੂ ਬਣਨ ਤੋਂ ਬਾਅਦ ਆਪ ਅਕਸਰ ਸੋਚਦੇ ਕਿ ਇਤਨਾ ਵਿਸ਼ਾਲ ਰਾਜ ਹੋਣ ਦੇ ਬਾਵਜੂਦ, ਮੇਰਾ ਪੁੱਤਰ ਜੰਗਲਾਂ ਵਿੱਚ ਇਕਲਾ ਭੁੱਖਾ ਪਿਆਸਾ ਅਤੇ ਵਸਤਰ ਰਹਿਤ ਹੋ ਕੇ ਕਿਉਂ ਘੁੰਮ ਰਿਹਾ ਹੈ? ਪੁੱਤਰ ਦੇ ਦੁੱਖ ਵਿੱਚ ਦਾਦੀ ਮਾਂ ਨੂੰ ਵੇਖ ਕੇ ਭਰਤ ਚੱਕਰਵਰਤੀ ਨੇ ਆਖਿਆ, “ਮਾਤਾ ਜੀ! ਤੁਸੀਂ ਚੱਲੋ, ਤੁਹਾਨੂੰ ਮੈਂ ਭਗਵਾਨ ਰਿਸ਼ਭ ਦੇਵ ਦੀ ਵਿਸ਼ਾਲ ਸੰਪਤੀ ਵਿਖਾਉਂਦਾ ਹਾਂ”। ਇਹ ਆਖ ਕੇ ਭਰਤ ਅਪਣੇ ਪਰਿਵਾਰ ਅਥੇ ਦਾਦੀ ਮਰੂ ਦੇਵੀ ਨੂੰ ਹਾਥੀ ਉੱਪਰ ਲੈ ਕੇ ਭਗਵਾਨ ਰਿਸ਼ਭ ਦੇਵ ਦੇ ਦਰਸ਼ਨ ਕਰਨ ਲਈ ਨਿਕਲਿਆ।

ਜਦੋਂ ਉਹ ਸਮੋਸਰਨ ਦੇ ਨੇੜੇ ਪੁਜੇ, ਤਾਂ ਦੂਰ ਤੋਂ ਹੀ ਉਹਨਾਂ ਆਕਾਸ਼ ਵਿੱਚੋਂ ਦੇਵਤਿਆਂ ਦੇ ਆਉਂਦੇ ਜਾਂਦੇ ਵਿਮਾਨਾਂ ਨੂੰ ਵੇਖਿਆ। ਜਿਉਂ ਜਿਉਂ ਉਹ ਸਮੋਸਰਨ ਦੇ ਨੇੜੇ ਆਏ, ਤਾਂ ਮਰੂ ਦੇਵੀ ਨੇ ਸਮੋਸਰਨ ਵਿੱਚ ਅਪਣੇ ਪੁੱਤਰ ਰਿਸ਼ਭ ਦੇਵ ਨੂੰ ਬੈਠੇ ਵੇਖਿਆ। ਉਸ ਦੇ ਪੁੱਤਰ ਦੀ ਸੇਵਾ ਵਿੱਚ 64 ਇੰਦਰ ਅਨੇਕਾਂ ਦੇਵੀ, ਦੇਵਤਾ ਰਾਜੇ ਆਦਿ ਖੜ੍ਹੇ ਸਨ। ਉਹ ਅਸ਼ੋਕ ਦਰਖਤ ਦੇ ਹੇਠਾਂ ਰਤਨ ਜੜਿਤ ਸਿੰਘਾਸਨ ਤੇ ਬੈਠੇ ਧਰਮ ਉਪਦੇਸ਼ ਕਰ ਰਹੇ ਸਨ। ਅਸਮਾਨ ਵਿੱਚੋਂ ਦੇਵੀ ਦੇਵਤੇ ਫੁੱਲ ਵਰਸਾ ਰਹੇ ਸਨ ਅਤੇ ਖੁਸ਼ਬੂਦਾਰ ਪਾਣੀ ਦੀ ਵਰਖਾ ਕਰ

ਰਹੇ ਸਨ। ਮਾਤਾ ਮਰੂ ਦੇਵੀ ਇਹ ਵੇਖ ਕੇ ਸੋਚਨ ਲੱਗੀ ਕਿ ਮੇਰੀ ਸੋਚ ਤਾਂ ਬੇਕਾਰ ਸੀ। ਮੇਰਾ ਪੁੱਤਰ ਤਾਂ ਇੱਕ ਵੱਡੇ ਰਾਜ ਸੁਖ ਭੋਗ ਰਿਹਾ ਹੈ। ਉਸ ਨੂੰ ਮੇਰੀ ਯਾਦ ਕਿਵੇਂ ਆਵੇਗੀ?

ਅਚਾਨਕ ਹੀ ਮਾਤਾ ਮਰੂ ਦੇਵੀ ਦੀ ਸੋਚ ਨੇ ਪਲਟਾ ਖਾਦਾ। ਉਹ ਸੋਚਨ ਲੱਗੀ ਕੀ ਮੇਰਾ ਪੁੱਤਰ ਪ੍ਰਤੀ ਮੋਹ ਬੇਕਾਰ ਹੈ। ਸੰਸਾਰ ਵਿੱਚ ਸਾਰੇ ਰਿਸ਼ਤੇ ਝੂੱਠੇ ਅਤੇ ਖਤਮ ਹੋਣ ਵਾਲੇ ਹਨ। ਇਸ ਪ੍ਰਕਾਰ ਸੋਚਦੇ ਸੋਚਦੇ ਹਾਥੀ ਦੇ ਹੋਦੇ ਤੇ ਬੈਠੀ ਮਾਤਾ ਮਰੂ ਦੇਵੀ ਨੂੰ ਕੇਵਲ ਗਿਆਨ ਪ੍ਰਾਪਤ ਹੋ ਗਿਆ। ਉਹ ਮੋਕਸ਼ ਨੂੰ ਜਾਣ ਵਾਲੀ ਪਹਿਲੀ ਇਸਤਰੀ ਬਣੀ। ਇਹ ਸਭ ਸ਼ੁਭ ਭਾਵ ਦਾ ਹੀ ਫੱਲ ਸੀ, ਕਿ ਮਾਤਾ ਮਰੂ ਦੇਵੀ ਅਪਣੀ ਸਹਿਜਤਾ, ਸ਼ਰਲਤਾ ਅਤੇ ਵਿਨਮਰਤਾ ਨਾਲ ਹਾਥੀ ਉੱਪਰ ਬੈਠੀ ਨੂੰ ਹੀ ਕੇਵਲ ਗਿਆਨ ਪ੍ਰਾਪਤ ਹੋ ਗਿਆ।

45

## ਪੁਸ਼ਪਚੂਲਾ

ਗੱਲ ਬਹੁਤ ਪੁਰਾਣੀ ਹੈ ਅਤੇ ਅਜੀਬ ਵੀ ਹੈ। ਪੁਸ਼ਪਭੱਦਰ ਨਗਰ ਵਿੱਚ ਪੁਸ਼ਪਕੇਤੂ ਨਾਂ ਦਾ ਰਾਜਾ ਰਾਜ ਕਰਦਾ ਸੀ। ਰਾਜਾ ਤੇ ਪਰਜਾ ਦਾ ਸੰਬਧ ਦੁੱਧ ਤੇ ਪਾਣੀ ਵਰਗਾ ਸੀ। ਦੋਹਾਂ ਨੂੰ ਅੱਡ ਸਮਝਣਾ ਬਹੁਤ ਔਖਾ ਸੀ। ਇੱਕ ਵਾਰ ਰਾਜਾ ਪੁਸ਼ਪਕੇਤੂ ਨੇ ਆਮ ਲੋਕਾਂ ਦੀ ਇੱਕ ਸਭਾ ਰਾਜ ਮਹਿਲ ਵਿੱਚ ਬੁਲਾਈ ਅਤੇ ਘੋਸ਼ਣਾ ਕੀਤੀ; ਅੱਜ ਮੈਂ ਆਪ ਨੂੰ ਸੂਚਿਤ ਕਰਦਾ ਹਾਂ ਕਿ ਮੇਰਾ ਪੁੱਤਰ ਪੁਸ਼ਪਚੂਲ ਮੇਰੀ ਪੁੱਤਰੀ ਪੁਸ਼ਪਚੂਲਾ ਨਾਲ ਸ਼ਾਦੀ ਕਰਨਾ ਚਾਹੁੰਦਾ ਹੈ। ਦੋਹੇ ਜਨਮ ਤੋਂ ਇੱਕਠੇ ਰਹੇ ਹਨ ਅਤੇ ਸ਼ਾਦੀ ਕਰਕੇ ਇੱਕ ਦੂਜੇ ਤੋਂ ਅੱਡ ਨਹੀਂ ਹੋਣਾ ਚਾਹੁੰਦੇ ਇਸੇ ਕਰਕੇ ਮੈਨੂੰ ਮਜ਼ਬੂਰੀ ਵੱਸ ਇਹ ਕਰਨਾ ਪੈ ਰਿਹਾ ਹੈ। ਜੇ ਕਿਸੇ ਨੂੰ ਇਸ ਵਿੱਚ ਇਤਰਾਜ ਹੋਵੇ ਤਾਂ ਮੈਨੂੰ ਆਖੇ।

ਰਾਜੇ ਦੀ ਇਸ ਬੇਢੰਗੀ ਸੂਚਨਾ ਤੋਂ ਪਰਜਾ ਨੂੰ ਬਹੁਤ ਹੈਰਾਨੀ ਹੋਈ। ਲੋਕ ਸੋਚਣ ਲੱਗੇ ਕਿ ਭੈਣ ਤੇ ਭਰਾ ਦੀ ਸ਼ਾਦੀ ਕਿਵੇਂ ਸੰਭਵ ਹੈ। ਉਹ ਵੀ ਇੱਕ ਰਾਜ ਪਰਿਵਾਰ ਵਿੱਚ। ਨਾ ਰਾਜਕੁਮਾਰ ਨੂੰ ਕੁੜੀਆਂ ਦੀ ਘਾਟ ਹੈ ਅਤੇ ਨਾ ਰਾਜਕੁਮਾਰੀ ਨੂੰ ਮੁੰਡੀਆਂ ਦੀ ਘਾਟ ਹੈ। ਰਾਜੇ ਦੀ ਗੱਲ ਕੱਟਣ ਦੀ ਹਿਮਤ ਕਿਸੇ ਵਿੱਚ ਨਹੀਂ ਸੀ। ਸਾਰੇ ਪੱਥਰ ਬਣੇ ਗੱਲ ਸੁਣਦੇ ਰਹੇ। ਪਰਜਾ ਨੂੰ ਚੁੱਪ ਵੇਖ ਕੇ ਰਾਜੇ ਨੇ ਆਖਣਾ ਸੁਰੂ ਕੀਤਾ ਕਿ ਤੁਸੀਂ ਹੈਰਾਨੀ ਵਿੱਚ ਕਿਉਂ ਪੈ ਗਏ ਹੋ, ਭਗਵਾਨ ਰਿਸ਼ਭ ਦੇਵ ਤੋਂ ਪਹਿਲਾਂ ਵੀ ਯੂਗਲੀਆ ਪ੍ਰਥਾ ਸੀ। ਇਸਤਰੀ ਪੁਰਸ਼ ਇਕੋ ਸਮੇਂ ਜਨਮ ਲੈਂਦੇ, ਬੜੇ ਹੋ ਕੇ ਆਪਸ ਵਿੱਚ ਸ਼ਾਦੀ ਕਰ ਲੈਂਦੇ ਸਨ। ਭਗਵਾਨ ਰਿਸ਼ਭ ਦੇਵ ਨੇ ਇਸ ਪ੍ਰਥਾ ਨੂੰ ਸਮਾਪਤ ਕਰਕੇ ਸ਼ਾਦੀ ਦੀ ਪ੍ਰਥਾ ਚਲਾਈ।

ਰਾਜੇ ਦੀ ਅਜਿਹੀ ਗੱਲ ਸੁਣਕੇ ਲੋਕਾਂ ਨੇ ਆਖਿਆ, “ਮਹਾਰਾਜ! ਪੁੱਤਰ, ਪੁੱਤਰੀ ਤੁਹਾਡੇ ਹਨ। ਜਿਸ ਤਰ੍ਹਾਂ ਆਪ ਨੂੰ ਯੋਗ ਹੋਵੇ ਕਰੋ”। ਇਸ ਪ੍ਰਕਾਰ ਪੁਸ਼ਪਚੂਲ ਤੇ

ਪੁਸ਼ਪਚੂਲਾ ਦੀ ਸ਼ਾਦੀ ਰਾਜੇ ਪੁਸ਼ਪਕੇਤੂ ਨੇ ਕਰ ਦਿੱਤੀ। ਪਰ ਪਤਨੀ ਪਤੀ ਹੋਣ ਦੇ ਬਾਵਜੂਦ ਵੀ ਉਹ ਭੈਣ ਭਾਈ ਬਣੇ ਰਹੇ। ਲੰਬਾ ਸਮਾਂ ਰਾਜ ਕਰਨ ਤੋਂ ਬਾਅਦ ਜਦੋਂ ਰਾਜਾ ਪੁਸ਼ਪਕੇਤੂ ਤੇ ਰਾਣੀ ਦੀ ਮੌਤ ਹੋ ਗਈ ਤਾਂ ਪੁਸ਼ਚੂਲ ਨੇ ਰਾਜ ਸੰਭਾਲ ਲਿਆ। ਪਰ ਪੁਸ਼ਪਚੂਲਾ ਦਾ ਮਨ ਰਾਜ ਮਹਿਲ ਵਿੱਚ ਨਹੀਂ ਲੱਗਦਾ ਸੀ।

ਇੱਕ ਵਾਰ ਅਚਾਰਿਆ ਅਨਿਕਾ ਪੁੱਤਰ ਦਾ ਉਪਦੇਸ਼ ਸੁਣ ਕੇ, ਉਹ ਅਪਣੇ ਭਾਈ ਤੋਂ ਪੁੱਛ ਕੇ ਸਾਧਵੀ ਬਣ ਗਈ। ਅਚਾਰਿਆ ਬੁਢੇ ਸਨ, ਉਹਨਾਂ ਦੀਖਿਆ ਲੈਣ ਤੋਂ ਬਾਅਦ ਵੀ ਪੁਸ਼ਪਚੂਲਾ ਨੂੰ ਅਪਣੇ ਕੋਲ ਰਹਿਣ ਦੀ ਆਗਿਆ ਦੇ ਦਿੱਤੀ। ਉਸ ਨੇ ਸਾਧਵੀ ਬਣ ਕੇ ਅਪਣੇ ਗੁਰੂ ਦੀ ਇਸ ਪ੍ਰਕਾਰ ਨਾਲ ਸੇਵਾ ਕੀਤੀ ਕਿ ਉਸ ਨੂੰ ਛੇਤੀ ਹੀ ਕੇਵਲ ਗਿਆਨ ਪ੍ਰਾਪਤ ਹੋ ਗਿਆ। ਇੱਕ ਵਾਰ ਉਹ ਕਿਸੇ ਕੰਮ ਲਈ ਬਾਹਰ ਗਈ, ਸਾਰੇ ਪਾਸੇ ਪਾਣੀ ਫੈਲਿਆ ਹੋਇਆ ਸੀ। ਉਸ ਦੇ ਵਾਪਸ ਆਉਣ ਤੇ ਗੁਰੂ ਨੇ ਆਖਿਆ, “ਤੈਂ ਇਹ ਚੰਗਾ ਨਹੀਂ ਕੀਤਾ” ਪੁਸ਼ਪਚੂਲਾ ਨੇ ਆਖਿਆ, “ਮਹਾਰਾਜ! ਮੈਂ ਉਚਿੱਤ (ਗ੍ਰਹਿਣ ਕਰਨਯੋਗ) ਪਾਣੀ ਉੱਪਰ ਚੱਲ ਕੇ ਆਈ ਹਾਂ”। ਗੁਰੂ ਨੇ ਪੁੱਛਿਆ ਤੈਨੂੰ ਕਿਵੇਂ ਪਤਾ ਲੱਗਿਆ? ਸਿਰ ਝੁਕਾ ਕੇ ਪੁਸਪਚੂਲਾ ਨੇ ਆਖਿਆ ਕਿ ਇਹ ਸਭ ਆਪ ਦੀ ਕ੍ਰਿਪਾ ਨਾਲ ਹੋਇਆ ਹੈ। ਅਚਾਰਿਆ ਨੇ ਉਸੇ ਸਮੇਂ ਕੇਵਲੀ ਦੇ ਮਨ ਨੂੰ ਦੁਖਾਉਣ ਕਾਰਨ ਸਾਧਵੀ ਤੋਂ ਖਿਮਾ ਮੰਗੀ। ਉਸ ਦੇ ਕੇਵਲ ਗਿਆਨ ਹੋਣ ਦਾ ਸਮਾਚਾਰ ਆਮ ਲੋਕਾਂ ਤੱਕ ਪਹੁੰਚਿਆ। ਪੁਸ਼ਪਚੂਲ ਵੀ ਅਪਣੀ ਭੈਣ ਨੂੰ ਬੰਦਨਾ ਕਰਨ ਲਈ ਆਏ। ਚਾਰੇ ਪਾਸੇ ਉਸ ਦੀ ਜੈ ਜੈਕਾਰ ਹੋ ਗਈ। ਸੁਭ ਭਾਵ ਨਾਲ ਹੀ ਅਕਸ਼ਰ ਉੱਚੇ ਪੱਦ ਦੀ ਪ੍ਰਾਪਤੀ ਹੁੰਦੀ ਹੈ। ਇਸ ਦੇ ਲਈ ਕੋਈ ਉਪਾਅ ਨਹੀਂ ਕਰਨਾ ਪੈਂਦਾ ਜਿਵੇਂ ਅਨਿਕਾਪੁਤਰ ਅਚਾਰਿਆ ਦੀ ਬੁਢਾਪੇ ਵਿੱਚ ਪੁਸ਼ਪਚੂਲਾ ਨੇ ਸੇਵਾ ਕੀਤੀ ਅਤੇ ਸੇਵਾ ਕਰਦੇ ਕਰਦੇ ਕੇਵਲ ਗਿਆਨ ਪ੍ਰਾਪਤ ਕੀਤਾ। ਇਹ ਸਭ ਸ਼ੁਭ ਭਾਵ ਦੇ ਕਾਰਨ ਹੀ ਸੰਭਵ ਹੋਇਆ।

46

## ਸਕੰਦਕ ਮੁਨੀ ਦਾ ਚੇਲਾ

ਸ਼੍ਰਾਵਸਤੀ ਨਗਰੀ ਦੇ ਰਾਜਾ ਜਿਤਸ਼ਤਰੂ ਦਾ ਪਿਆਰਾ ਪੁੱਤਰ ਸਕੰਦਕ ਕੁਮਾਰ ਬਚਪਨ ਤੋਂ ਹੀ ਧਰਮ ਪ੍ਰਤੀ ਸ਼ਰਧਾਵਾਨ ਸੀ। ਇੱਕ ਵਾਰ ਮਿੱਤਰ ਦੇਸ਼ ਦੇ ਮੰਤਰੀ ਪਾਲਕ ਕਿਸੇ ਕੰਮ ਸ਼੍ਰਾਵਸਤੀ ਨਗਰੀ ਆਏ ਹੋਏ ਸਨ। ਉਹਨਾਂ ਰਾਜ ਸੰਬਧੀ ਕੰਮ ਕਰਨ ਤੋਂ ਬਾਅਦ ਰਾਜ ਸਭਾ ਵਿੱਚ ਮੰਤਰੀ ਨੇ ਧਰਮ ਚਰਚਾ ਚਲਾਈ ਅਤੇ ਆਖਿਆ, “ਸਵਰਗ, ਨਰਕ, ਆਤਮਾ, ਪੁੰਨ ਪਾਪ ਆਦਿ ਸਭ ਧਰਮ ਆਚਰਿਆਂ ਦੇ ਢੱਕੋਂਸਲੇ ਹਨ। ਅਸਲ ਵਿੱਚ ਮੌਤ ਤੋਂ ਬਾਅਦ ਕੁੱਝ ਵੀ ਨਹੀਂ ਹੈ” ਸਕੰਦਕ ਕੁਮਾਰ ਇਹ ਚਰਚਾ ਪਸੰਦ ਨਾ ਆਈ ਉਹਨਾਂ ਮੰਤਰੀ ਨਾਲ ਖੁਲ੍ਹੀ ਚਰਚਾ ਕੀਤੀ ਅਤੇ ਯੁਕਤੀ ਨਾਲ ਮੰਤਰੀ ਦੀ ਹਰ ਗੱਲ ਦਾ ਖੰਡਣ ਕੀਤਾ। ਸਕੰਦਕ ਕੁਮਾਰ ਦੇ ਮੁੱਖੋ ਧਰਮ ਦੀ ਇਸ ਪ੍ਰਕਾਰ ਚਰਚਾ ਸੁਣ ਕੇ ਸਾਰੇ ਮੰਤਰੀ ਪ੍ਰਸ਼ਨ ਹੋਏ ਅਤੇ ਰਾਜਕੁਮਾਰ ਦੀ ਗੱਲ ਨੂੰ ਸੱਚ ਮੰਨ ਲੱਗੇ ਮੰਤਰੀ ਪਾਲਕ ਦਾ ਪੱਖ ਕਿਸੇ ਨੂੰ ਪਸੰਦ ਨਹੀਂ ਆਇਆ। ਸ਼ਰਮਿੰਦਾ ਹੋ ਕੇ ਪਾਲਕ ਉੱਥੋਂ ਚਲਾ ਗਿਆ ਅਤੇ ਬਦਲਾ ਲੈਣ ਲਈ ਮੌਕਾ ਤਲਾਸ ਕਰਨ ਲੱਗਾ।

ਇੱਕ ਸਮੇਂ ਭਗਵਾਨ ਮੁਨੀਸਵਰਤ ਸਵਾਮੀ ਸ਼੍ਰਾਵਸਤੀ ਨਗਰੀ ਪਧਾਰੇ। ਰਾਜ ਕੁਮਾਰ ਸਕੰਦਕ ਅਤੇ ਹੋਰ ਲੋਕ ਭਗਵਾਨ ਨੂੰ ਨਮਸਕਾਰ ਕਰਨ ਅਤੇ ਵੇਖਣ ਆਏ। ਭਗਵਾਨ ਦਾ ਉਪਦੇਸ਼ ਸੁਣ ਕੇ ਰਾਜਕੁਮਾਰ ਨੂੰ ਵੈਰਾਗ ਉਤਪਨ ਹੋ ਗਿਆ ਅਤੇ ਉਹ 500 ਰਾਜਕੁਮਾਰਾਂ ਨਾਲ ਭਗਵਾਨ ਮੁਨੀਸਵਰਤ ਸਵਾਮੀ ਕੋਲ ਦੀਖਿਅਤ ਹੋ ਗਿਆ। ਸੰਜਮ ਧਾਰਨ ਕਰਕੇ ਉਸ ਨੇ ਬਿਨੈ ਪੁਰਵਕ ਗਿਆਨ ਦਾ ਆਚਰਨ ਕੀਤਾ। ਉਹ ਨਿਰਮਲ ਭਾਵ ਨਾਲ ਤੱਪਸਿਆ ਕਰਨ ਲੱਗਾ।

ਇੱਕ ਵਾਰ ਸਕੰਦਕ ਮੁਨੀ ਨੇ ਭਗਵਾਨ ਮੁਨੀਸਵਰਤ ਤੋਂ ਇਕਲੇ ਧਰਮ ਪ੍ਰਚਾਰ ਕਰਨ ਦੀ ਆਗਿਆ ਮੰਗੀ। ਭਗਵਾਨ ਨੇ ਆਖਿਆ ਸਕੰਦਕ ਇਕਲੇ ਘੁੰਮਣ ਨਾਲ ਤੈਨੂੰ ਕਸ਼ਟ ਹੋਣ ਦੀ ਸੰਭਾਵਨਾ ਹੈ। ਤੇਰੇ 500 ਚੇਲੇ ਤਾਂ ਜੀਵਨ ਦਾ ਅੰਤਮ ਉਦੇਸ਼ ਪ੍ਰਾਪਤ ਕਰ ਲੈਣਗੇ ਪਰ ਤੇਰਾ ਕਲਿਆਣ ਨਹੀਂ ਹੋਵੇਗਾ। ਸਕੰਦਕ ਮੁਨੀ ਨੇ ਭਾਵਨਾ ਵੱਸ ਭਗਵਾਨ ਮੁਨੀਸਵਰਤ ਸਵਾਮੀ ਦੀ ਗੱਲ ਦੀ ਪ੍ਰਵਾਹ ਨਾ ਕੀਤੀ। ਉਸ ਨੇ ਅਪਣੇ ਚੇਲੇ ਨਾਲ ਦੰਡਕਆਰਨਿਆ ਵੱਲ ਚਲਾ ਗਿਆ। ਸਕੰਦਕ 500 ਮੁਨੀਆਂ ਦੇ ਨਾਲ ਘੁੰਮਦੇ ਹੋਏ ਸ਼ਹਿਰ ਦੇ ਬਾਹਰ ਬਾਗ ਵਿੱਚ ਪਧਾਰੇ। ਅਚਾਰਿਆ ਦੇ ਵਿਰਾਜਨ ਦੀ ਖਬਰ ਸੁਣ ਕੇ ਰਾਜਾ ਅਤੇ ਮੰਤਰੀ ਪਾਲਕ ਉਹਨਾਂ ਦੇ ਦਰਸ਼ਨ ਕਰਨ ਲਈ ਆਏ। ਮੁਨੀ ਨੂੰ ਵੇਖਦੇ ਸਾਰ ਮੰਤਰੀ ਦਾ ਪੁਰਾਣਾ ਵੈਰ ਜਾਗ ਪਿਆ। ਉਸ ਨੇ ਇੱਕ ਖਤਰਨਾਕ ਖੇਡ ਖੇਡੀ, ਉਸ ਨੇ ਬਾਗ ਦੇ ਚਾਰੇ ਪਾਸੇ ਹਥਿਆਰ ਗੱਡ ਦਿਤੇ ਅਤੇ ਮੌਕਾ ਵੇਖ ਕੇ ਰਾਜੇ ਨੂੰ ਆਖਿਆ, "ਇਹ ਤਾਂ ਦਿਖਾਵੇ ਦਾ ਮੁਨੀ ਹੈ। ਅਸਲ ਵਿੱਚ ਤਾਂ ਇਹ ਤੁਹਾਨੂੰ ਅਪਣੇ 500 ਸਿਪਾਹਿਆਂ ਨੂੰ ਲੈ ਕੇ ਗੱਦੀ ਤੋਂ ਉਤਾਰਨ ਲਈ ਆਇਆ ਹੈ"।

ਰਾਜੇ ਨੇ ਗੁਪਤ ਜਾਂਚ ਕਰਵਾਈ ਤਾਂ ਉਸ ਨੂੰ ਮੰਤਰੀ ਦੀ ਗੱਲ ਸਹੀ ਲੱਗਣ ਲੱਗੀ। ਉਸ ਨੇ ਮੰਤਰੀ ਨੂੰ ਖੁਲ੍ਹਾ ਹੁਕਮ ਦਿਤਾ, "ਇਹਨਾਂ ਸਾਜਿਸ ਕਰਨ ਵਾਲੇ ਸਾਧੂਆਂ ਨੂੰ ਅਪਣੇ ਮਨ ਮਰਜੀ ਅਨੁਸਾਰ ਦੰਢ ਦੇਵੋ"। ਹੁਣ ਪਾਲਕ ਨੂੰ ਅਪਣਾ ਬਦਲਾ ਲੈਣ ਦਾ ਚੰਗਾ ਮੌਕਾ ਮਿਲ ਗਿਆ ਸੀ। ਉਸ ਨੇ ਗੁੱਸੇ ਵਿੱਚ ਆ ਕੇ ਆਖਿਆ, ਬਾਗ ਵਿੱਚ ਤੇਲ ਵਾਲਾ ਕੋਹਲੂ ਲਗਾਉ ਅਤੇ ਇਹਨਾਂ ਸਾਧੂਆਂ ਨੂੰ ਉਸ ਵਿੱਚ ਪੀੜ ਦਿਉ।

ਪਾਪੀ ਸਜਾ ਦੇਣ ਵਾਲੀਆਂ ਨੂੰ ਜਦੋ ਸਾਧੂਆਂ ਨੂੰ ਅਜਿਹਾ ਹੁਕਮ ਸੁਣਾਇਆ ਤਾਂ ਸਾਰੇ ਅਚੰਬੇ ਵਿੱਚ ਰਹਿ ਗਏ ਸਾਧੂਆਂ ਨੇ ਅਪਣਾ ਅੰਤਮ ਸਮਾਂ ਜਾਣ ਕੇ ਗੁਰੂ ਦੇ ਸਾਹਮਣੇ ਆਲੋਚਨਾ, ਨਿੰਦਾ ਅਤੇ ਪ੍ਰਤੀਕ੍ਰਮਨ ਰਾਹੀਂ ਆਤਮਾ ਸ਼ੁਧ ਕੀਤੀ ਤੇ ਫੇਰ ਆਖਰੀ ਸਮੇਂ

ਸਮਾਧੀ ਭਾਵ ਨਾਲ ਕੇਵਲ ਗਿਆਨ ਪ੍ਰਾਪਤ ਕਰ ਲਿਆ। ਹੁਣ ਪਾਲਕ 499 ਸਾਧੂ ਘਾਣੀ ਵਿੱਚ ਪੀੜ ਚੁਕਾ ਸੀ ਸਭ ਤੋਂ ਛੋਟੇ ਸਾਧੂ ਦੀ ਬਾਰੀ ਆਈ ਤਾਂ ਸਕੰਦਕ ਅਚਾਰਿਆ ਨੇ ਉਸ ਪ੍ਰਤੀ ਮੋਹ ਜਾਗ ਪਿਆ। ਅਚਾਰਿਆ ਨੇ ਆਖਿਆ ਇਸ ਬੱਚੇ ਤੋਂ ਪਹਿਲਾਂ ਮੈਨੂੰ ਪੀੜ ਦਿਉ। ਉਸ ਤੋਂ ਬਾਅਦ ਇਸ ਛੋਟੇ ਸਾਧੂ ਨੂੰ ਪੀੜ ਦੇਣਾ, ਮੈਂ ਇਸ ਸਾਧੂ ਨੂੰ ਇਸ ਪ੍ਰਕਾਰ ਦੀ ਮੌਤ ਮਰਦੇ ਨਹੀਂ ਵੇਖਣਾ ਚਾਹੁੰਦਾ। ਸਜਾ ਦੇਣ ਵਾਲੇ ਨੇ ਇਸ ਗੱਲ ਤੇ ਕੋਈ ਧਿਆਨ ਨਹੀਂ ਦਿਤਾ ਉਸ ਨੇ ਛੋਟੇ ਮੁਨੀ ਨੂੰ ਅਚਾਰਿਆ ਦੇ ਸਾਹਮਣੇ ਪੀੜ ਦਿਤਾ। ਅਚਾਰਿਆ ਸਕੰਦਕ ਨੇ ਗੁੱਸੇ ਕਾਰਨ ਪਾਲਕ ਦਾ ਨਾਸ਼ ਕਰ ਦਿਤਾ, ਸ਼ੁਭ ਭਾਵ ਕਾਰਨ 500 ਸਾਧੂ ਤਾਂ ਕੇਵਲ ਗਿਆਨ ਪ੍ਰਾਪਤ ਕਰਕੇ ਧਰਮ ਦੇ ਅਰਾਧਕ ਬਣੇ। ਸਕੰਦਕ ਮੁਨੀ ਦੇ ਚੇਲੇ ਸ਼ੁਭ ਭਾਵ ਕਾਰਨ ਕੇਵਲ ਗਿਆਨ ਨੂੰ ਪ੍ਰਾਪਤ ਹੋਏ। ਇਹ ਭਾਵ ਸ਼ੁਧੀ ਦਾ ਸਪਸ਼ਟ ਉਦਾਹਰਨ ਹੈ।

47

## ਦੁਰਦਰ (ਕੱਛੂ)

ਕਿਸੇ ਸਮੇਂ ਮਘਧ ਦੇਸ਼ ਦੀ ਰਾਜਧਾਨੀ ਰਾਜਗ੍ਰਹਿ ਵਿੱਚ ਭਗਵਾਨ ਮਹਾਵੀਰ ਦੀ ਧਰਮ ਸ਼ਭਾ ਵਿੱਚ ਦੁਰਦਰ ਨਾਂ ਦਾ ਮਹਾਨ ਸੰਪਤੀ ਵਾਲਾ ਦੇਵਤਾ ਆਉਂਦਾ ਹੈ। ਭਗਵਾਨ ਮਹਾਵੀਰ ਨੂੰ ਨਮਸਕਾਰ ਕਰਕੇ ਵਾਪਸ ਜਾ ਰਿਹਾ ਸੀ। ਗੌਤਮ ਸਵਾਮੀ ਨੇ ਉਸ ਦੇ ਪਿਛਲੇ ਜਨਮ ਦਾ ਹਾਲ ਪੁਛਿਆ, ਤਾਂ ਭਗਵਾਨ ਮਹਾਵੀਰ ਨੇ ਆਖਿਆ, "ਗੋਤਮ ਇਹ ਦੁਰਦਰ ਰਾਜਗ੍ਰਹਿ ਨਗਰੀ ਦੇ ਨੰਦ ਮਨੀਕਾਰ ਸੇਠ ਦਾ ਜੀਵ ਹੈ। ਪਿਛਲੇ ਜਨਮ ਵਿੱਚ ਇਸ ਨੇ ਧਰਮ ਦੀ ਵਿਰਾਧਨਾ ਕੀਤੀ, ਸਿੱਟੇ ਵਜੋਂ ਇਸ ਨੂੰ ਅੰਤ ਸਮੇਂ ਕੋਹੜ ਰੋਗ ਪੈਦਾ ਹੋ ਗਿਆ। ਇਹ ਅਪਣੀ ਬਣਾਈ ਸੁੰਦਰ ਬਾਵੜੀ ਵਿੱਚ ਮੋਹ ਕਾਰਨ ਕੱਛੂ ਦੇ ਰੂਪ ਵਿੱਚ ਪੈਦਾ ਹੋਇਆ।

ਕੁੱਝ ਸਮੇਂ ਬਾਅਦ ਉਸ ਬਾਗ ਵਿੱਚ ਆਉਣ ਵਾਲੇ ਲੋਕਾਂ ਨੇ ਨੰਦ ਮਨੀਕਾਰ ਦੀ ਪ੍ਰਸ਼ੰਸਾ ਅਤੇ ਮਹਿਮਾ ਸੁਣੀ। ਉਸ ਕੱਛੂ ਨੂੰ ਇਹ ਮਹਿਮਾ ਸੁਣ ਕੇ ਜਾਤੀ ਸਿਮਰਨ ਗਿਆਨ ਪ੍ਰਾਪਤ ਹੋ ਗਿਆ। ਉਸ ਨੂੰ ਯਾਦ ਆਇਆ ਕਿ ਮੈਂ ਪਿਛਲੇ ਜਨਮ ਵਿੱਚ ਭਗਵਾਨ ਮਹਾਵੀਰ ਦਾ ਉਪਾਸ਼ਕ ਬਣਿਆ ਸੀ। ਸਾਧੂਆਂ ਦੀ ਸੰਗਤ ਨਾ ਮਿਲਣ ਕਾਰਨ ਮੈਂ ਝੂਠੇ ਵਿਸ਼ਵਾਸ ਵਿੱਚ ਫਸ ਕੇ ਹੁਣ ਕੱਛੂ ਦੀ ਜੂਨੀ ਵਿੱਚ ਆ ਗਿਆ ਹਾਂ। ਜੀਵਨ ਦੇ ਸੁਧਾਰ ਲਈ ਮੈਨੂੰ ਉਪਾਸਕ ਦੇ ਵਰਤਾਂ ਦੀ ਅਰਾਧਨਾ ਕਰਨੀ ਚਾਹਿਦੀ ਹੈ। ਉਸ ਨੇ ਬਾਵੜੀ ਵਿੱਚ ਹੀ ਦੋ ਦੋ ਵਰਤਾਂ ਦੀ ਤੱਪਸਿਆ ਅਤੇ ਪਾਰਨਾ ਕਰਨਾ ਸ਼ੁਰੂ ਕੀਤਾ। ਉਹ ਬਾਵੜੀ ਦੇ ਕਿਨਾਰੇ ਸ਼ੁੱਧ ਇਸ਼ਨਾਨ ਰਾਹੀਂ ਜਲ ਅਤੇ ਮਿਟੀ ਰਾਹੀਂ ਜੀਵਨ ਗੁਜਾਰਨ ਲੱਗਾ। ਸੰਜੋਗ ਨਾਲ ਇੱਕ ਵਾਰ ਫੇਰ ਉਸ ਨਗਰੀ ਵਿਚ ਭਗਵਾਨ ਮਹਾਵੀਰ ਪਧਾਰੇ। ਸਾਰੇ ਸ਼ਹਿਰ ਵਿੱਚ ਭਗਵਾਨ ਮਹਾਵੀਰ ਦੇ ਪਧਾਰਨ ਦੀ ਖਬਰ ਫੈਲ ਗਈ। ਲੋਕ ਬਾਵੜੀ ਦੇ ਕਿਨਾਰੇ ਬੈਠ ਕੇ ਉਹਨਾ ਦੇ ਪਧਾਰਨ ਦੀਆਂ ਗੱਲਾਂ ਕਰਨ ਲੱਗੇ। ਇਹ ਸੁਣ ਕੇ ਕੱਛੂ ਦਾ ਜੀਵ ਇੱਕ ਕਮਲ ਦਾ ਫੁੱਲ ਲੈ ਕੇ

ਬਾਵੜੀ ਤੋਂ ਬਾਹਰ ਭਗਵਾਨ ਮਹਾਵੀਰ ਦੇ ਦਰਸ਼ਨ ਕਰਨ ਲਈ ਨਿਕਲਿਆ। ਉਹ ਹੋਲੀ ਹੋਲੀ ਸੜਕ ਤੇ ਆਇਆ ਅਤੇ ਕੱਛੂ ਵਾਲੀ ਚਾਲ ਚੱਲਦਾ ਹੋਇਆ ਅੱਗੇ ਵਧਨ ਲੱਗਾ।

ਜਦੋਂ ਸੜਕ ਦੇ ਵਿਚਾਕਰ ਆਇਆ ਤਾਂ ਮਹਾਰਾਜਾ ਸ਼੍ਰੇਣਿਕ ਦੇ ਹਾਥੀ ਦੇ ਪੈਰ ਹੇਠਾਂ ਆ ਗਿਆ। ਮਰਦੇ ਸਮੇਂ ਉਸ ਨੂੰ ਅਰਿਹੰਤਾ ਅਤੇ ਸਿਧਾਂ ਤੋਂ ਬਾਅਦ ਭਗਵਾਨ ਮਹਾਵੀਰ ਨੂੰ ਨਮਸਕਾਰ ਅਤੇ ਸਾਰੇ ਜੀਵਨ ਲਈ ਪਾਪਾ ਦਾ ਤਿਆਗ ਕਰਕੇ ਸਮਾਧੀ ਮਰਨ ਧਾਰਨ ਕੀਤਾ। ਹੇ ਗੌਤਮ ਇਹ ਹੀ ਕੱਛੂ ਦਾ ਜੀਵ ਮਰ ਕੇ ਇਹ ਵਿਸ਼ਾਲ ਸੰਪਤੀ ਵਾਲਾ ਦੇਵ ਬਣਿਆ ਹੈ। ਦੇਵ ਯੋਨੀ ਦੀ ਉਮਰ ਪੂਰੀ ਕਰਕੇ ਇਹ ਮਹਾਂ ਵਿਦੇਹ ਖੇਤਰ ਵਿੱਚ ਜਨਮ ਲਵੇਗਾ ਅਤੇ ਕਰਮਾਂ ਦਾ ਖਾਤਮਾ ਕਰਕੇ ਸਿੱਧ ਬੁੱਧ ਅਤੇ ਮੁਕਤ ਹੋਵੇਗਾ।

ਸ਼ੁਧ ਮਨ ਨਾਲ ਅੰਤ ਸਮੇਂ ਜੀਵ ਦੀ ਜਿਹੋ ਜੇਹੀ ਭਾਵਨਾ ਹੁੰਦੀ ਹੈ। ਉਸ ਨੂੰ ਉਸੇ ਪ੍ਰਕਾਰ ਦਾ ਫਲ ਉਸੇ ਸਮੇਂ ਮਿਲ ਜਾਂਦਾ ਹੈ। ਜਿਵੇਂ ਕੱਛੂ ਅਪਣੀ ਚਾਲ ਚੱਲ ਕੇ ਭਗਵਾਨ ਮਹਾਂਵੀਰ ਨੂੰ ਨਮਸਕਾਰ ਕਰਨ ਲਈ ਚੱਲਿਆ ਅਤੇ ਰਾਹ ਵਿੱਚ ਹੀ ਮਰ ਗਿਆ। ਉਹ ਭਗਵਾਨ ਮਹਾਂਵੀਰ ਨੂੰ ਨਮਸਕਾਰ ਨਾ ਕਰ ਸਕਿਆ ਪਰ ਸ਼ੁਭ ਭਾਵਨਾ ਕਰਨ ਦਦੂੱਰ ਨਾਂ ਦਾ ਦੇਵ ਬਣ ਗਿਆ। ਇਸ ਪ੍ਰਕਾਰ ਆਚਰਨ ਦੇ ਬਿਨ੍ਹਾ ਵੀ ਉੱਚ ਭਾਵਨਾ ਨੇ ਫਲ ਦਿਤਾ।

48

## ਚੰਡਰੁਦਰਚਾਰਿਆ

ਉਜੈਨੀ ਨਗਰੀ ਵਿੱਚ ਚੰਡਰੁਦਰਚਾਰਿਆ ਨਾਂ ਦਾ ਇੱਕ ਅਚਾਰਿਆ ਅਪਣੀ ਸਾਧੂ ਮੰਡਲੀ ਨਾਲ ਰਹਿੰਦੇ ਸਨ। ਅਚਾਰਿਆ ਅਪਣੇ ਸੁਭਾਅ ਨਾਮ ਦੇ ਅਨੁਸਾਰ ਹੀ ਸੀ। ਉਹ ਗੱਲ ਗੱਲ ਤੇ ਕਰੋਧ ਨਾਲ ਲਾਲ ਪੀਲੇ ਹੋ ਜਾਂਦੇ ਸਨ। ਸਿੱਟੇ ਵਜੋਂ ਉੱਲਟ ਵਾਤਾਵਰਨ ਵਿੱਚ ਵੀ ਉਹ ਅਪਣੀ ਆਤਮਾ ਨੂੰ ਬਚਾਉਣ ਲਈ ਕਿਸੇ ਲੋਕਾਂ ਤੋਂ ਰਹਿਤ ਸੁੰਨਸਾਨ ਥਾਂ ਤੇ ਜਾ ਕੇ ਸਵਾਧਿਆਏ ਕਰਨ ਲੱਗੇ। ਇੱਕ ਵਾਰ ਕਿਸੇ ਸੇਠ ਦਾ ਪੁੱਤਰ ਵਿਆਹ ਕਰਕੇ ਅਪਣੇ ਸਾਲੇ ਨਾਲ ਅਚਾਰਿਆ ਦੇ ਦਰਸ਼ਨ ਕਰਨ ਲਈ ਆਇਆ। ਸੇਠ ਦਾ ਸਾਲਾ ਮਜਾਕਿਆ ਕਿਸਮ ਦਾ ਨੋਜਵਾਨ ਸੀ। ਉਹ ਇਹ ਵੀ ਜਾਂਣਦਾ ਸੀ, ਕਿ ਅਚਾਰਿਆ ਗੱਲ ਗੱਲ ਤੇ ਗੁੱਸੇ ਹੋ ਜਾਂਦੇ ਹਨ। ਉਸ ਨੇ ਮਜਾਕ ਮਜਾਕ ਵਿੱਚ ਅਪਣੇ ਜੀਜੇ ਵੱਲ ਇਸ਼ਾਰਾ ਕਰਦੇ ਹੋਏ ਆਖਿਆ, “ਮਹਾਰਾਜ! ਇਹ ਮੇਰੇ ਜੀਜਾ ਜੀ ਬੜੇ ਗਿਆਨੀ ਧਿਆਨੀ ਹਨ, ਅਤੇ ਵੈਰਾਗੀ ਵੀ ਹਨ। ਇਹਨਾਂ ਨੂੰ ਆਪ ਜਿਹੇ ਗੁਰੂ ਦਾ ਚੇਲਾ ਹੋਣਾ ਚਾਹਿਦਾ ਹੈ। ਇਹ ਨਾ ਵੀ ਆਖਣ ਤਾਂ ਵੀ ਆਪ ਇਹਨਾਂ ਨੂੰ ਦੀਖਿਆ ਦੇ ਦਿਉ ਕਿਉਂਕਿ ਆਪ ਜਿਹਾ ਗੁਰੂ ਮਿਲਣਾ ਔਖਾ ਹੈ ਅਤੇ ਆਪ ਨੂੰ ਅਜਿਹਾ ਚੇਲਾ ਮਿਲਣਾ ਔਖਾ ਹੈ”।

ਉਸ ਦੇ ਬਾਰ ਬਾਰ ਆਖਣ ਤੇ ਅਚਾਰਿਆ ਦਾ ਗੁੱਸਾ ਭੜਕ ਗਿਆ। ਉਹਨਾਂ ਗੁੱਸੇ ਵਿੱਚ ਆ ਕੇ ਉਸ ਸੇਠ ਪੁੱਤਰ ਦੇ ਬਾਲ ਪੁੱਟ ਦਿਤੇ ਅਤੇ ਉਸ ਨੂੰ ਸਾਧੂ ਬਣਾ ਲਿਆ। ਸਾਲਾ ਅਚਾਨਕ ਹੋਈ ਇਸ ਘਟਨਾ ਨੂੰ ਵੇਖ ਕੇ ਹੈਰਾਨ ਰਹਿ ਗਿਆ ਅਤੇ ਗੁੱਸੇ ਨਾਲ ਭਰਿਆ ਹੋਇਆ ਘਰ ਚਲਾ ਗਿਆ।

ਕੁੱਝ ਸਮਾਂ ਬੀਤਣ ਤੋਂ ਬਾਅਦ ਨਵੇਂ ਚੇਲੇ ਨੇ ਆਖਿਆ, “ਗੁਰੂ ਦੇਵ ਆਪ ਨੇ ਤਾਂ ਮੈਨੂੰ ਸੰਸਾਰ ਸਾਗਰ ਤੋਂ ਪਾਰ ਕਰ ਦਿੱਤਾ, ਹੁਣ ਤੁਹਾਨੂੰ ਕਸ਼ਟ ਸਹਿਣੇ ਪੈਣਗੇ ਕਿਉਂਕਿ ਮੇਰੀ

ਨਵੀਂ ਸ਼ਾਦੀ ਹੋਈ ਹੈ ਅਤੇ ਆਪ ਨੇ ਮੈਨੂੰ ਚੇਲਾ ਬਣਾ ਲਿਆ ਇਸ ਕਾਰਨ ਮੇਰੇ ਘਰ ਵਾਲੇ ਆਪ ਨਾਲ ਨਰਾਜ ਹੋਣਗੇ। ਜਿਉਂ ਹੀ ਮੇਰਾ ਸਾਲਾ ਇਹ ਸੂਚਨਾ ਮੇਰੇ ਘਰ ਦੇਵੇਗਾ, ਤਾਂ ਉਹ ਗੁੱਸੇ ਵਿੱਚ ਆ ਕੇ ਨਾ ਕਰਨ ਯੋਗ ਕੰਮ ਵੀ ਕਰ ਦੇਣਗੇ। ਆਪ ਨੂੰ ਬੇਨਤੀ ਹੈ ਕਿ ਆਪ ਛੇਤੀ ਹੀ ਇਸ ਸ਼ਹਿਰ ਨੂੰ ਛੱਡ ਦਿਉ। ਇਸੇ ਵਿੱਚ ਹੀ ਸਾਡਾ ਭਲਾ ਹੈ"।

ਇਹ ਸੁਣ ਕੇ ਗੁਰੂ ਦਾ ਕਰੋਧ ਠੰਡਾ ਪੈ ਗਿਆ ਅਤੇ ਉਹ ਆਖਣ ਲੱਗੇ, "ਗੱਲ ਤਾਂ ਤੁਹਾਡੀ ਠੀਕ ਹੈ। ਪਰ ਸ਼ਾਮ ਸਮੇਂ ਚੱਲਣਾ ਸਾਧੂ ਮਰਿਆਦਾ ਦੇ ਉਲਟ ਹੈ"। ਫੇਰ ਉਹ ਨਵੇਂ ਚੇਲੇ ਦੇ ਪ੍ਰੇਰਣਾ ਕਾਰਨ ਅਤੇ ਕੁੱਝ ਡਰ ਕਾਰਨ ਉੱਥੋਂ ਚੱਲ ਪਏ। ਗੁਰੂ ਜੀ ਬੁਢੇ ਸਨ ਅਤੇ ਚੱਲਣ ਤੋਂ ਅਸਮਰਥ ਸਨ। ਨਵੇਂ ਬਣੇ ਚੇਲੇ ਨੇ ਜਦੋਂ ਇਹ ਹਾਲਤ ਵੇਖੀ ਤਾਂ ਉਸ ਨੇ ਗੁਰੂ ਨੂੰ ਅਪਣੇ ਮੋਢੇ ਪਰ ਚੁੱਕ ਲਿਆ। ਉਸ ਨੂੰ ਡਰ ਲੱਗਦਾ ਸੀ ਕਿ ਕੋਈ ਘਰਦਾ ਪਿਛੇ ਨਾ ਆ ਰਿਹਾ ਹੋਵੇ। ਰਾਤ ਦਾ ਹਨੇਰਾ ਛਾ ਗਿਆ। ਉਹ ਜਲਦੀ ਜਲਦੀ ਅਪਣੇ ਠਿਕਾਣੇ ਪਰ ਪਹੁੰਚਣਾ ਚਾਹੁੰਦੇ ਸਨ। ਇਸ ਕਾਰਨ ਅਚਾਰਿਆ ਦੇ ਮੋਢੇ ਕਸ਼ਟ ਕਾਰਨ ਦੁੱਖੀ ਹੋ ਰਹੇ ਸਨ। ਉਹਨਾ ਦਾ ਡਰ ਕਾਰਨ ਸੁੱਤਾ ਕਰੋਧ ਫੇਰ ਜਾਗ ਪਿਆ ਉਹਨਾਂ ਨਵੇਂ ਮੁਨੀ ਨੂੰ ਆਖਿਆ ਪਾਪੀ ਤੇਰੇ ਕਾਰਨ ਮੈਨੂੰ ਇਹ ਕਸ਼ਟ ਝੱਲਣਾ ਪੈ ਰਿਹਾ ਹੈ। ਇਹ ਆਖ ਕੇ ਉਹਨਾਂ ਮੁਨੀ ਨੂੰ ਕੁਟਨਾ ਸ਼ੁਰੁ ਕਰ ਦਿਤਾ। ਨਵੇਂ ਮੁਨੀ ਥੋੜੇ ਸਮੇਂ ਲਈ ਵੀ ਦੁੱਖੀ ਨਾ ਹੋਏ ਉਹ ਸ਼ਾਂਤ ਭਾਵ ਨਾਲ ਸਭ ਕੁਝ ਸਹਿਣ ਕਰਦੇ ਰਹੇ। ਉਹ ਸੋਚਦੇ ਕਿ ਇਹ ਮਾਰ ਤਾਂ ਕੁੱਝ ਨਹੀਂ ਹੈ ਮੇਰੇ ਅਚਾਰਿਆ ਨੂੰ ਮੇਰੇ ਕਾਰਨ ਘੋਰ ਕਸ਼ਟ ਉਠਾਉਣਾ ਪੈ ਰਿਹਾ ਹੈ। ਜੇ ਮੈਂ ਇਹਨਾ ਪਾਸ ਨਾ ਆਉਂਦਾ ਹਾਸਾ ਮਜਾਕ ਨਾ ਚੱਲਦਾ, ਤਾਂ ਨਿਸਚੈ ਹੀ ਅਜਿਹਾ ਮੋਕਾ ਨਹੀਂ ਆਉਣਾ ਸੀ। ਗੁਰੂ ਜੋ ਆਖ ਰਹੇ ਹਨ ਉਹ 16 ਆਨੇ ਸੱਚ ਹੈ। ਜਿਸ ਤਰ੍ਹਾਂ ਇਹਨਾਂ ਦੀ ਆਤਮਾ ਨੂੰ ਸ਼ਾਂਤੀ ਮਿਲੇ ਅਤੇ ਮੈਂ ਇਹਨਾਂ ਦੋਸ਼ਾ ਤੋਂ ਮੁਕਤ ਹੋ ਸਕਾਂ ਇਸ ਪ੍ਰਕਾਰ ਦੀਆਂ ਗੱਲਾ ਵਿਚਾਰਦੇ ਵਿਚਾਰਦੇ ਮੁਨੀ ਸਪਕਸ਼੍ਰੇਣੀ ਨੂੰ ਪ੍ਰਾਪਤ ਹੋਏ ਅਤੇ ਉਹਨਾਂ ਨੂੰ ਅੰਧੇਰਾ ਮਿਟਾਉਣ ਵਾਲ ਕੇਵਲ

ਗਿਆਨ ਪ੍ਰਾਪਤ ਹੋਇਆ। ਕੇਵਲ ਗਿਆਨ ਹੋਣ ਸਾਰ ਹੀ ਉਹਨਾਂ ਨੂੰ ਹਨੇਰੇ ਦੀ ਥਾਂ ਤੇ ਚਾਨਣ ਵਿਖਾਈ ਦੇਣ ਲੱਗ। ਉਹ ਪ੍ਰਕਾਸ਼ ਕਾਰਨ ਸਿੱਧਾ ਚੱਲਣ ਲੱਗੇ। ਗੁਰੂ ਨੇ ਸੋਚਿਆ ਕਿ ਸਾਇਦ ਇਹ ਮੇਰੀ ਝਿੜਕ ਕਾਰਨ ਸਿੱਧਾ ਚੱਲ ਰਿਹਾ ਹੈ। ਗੁਰੂ ਨੇ ਸਿੱਧਾ ਚੱਲਣ ਦਾ ਕਾਰਨ ਪੁਛਿਆਂ ਤਾਂ ਨਵੇਂ ਬਣੇ ਚੇਲੇ ਨੇ ਆਖਿਆ, "ਇਹ ਸਭ ਆਪ ਦੀ ਕ੍ਰਿਪਾ ਨਾਲ ਹੋਇਆ ਹੈ"।

ਗੁਰੂ ਨੇ ਪੁੱਛਿਆ, "ਤੈਨੂੰ ਕੇਵਲ ਗਿਆਨ ਪ੍ਰਾਪਤ ਹੋ ਗਿਆ ਹੈ?" ਚੇਲੇ ਨੇ ਉੱਤਰ ਦਿਤਾ, ਮਹਾਰਾਜ! ਸਭ ਆਪ ਦੀ ਕ੍ਰਿਪਾ ਦਾ ਫਲ ਹੈ। ਇਹ ਗੱਲ ਸੁਣਦੇ ਹੀ ਗੁਰੂ ਦਾ ਕਰੋਧ ਦੂਰ ਹੋ ਗਿਆ। ਉਹ ਸੰਭਲੇ ਅਤੇ ਹੇਠਾਂ ਉਤਰ ਕੇ ਕੇਵਲੀ ਤੋਂ ਮੁਆਫੀ ਮੰਗਣ ਲੱਗੇ। ਗੁਰੂ ਨੂੰ ਅਪਣੇ ਕੀਤੇ ਤੇ ਪਛਤਾਵਾ ਹੋਇਆ। ਇਸ ਪ੍ਰਕਾਰ ਸੁਭ ਧਿਆਨ ਕਰਦੇ ਹੋਏ ਗੁਰੂ ਨੂੰ ਵੀ ਕੇਵਲ ਗਿਆਨ ਪ੍ਰਾਪਤ ਹੋ ਗਿਆ। ਇਹ ਸਭ ਸ਼ੁਭ ਭਾਵਾਂ ਦਾ ਹੀ ਸਿੱਟਾ ਹੈ। ਜਿਸ ਕਾਰਨ ਜੀਵ ਆਤਮਾ ਪ੍ਰਮਾਤਮ ਅਵਸਥਾ ਨੂੰ ਪ੍ਰਾਪਤ ਹੁੰਦੀ ਹੈ।